# ਫਲਗੁਣਿ

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥**
**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥**
**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥**
**ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥**
**ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥**
**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥**
**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥**
**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥**
**ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥**

**ਪੰਨਾ - 136**

ਫੱਗਣ ਮਹੀਨੇ ਦੇ ਪ੍ਰਥਾਇ ਗੁਰੂ ਮਹਾਰਾਜ ਜੀ ਉਪਦੇਸ਼ ਕਰਦੇ ਹੋਏ ਸਾਨੂੰ ਆਦੇਸ਼ ਬਖਸ਼ਿਸ਼ ਕਰਦੇ ਹਨ ਕਿ ਮਹਾਂਪੁਰਸ਼ਾਂ ਨੂੰ ਮਿਲਕੇ ਪ੍ਰਭੂ ਉਸਤਤੀ ਸਤਿਸੰਗ ਵਿਚ ਜੁੜ ਕੇ ਮਹਾਂ ਰਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਪੁਰਸ਼ਾਂ ਨੂੰ ਅਨੰਦ ਹੀ ਅਨੰਦ ਉਤਪਨ ਹੁੰਦਾ ਹੈ ਅਤੇ ਹਰੀ ਸਜਣ ਪ੍ਰਗਟ ਹੋ ਜਾਂਦਾ ਹੈ। ਜਿਹੜੇ ਪੁਰਸ਼ ਅੰਦਰਲੇ ਰਸਤੇ ਦੇ ਉਤੇ ਚਲਣ ਵਾਸਤੇ ਸੰਤਾਂ ਦੀ ਸਹਾਇਤਾ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਹੀ ਮਹਾਂਪੁਰਸ਼ ਕ੍ਰਿਪਾ ਕਰਕੇ ਪ੍ਰਮੇਸ਼ਰ ਨਾਲ ਮਿਲਾ ਦਿੰਦੇ ਹਨ। ਅੰਤਹ ਕਰਣ ਰੂਪ ਸੇਜਾ ਸੋਭਨੀਕ ਹੋ ਜਾਂਦੀ ਹੈ ਅਤੇ ਦੁਖਾਂ ਵਾਸਤੇ ਕੋਈ ਵੀ ਜਗ੍ਹਾ ਬਾਕੀ ਨਹੀਂ ਰਹਿੰਦੀ ਹੈ। ਵੱਡਿਆਂ ਭਾਗਾਂ ਨਾਲ ਪਤੀ ਰੂਪ ਪ੍ਰਮੇਸ਼ਰ ਹਰੀ ਨੂੰ ਪਾ ਕੇ ਇਛਾਵਾਂ ਦੀ ਪੂਰਤੀ ਹੋ ਜਾਂਦੀ ਹੈ। ਸਰੀਰਕ ਇੰਦਰੀਆਂ ਰੂਪ ਸਖੀਆਂ ਸਹੇਲੀਆਂ ਮਿਲ ਕੇ ਪ੍ਰਭੂ ਦੇ ਮੰਗਲਾਂ ਗੀਤਾਂ ਨੂੰ ਗਾਉਂਦੀਆਂ ਹੋਈਆਂ ਹਰੀ ਜਸ ਕਥਨ ਕਰਦੀਆਂ ਹਨ। ਜਿਸ ਪਵਿੱਤਰ ਅਸਥਾਨ ਉਪਰ ਮਹਾਂਪੁਰਸ਼ ਮਿੱਤਰ ਸਜਣ ਸੰਤ ਸਤਿਸੰਗ ਰਾਹੀਂ ਹਰੀ ਜਸ ਕੀਰਤਨ ਕਰਦੇ ਹਨ ਤੂੰ ਵੀ ਹੇ ਜਗਿਆਸੂ, "ਉਸ ਪਵਿੱਤਰ ਅਸਥਾਨ ਤੇ ਜਾ ਕੇ ਹਾਜਰੀਆਂ ਭਰ ਕੇ ਮਾਣਸ ਜਨਮ ਨੂੰ ਸਫਲਾ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖਦਾ ਹੋਇਆ ਸੇਵਾ ਸਿਮਰਨ ਨਾਲ ਜੁੜ ਕੇ ਲੋਕ ਪ੍ਰਲੋਕ ਨੂੰ ਸੰਵਾਰ ਲੈ।"

ਹਰੀ ਵਰਗਾ ਹੋਰ ਕੋਈ ਨਹੀਂ ਜੋ ਉਸ ਦੀ ਬਰਾਬਰੀ ਕਰ ਸਕੇ। ਲੋਕ ਪ੍ਰਲੋਕ ਸੇਵਾ ਸਿਮਰਨ ਦੇ ਨਾਲ ਸੰਵਾਰ ਲਿਆ ਜਾਂਦਾ ਹੈ ਅਤੇ ਰਹਿਣ ਲਈ ਅਟਲ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਸਾਰ ਸਮੁੰਦਰ ਤੋਂ ਬਚ ਕੇ ਜਨਮ ਮਰਣ ਦੇ ਗੇੜ ਖਤਮ ਜਾਂਦੇ ਹਨ। ਪ੍ਰਮਾਤਮਾ ਦੇ ਗੁਣ ਅਨੇਕਾਂ ਹੀ ਹਨ। ਜੋ ਕਿ ਇੱਕ ਜਿਹਵਾ ਰਾਹੀਂ ਉਸ ਦੇ ਗੁਣ ਕਥਨ ਨਹੀਂ ਕੀਤੇ ਜਾ ਸਕਦੇ ਹਨ। ਜੋ ਵੀ ਪੁਰਸ਼ ਪ੍ਰਭੂ ਗੁਰੂ ਚਰਨੀ ਲਗ ਜਾਂਦੇ ਹਨ ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ। ਫਗਣ ਮਹੀਨੇ ਦੇ ਫੁਰਮਾਨ ਅੰਦਰ ਅਖੀਰ ਵਿੱਚ ਗੁਰੂ ਜੀ ਕਥਨ ਕਰਦੇ ਹਨ। ਕਿ ਉਸ ਪ੍ਰਮਾਤਮਾ ਨੂੰ ਹਮੇਸ਼ਾਂ ਹੀ ਸਲਾਹੁਣਾ ਕਰੋ ਜਿਸ ਨੂੰ ਤਿਲ ਮਾਤਰ ਵੀ ਤਮਾਇ (ਤਮੋ ਗੁਣ) ਨਹੀਂ ਹੈ।

ਉਪਰੋਕਤ ਮਹੀਨੇ ਦੇ ਫੁਰਮਾਨ ਦਾ ਅੰਤਰੀਵ ਭਾਵ ਇਹ ਹੀ ਹੈ ਕਿ ਪ੍ਰਭੂ ਪਿਆਰੇ ਸੰਤ ਜਨਾਂ ਨੂੰ ਮਿਲ ਕੇ ਸਤਿਸੰਗ ਕੀਤਾ ਜਾਵੇ ਜਿਸ ਦਾ ਮਹਾਤਮ ਗੁਰੂ ਜੀ ਫੁਰਮਾਨ ਕਰਦੇ ਹਨ :-

**ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥**

ਵਿਧੀ ਪੂਰਵਕ ਸੰਤ ਜਨਾਂ ਨੂੰ ਮਿਲ ਕੇ ਗੁਰਬਾਣੀ ਸੁਣਨ ਅਤੇ ਗੁਰਬਾਣੀ ਗਾਉਣ ਨਾਲ ਕਰੋੜਾਂ ਹੀ ਜੱਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਕਿਉਂਕਿ ਕਲਜੁਗ ਦੇ ਵਿੱਚ ਇਹ ਹੀ ਸਰੇਸ਼ਟ ਸ਼੍ਰੋਮਣੀ ਗੁਣ ਹੈ :-

**ਕਲਿ ਮਹਿ ਏਹੋ ਪੁੰਨ ਗੁਣ ਗੋਵਿੰਦ ਗਾਹਿ॥**

ਇਸ ਲਈ ਗੁਰੂ ਅਸਥਾਨ ਵਿਖੇ ਜਾ ਕੇ ਰੋਜ਼ਾਨਾ ਜਰੂਰ ਹੀ ਸਤਿਸੰਗ ਵਿੱਚ ਜੁੜਨਾ ਚਾਹੀਦਾ ਹੈ। ਜੇਕਰ ਰੋਜ਼ ਨਹੀਂ ਹਫਤਾ ਵਾਰੀ ਐਤਵਾਰ ਸਤਿਸੰਗ ਵਿੱਚ ਜਰੂਰ ਹੀ ਜਾਣਾ ਚਾਹੀਦਾ ਹੈ। ਜੇਕਰ ਰੋਜ਼ ਜਾਂ ਹਫਤਾਵਾਰੀ ਮਹੀਨੇ ਬਾਅਦ ਹੀ ਸੰਗਰਾਂਦ ਦਿਹਾੜੇ ਸਾਰੇ ਹੀ ਰੁਝੇਵਿਆਂ ਨੂੰ ਛੱਡ ਕੇ ਆਪਣੇ ਇਸਟ ਗੁਰੂ ਦੇ ਦਰਸ਼ਨ ਅਤੇ ਸਤਿਸੰਗ ਜਰੂਰ ਹੀ ਕਰਨਾ ਚਾਹੀਦਾ ਹੈ।

********

# ਸੰਪਾਦਕੀ

ਆਤਮ ਮਾਰਗ ਰਾਹੀਂ ਪੂਰਨ ਤੱਤਵੇਤੇ ਬ੍ਰਹਮ ਬਕਤਾ, ਬ੍ਰਹਮ ਨਿਸ਼ਠਾ, ਬ੍ਰਹਮ ਸਰੋਤਰੀ ਮਹਾਂਪੁਰਸ਼ਾਂ ਦੇ ਗੁਰਮਤਿ ਅਨੁਸਾਰ ਅਨੁਭਵ ਹਰ ਮਹੀਨੇ ਦੇਸ਼ ਵਿਦੇਸ਼ ਦੂਰ-ਦਰਾਜ਼ ਨਿਰੰਤਰ ਹਰ ਮਹੀਨੇ ਪਹੁੰਚ ਰਹੇ ਹਨ। ਇਸ ਮੈਗਜ਼ੀਨ ਦੀ ਵਿਲੱਖਣਤਾ ਹੈ ਕਿ ਨਿਰੋਲ ਰੂਹਾਨੀ, ਸ਼ਰਾ-ਸ਼ਰੀਅਤ ਤੋਂ ਉਪਰ ਮਾਰਫਤ ਦੇ ਪ੍ਰਵਚਨ ਗੁਰਬਾਣੀ ਦੇ ਪ੍ਰਕਾਸ਼ ਵਿੱਚ ਪ੍ਰਕਾਸ਼ਿਤ ਹੁੰਦੇ ਹਨ। ਰਾਗ ਦਵੈਸ਼ ਵਾਲੀਆਂ ਗੱਲਾਂ ਹਉਮੈਂ ਦੇ ਅਧੀਨ ਹੋਣ ਕਾਰਨ ਕਲ੍ਹਾ, ਕਲੇਸ਼ ਪੈਦਾ ਕਰਨ ਵਾਲੀਆਂ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਦੀ ਕੁਸੰਗਤ ਭਰਪੂਰ ਗੰਦੇ ਲਿਟਰੇਚਰ ਨਾਲ ਅੰਤਸ਼ਕਰਣ ਉਪਰ ਮੈਲ ਪੈ ਜਾਂਦੀ ਹੈ। ਅੰਤਸ਼ ਕਰਣ ਮਨ, ਚਿੱਤ, ਬੁੱਧ ਅਤੇ ਅਹੰ ਭਾਵ ਦੇ ਜੋੜ ਨੂੰ ਕਹਿੰਦੇ ਹਨ। ਸਾਰੇ ਹੀ ਸਤਿਪੁਰਸ਼ਾਂ ਦਾ ਸਰਬਸਾਂਝਾ ਉਪਦੇਸ਼ ਅੰਤਸ਼ ਕਰਣ ਦੀ ਮੈਲ ਦੂਰ ਕਰਨ ਵਾਲਾ ਹੁੰਦਾ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਕੁਦਰਤੀ ਸੁਗਾਤਾਂ ਨਾਲ ਭਰਪੂਰ ਚੌਗਿਰਦੇ ਸ਼ੁਧ ਵਾਤਾਵਰਣ ਅੰਦਰ ਤਾਂ ਨਿਰੰਤਰ ਹੀ ਗੁਰਬਾਣੀ ਦਾ ਅਖੰਡ ਪ੍ਰਵਾਹ ਚਲ ਰਿਹਾ ਹੈ। ਹੁਣ ਹੋਰ ਕੋਸ਼ਿਸ਼ਾਂ ਦੇ ਨਾਲ ਇਸ ਦੇ ਆਲੇ ਦੁਆਲੇ ਦੇ ਪੰਜਾਹ ਕਿਲੋ ਮੀਟਰ ਏਰੀਏ ਵਿੱਚ ਨਿਰੰਤਰ 24 ਘੰਟੇ ਮਹਾਂਪੁਰਸ਼ਾਂ ਦੇ ਉਪਦੇਸ਼ ਗੁਰਬਾਣੀ ਕੀਰਤਨ ਆਤਮ ਮਾਰਗ ਚੈਨਲ ਰਾਹੀਂ ਚਲ ਰਹੇ ਹਨ। ਸੇਵਾ ਦੇ ਖੇਤਰ ਵਿੱਚ ਟਰਸਟ ਰਤਵਾੜਾ ਸਾਹਿਬ ਦਾ ਯੋਗਦਾਨ ਆਪਣੀ ਮਿਸਾਲ ਆਪ ਹੈ। ਮਹਾਂਪੁਰਸ਼ਾਂ ਨੇ ਜੋ ਪ੍ਰੰਪਰਾ ਸੜਕਾਂ, ਸਕੂਲਾਂ, ਹਸਪਤਾਲਾਂ, ਗੁਰੂ ਅਸਥਾਨਾਂ ਅਤੇ ਪਵਿਤਰ ਸਰੋਵਰ ਦੀ ਕਾਰਸੇਵਾ ਕਰਨ ਦੀ ਚਲਾਈ ਹੋਈ ਹੈ, ਉਸ ਨੂੰ ਮਹਾਂਪੁਰਸ਼ਾਂ ਦੇ ਪਿਆਰ ਵਾਲੇ ਸਤਿਸੰਗੀ ਟਰਸਟ ਰਤਵਾੜਾ ਸਾਹਿਬ ਰਾਹੀਂ ਅੱਗੇ ਵਧਾ ਰਹੇ ਹਨ। ਗੁਰਸ਼ਬਦ ਲੰਗਰ ਦੇ ਵਿੱਚ ਪਿਆਰ ਵਾਲੇ ਪ੍ਰੇਮੀ ਆਤਮ ਮਾਰਗ ਦੇ ਮੈਂਬਰ ਬਣਾ ਕੇ ਆਪਣਾ ਮਹਾਨ ਯੋਗਦਾਨ ਤਨ, ਮਨ ਅਤੇ ਧਨ ਕਰਕੇ ਪਾ ਰਹੇ ਹਨ। ਪਿਆਰ ਕੁਰਬਾਨੀ ਵਾਲੇ ਸੇਵਕਾਂ ਦੀ ਸੇਵਾ ਕਾਰਣ ਹੀ ਮਹਾਂਪੁਰਸ਼ਾਂ ਦੇ ਅਦਾਰੇ ਚੜ੍ਹਦੀ ਕਲਾ ਵੱਲ ਗੁਰੂ ਬਖਸ਼ਿਸ਼ ਨਾਲ ਜਾ ਰਹੇ ਹਨ। ਅੱਜ ਦੇ ਮੁਕਾਬਲੇ ਭਰਪੂਰ ਸੰਸਾਰ ਅੰਦਰ ਹਰ ਇੱਕ ਦੀ ਦੌੜ ਇਕ ਦੂਜੇ ਤੋਂ ਅੱਗੇ ਲੰਘਣ ਦੀ ਲੱਗੀ ਹੋਈ ਹੈ। ਦੂਜੇ ਨੂੰ ਨੀਵਾਂ ਦਿਖਾ ਕੇ ਆਪ ਉਚਾ ਹੋਣ ਦੀ ਕੋਸ਼ਿਸ਼ ਅੱਜ ਦਾ ਇਨਸਾਨ ਕਰ ਰਿਹਾ ਹੈ। ਮਹਾਂਪੁਰਸ਼ ਸੰਸਾਰ ਦੇ ਵਿੱਚ ਜਿਉਣ ਦੀ ਜੀਵਨ ਜਾਚ ਸਿਖਾਉਂਦੇ ਹਨ। ਉਨ੍ਹਾਂ ਦੀ ਹੀ ਦਰਸਾਈ ਜੁਗਤ ਅਨੁਸਾਰ ਜਿਥੇ ਜਗ੍ਹਾ ਜਗ੍ਹਾ ਵਿਦਿਅਕ ਅਦਾਰੇ ਵਿਦਿਆ ਪ੍ਰਦਾਨ ਕਰਦੇ ਹਨ, ਉਥੇ ਨਾਲ ਹੀ ਰਤਵਾੜਾ ਸਾਹਿਬ ਦੇ ਚੌਗਿਰਦੇ ਵਿੱਚ ਵੀ ਸਕੂਲ ਕਾਲਜ ਚੜ੍ਹਦੀ ਕਲਾ ਵਿੱਚ ਜਾ ਰਹੇ ਹਨ। ਸਿਆਣੇ ਮਾਪੇ ਆਉਣ ਵਾਲੀ ਪਨੀਰੀ ਆਪਣੇ ਬੱਚਿਆਂ ਨੂੰ ਰਤਵਾੜਾ ਸਾਹਿਬ ਵਿਦਿਅਕ ਅਦਾਰਿਆਂ ਵਿੱਚ ਦਾਖਲ ਕਰਾ ਰਹੇ ਹਨ। ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਅਦਾਰਿਆਂ ਦੀ ਇਹ ਵੀ ਵਿਲੱਖਣਤਾ ਹੈ ਕਿ ਇਥੇ ਬੀ ਐਡ ਕਾਲਜ ਖੋਲ੍ਹ ਕੇ ਧਾਰਮਿਕ ਪ੍ਰਵਰਤੀ ਵਾਲੇ ਅਧਿਆਪਕ ਵੀ ਬਣਾਏ ਜਾ ਰਹੇ ਹਨ।

ਇਸ ਮੈਗਜ਼ੀਨ ਵਿੱਚ ਵਿਦਿਅਕ ਅਦਾਰਿਆਂ ਦੀਆਂ ਪ੍ਰਾਪਤੀਆਂ ਦਰਸਾਈਆਂ ਗਈਆਂ ਹਨ। ਮੈਗਜ਼ੀਨ ਦੀ ਸ਼ੁਰੂਆਤ ਫਗਣ ਮਹੀਨੇ ਦੇ ਪ੍ਰਥਾਏ ਗੁਰੂ ਉਪਦੇਸ਼ ਨਾਲ ਸ਼ੁਰੂ ਕੀਤੀ ਗਈ ਹੈ। ਜਿਸ ਤੋਂ ਸਾਨੂੰ ਸਤਿਸੰਗ ਕਰਨ ਦੀ ਪ੍ਰੇਰਨਾ ਹੁੰਦੀ ਹੈ। ਸਤਿਸੰਗ ਅੰਦਰ ਕੇਵਲ ਤੇ ਕੇਵਲ ਨਾਮ ਦੀ ਹੀ ਵਿਆਖਿਆ ਹੁੰਦੀ ਹੈ। ਨਾਮ ਅੱਜ ਤੱਕ ਕਿਸੇ ਵੀ ਗੁਰੂ ਪੀਰ ਅਚਾਰੀਆ ਮਹਾਂਪੁਰਸ਼ ਨੇ ਨਹੀਂ ਦਿੱਤਾ ਹੈ, ਗੁਰੂ ਗੁਰਮੰਤਰ ਦ੍ਰਿੜ ਕਰਵਾ ਕੇ ਨਾਮ ਤੱਕ ਰਸਵਾਈ, ਪਹੁੰਚ ਮਹਾਂਪੁਰਸ਼ ਕਰਵਾਉਂਦੇ ਹਨ। ਸਾਡੇ ਗੁਰੂ ਘਰ ਦੀ ਪ੍ਰੰਪਰਾ ਅਨੁਸਾਰ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜੂਰੀ ਅੰਦਰ ਖੰਡੇ ਬਾਟੇ ਦੀ ਪਹੁਲ ਛਕਾ ਕੇ ਮੂਲਮੰਤਰ ਗੁਰਮੰਤਰ ਦ੍ਰਿੜ ਕਰਵਾਉਂਦੇ ਹਨ। ਗੁਰੂ ਘਰ ਦੇ ਅਨਿੰਨ ਸੇਵਾਦਾਰ ਦੇ ਰੂਪ ਵਿੱਚ ਗੁਰਮੁਖ ਪਿਆਰੇ ਮਹਾਂਪੁਰਸ਼ ਗੁਰਮੰਤਰ ਅਭਿਆਸ ਦੀਆਂ ਜੁਗਤੀਆਂ ਸਤਿਸੰਗ ਵਿੱਚ ਦਰਸਾ ਕੇ ਸਰੀਰ ਰੂਪੀ ਮੰਦਰ ਦੇ ਅੰਦਰ ਨਾਮ ਨਾਲ ਜੋੜਦੇ ਹਨ।

'ਸੰਸਾ ਇਹ ਸੰਸਾਰ ਹੈ' ਦੇ ਸਿਰਲੇਖ ਹੇਠ ਲਿਖਿਆ ਲੇਖ ਮਹਾਂਪੁਰਸ਼ਾਂ ਦੀ ਅਨਮੋਲ ਕਿਰਤ ਹੈ। ਸੰਸਾ ਪੈਦਾ ਹੋਣ ਨਾਲ ਸ਼ਰਧਾ ਖਤਮ ਹੋ ਜਾਂਦੀ ਹੈ। ਪਿਆਰ ਸਤਿਕਾਰ ਸ਼ਰਧਾ ਨਾਲ ਗੁਰੂ ਦੇ ਦਰਸ਼ਨ ਸਤਿਸੰਗ ਕੀਤਿਆਂ ਸ਼ੰਕਾ ਉਤਰ ਜਾਂਦੀ ਹੈ। ਇਸ ਲੇਖ ਵਿੱਚ, ਕਿਹੜੇ ਸ਼ੰਕੇ ਹਨ? ਕਿਵੇਂ ਦੂਰ ਹੁੰਦੇ ਹਨ? ਇਨ੍ਹਾਂ ਦੀ ਨਿਵਰਤੀ ਕਿਵੇਂ ਹੋਣੀ ਹੈ। ਇਸ ਦੇ ਸਾਰੇ ਹੀ ਬਾ-ਦਲੀਲ ਉੱਤਰ ਮਿਲ ਜਾਣਗੇ।

ਅੰਮ੍ਰਿਤਵੇਲੇ ਦੀ ਮਹਾਨਤਾ ਸਾਰੇ ਹੀ ਮਹਾਂਪੁਰਸ਼ਾਂ ਨੇ ਦਰਸਾਈ ਹੈ। ਅੰਮ੍ਰਿਤਵੇਲਾ ਅਜੇਹਾ ਸੁਨਿਹਰੀ ਸਮਾਂ ਹੁੰਦਾ ਹੈ ਜਦੋਂ ਇਨਸਾਨ ਸੌਂ ਕੇ ਉਠਦਾ ਹੈ ਉਸ ਦੀਆਂ ਵਾਸ਼ਨਾਵਾਂ ਸੁਤੀਆਂ ਪਈਆਂ ਹੁੰਦੀਆਂ ਹਨ। ਇਸ ਲਈ ਅੰਮ੍ਰਿਤਵੇਲੇ ਇਕਾਗਰ ਮਨ ਨਾਲ ਜਪਿਆ ਨਾਮ ਫਲੀ ਭੂਤ ਹੁੰਦਾ ਹੈ। ਅਨੁਭਵੀ ਮਹਾਂਪੁਰਸ਼ਾਂ ਨੇ ਸੌਣ ਤੋਂ ਇੱਕ ਘੰਟਾ ਪਹਿਲਾਂ ਅਤੇ ਸੌਂ ਕੇ ਉਠਨ ਤੋਂ ਇੱਕ ਘੰਟਾ ਬਾਅਦ ਦੇ ਸਮੇਂ ਨੂੰ ਬਹੁਤ

ਹੀ ਅਨਮੋਲ ਸਮਾਂ ਦੱਸਿਆ ਹੈ। ਗੁਰਬਾਣੀ ਅੰਦਰ ਵੀ ਉਠਦੇ ਬੈਠਦੇ ਸੌਂਦੇ ਜਾਗਦੇ ਹੋਏ ਗੁਰਮੰਤਰ ਦਾ ਅਭਿਆਸ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਸਮੇਂ-ਸਮੇਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ ਜਗਿਆਸੂਆਂ ਦੀ ਪਰਾਲਬਧ ਅਨੁਸਾਰ ਗੁਰਮਤਿ ਪ੍ਰਕਾਸ਼ ਵਿੱਚ ਆਪਣੇ ਸਰੀਰ ਕਾਲ ਹੁੰਦਿਆਂ ਪ੍ਰਵਚਨ ਕਰਦੇ ਰਹੇ ਹਨ। ਆਸਾ ਜੀ ਦੀ ਵਾਰ ਦਾ ਕੀਰਤਨ ਹੋਣ ਉਪਰੰਤ ਜੋ ਇਕਾਗਰਤਾ ਵਿਚੋਂ ਬਚਨ ਆਏ ਹਨ, ਉਨ੍ਹਾਂ ਹੀ ਪ੍ਰਵਚਨਾਂ ਦਾ ਸੰਗ੍ਰਹਿ ਇਸ ਲੇਖ ਵਿੱਚ ਸਾਨੂੰ ਪ੍ਰਾਪਤ ਹੋਵੇਗਾ।

ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਇਸ ਮਹੀਨੇ ਵਿੱਚ ਆ ਰਿਹਾ ਹੈ। ਭਗਤ ਜੀ ਦਾ ਅਨੋਖਾ ਜੀਵਨ ਮਾਇਆ ਤੋਂ ਰਹਿਤ ਸੀ। ਉਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਦਾ ਦਰਜਾ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਹੈ। ਗੁਰਬਾਣੀ ਪ੍ਰਕਾਸ਼ ਵਿੱਚ ਮਹਾਂਪੁਰਸ਼ਾਂ ਦਾ ਅਨੁਭਵ 'ਤਿਨਿ ਤਿਆਗੀ ਮਾਇਆ' ਸਿਰਲੇਖ ਹੇਠ ਪ੍ਰਗਟ ਹੋਇਆ ਹੈ। ਇਸ ਲੇਖ ਨੂੰ ਪੜ੍ਹ ਕੇ, ਵਿਚਾਰ ਕੇ ਸਾਨੂੰ ਆਪਣੇ ਅੰਦਰ ਸੂਝ-ਬੂਝ ਪੈਦਾ ਕਰਨੀ ਚਾਹੀਦੀ ਹੈ।

"ਮਨ ਮੇਰੇ ਤਿਨ ਕੀ ਓਟ ਲੇਹੁ" ਬਹੁਤ ਹੀ ਪਿਆਰਾ ਲੇਖ ਮਹਾਂਪੁਰਸ਼ਾਂ ਦੇ ਪਿਆਰ ਵਾਲੀ ਬੱਚੀ ਪ੍ਰਭਜੋਤ ਕੌਰ ਦਾ ਲਿਖਿਆ ਹੋਇਆ ਹੈ। ਇਸ ਪਿਆਰੀ ਰੂਹ ਨੂੰ ਬਚਪਨ ਤੋਂ ਹੀ ਮਹਾਂਪੁਰਸ਼ਾਂ ਦੀ ਸੰਗਤ ਅਸ਼ੀਰਵਾਦ ਪ੍ਰਾਪਤ ਹੈ। ਪ੍ਰਭਜੋਤ ਕੌਰ ਜਿਥੇ ਦੁਨਿਆਵੀ ਪੜ੍ਹਾਈ ਵਕਾਲਤ ਦੀ ਕਰਦੀ ਹੈ। ਉਥੇ ਨਾਲ ਹੀ ਹਰ ਸੰਗਰਾਂਦ ਰਤਵਾੜਾ ਸਾਹਿਬ ਆਸਾ ਜੀ ਦੀ ਵਾਰ ਦਾ ਕੀਰਤਨ ਹੋਰ ਬੀਬੀਆਂ ਦੇ ਜਥੇ ਨੂੰ ਨਾਲ ਲੈ ਕੇ ਨਿਰੰਤਰ ਕਰਦੀ ਆ ਰਹੀ ਹੈ। ਘਰਾਂ ਦੇ ਵਿੱਚ ਵੀ ਅੰਮ੍ਰਿਤਵੇਲੇ ਦੀ ਜਾਗ ਲਾਉਣ ਵਾਸਤੇ ਆਸਾ ਜੀ ਦੀ ਵਾਰ ਦੇ ਕੀਰਤਨ ਨਿਰੰਤਰ ਚਲ ਰਹੇ ਹਨ।

'ਸੰਤ ਬਿਮਲਾ ਸਿੰਘ ਜੀ' ਸਿਰਲੇਖ ਹੇਠ ਲੇਖ ਰਸਿਕ ਵੈਰਾਗੀ ਮਹਾਂਪੁਰਸ਼ ਭਾਈ ਵੀਰ ਸਿੰਘ ਜੀ ਦੀ ਅਨਮੋਲ ਕਿਰਤ ਹੈ। ਸੰਤ ਬਿਮਲਾ ਸਿੰਘ ਦੇ ਜੀਵਨ ਨੂੰ ਲੈ ਕੇ ਬਹੁਤ ਹੀ ਸੋਹਣੇ ਅਨੋਖੇ ਢੰਗ ਦੇ ਨਾਲ ਗੁਰਮਤਿ ਅਨੁਸਾਰ ਸੰਤ ਦੀ ਰਹਿਤ ਦਰਸਾਈ ਗਈ ਹੈ। ਅਦਾਰਾ ਆਤਮ ਮਾਰਗ ਭਾਈ ਵੀਰ ਸਿੰਘ ਦੇ ਲੇਖ ਧੰਨਵਾਦ ਸਹਿਤ ਨਿਰੰਤਰ ਪ੍ਰਕਾਸ਼ਿਤ ਕਰਦਾ ਆ ਰਿਹਾ ਹੈ।

"ਕਰਮ ਬੰਧਨ ਤੋਂ ਮੁਕਤੀ" ਸੰਸਾਰ ਸੁ-ਪ੍ਰਸਿੱਧ ਯੋਗੀ ਸਵਾਮੀ ਰਾਮ ਜੀ ਦੀ ਮਹਾਨ ਕਿਰਤ ਹੈ। ਗੁਰ ਅਸਥਾਨ ਰਤਵਾੜਾ ਸਾਹਿਬ, ਸੰਤ ਮਹਾਰਾਜ ਅਤੇ ਪਰਮ ਪੂਜਯ ਬੀਜੀ ਨਾਲ ਉਨ੍ਹਾਂ ਦਾ ਸਨੇਹ ਆਪਣੀ ਮਿਸਾਲ ਆਪ ਸੀ ਸਵਾਮੀ ਜੀ ਕਰਮ ਕਾਂਡ ਤੋਂ ਰਹਿਤ ਸਰਵਸਾਂਝੀ ਸੋਚ ਦੇ ਮਾਲਕ ਮਹਾਨ ਯੋਗੀ ਸਨ। ਜਿਨ੍ਹਾਂ ਕੋਲ ਸਿਧਾਂਤ ਦੀ ਅਣਹੋਂਦ ਹੁੰਦੀ ਹੈ, ਉਹ ਕਰਮਕਾਂਡ ਦੇ ਜੰਜਾਲ ਵਿੱਚ ਫਸ ਕੇ ਰਹਿ ਜਾਂਦੇ ਹਨ। ਸਵਾਮੀ ਜੀ ਦਾ ਇਹ ਲੇਖ ਪੜ੍ਹ ਕੇ ਕਰਮ ਬੰਧਨ ਤੋਂ ਮੁਕਤੀ ਦਾ ਰਾਹ ਪਤਾ ਲਗਦਾ ਹੈ।

"ਯੋਗਾ ਉਪਰ ਲੈਕਚਰ" ਵੀ ਸਵਾਮੀ ਜੀ ਦੇ ਸਮੇਂ ਸਮੇਂ ਕੀਤੇ ਪ੍ਰਵਚਨਾਂ ਦਾ ਹੀ ਸੰਗ੍ਰਹਿ ਹੈ। ਇਨਾਂ ਅਨਮੋਲ ਕਿਰਤਾਂ ਦਾ ਅਨੁਵਾਦ ਮਹਾਂਪੁਰਸ਼ਾਂ ਦੇ ਪਿਆਰ, ਬੈਰਾਗ ਵਿੱਚ ਗੁਰੂ ਘਰ ਦੀ ਅਨਿੰਨ ਮਹਾਨ ਸੇਵਕਾ ਡਾ. ਬੀਬੀ ਤਜਿੰਦਰ ਕੌਰ ਜੀ ਵੱਲੋਂ ਨਿਰੰਤਰ ਕਰ ਕੇ ਮਹਾਨ ਯੋਗਦਾਨ ਪਾਇਆ ਜਾ ਰਿਹਾ ਹੈ। ਯੋਗ ਨਾਮ ਜੁੜਨ ਦਾ ਹੈ। ਗੁਰੂ ਨਾਨਕ ਮਹਾਰਾਜ ਜੀ ਨੇ ਵੀ ਲੰਕਾ ਦੇਸ਼ ਵਿਚ ਸੰਗਲਾ ਦੀਪ ਦੇ ਟਾਪੂ ਰਾਜਾ ਸ਼ਿਵਨਾਭ ਨੂੰ ਕਸਟ ਯੋਗ ਅਤੇ ਭਗਤ ਯੋਗ ਦਾ ਰਸਤਾ ਦਰਸਾਇਆ ਸੀ ਕਿ ਕਿਵੇਂ ਯਮ, ਨੇਮ, ਆਸਣ, ਪਰਿਤਿਹਾਰ, ਪ੍ਰਾਣਾਯਮ, ਧਾਰਨਾ, ਧਿਆਨ ਅਤੇ ਸਮਾਧੀ ਸਿਧ ਕਰਨੇ ਹਨ। ਪਹਿਲੇ ਪੰਜ ਯਮ, ਨੇਮ, ਆਸਣ, ਪਰਿਤਿਹਾਰ, ਅਤੇ ਪ੍ਰਾਣਾਯਮ ਬਹਿਰੰਗ ਸਾਧਨ ਹਨ। ਧਾਰਨਾ, ਧਿਆਨ ਅਤੇ ਸਮਾਧੀ ਅੰਤਰੰਗ ਸਾਧਨ ਹਨ। ਇਹ ਯੋਗ ਦੇ ਅੱਠ ਅੰਗ ਕਰਨ ਨਾਲ ਮਨ ਅਤੇ ਤਨ ਦੀ ਪਵਿੱਤਰਤਾ ਹੋ ਜਾਂਦੀ ਹੈ। ਪ੍ਰਾਣ ਸੰਗਲੀ ਨਾਮ ਦੀ ਪੋਥੀ ਅੰਦਰ ਇਹ ਸਾਰੇ ਅੰਕਿਤ ਹਨ ਪਰੰਤੂ ਇਨ੍ਹਾਂ ਸਾਧਨਾਂ ਨੂੰ ਸੁਯੋਗ ਮਾਸਟਰ ਦੀ ਦੇਖ ਰੇਖ ਹੇਠ ਕਰਨ ਦੀ ਤਾਕੀਦ ਕੀਤੀ ਗਈ ਹੈ। ਗੁਰੂ ਘਰ ਦੇ ਅੰਦਰ ਸਹਿਜ ਯੋਗ ਨੂੰ ਪ੍ਰਮਾਣਤਾ ਦਿਤੀ ਗਈ ਹੈ। ਇਸ ਅਨੁਸਾਰ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਸਵਾਸ ਉਪਰ ਵਾਹਿਗੁਰੂ ਗੁਰਮੰਤਰ ਲੋਡ ਕਰਨਾ ਹੈ। ਸ਼ੁਰੂ ਵਿੱਚ ਅੰਦਰ ਨੂੰ ਸਵਾਸ ਜਾਂਦੇ ਸਮੇਂ ਸਤਿਨਾਮ ਅੰਦਰ ਹੀ ਸੁਣਨਾ ਹੈ ਅਤੇ ਬਾਹਰ ਸਵਾਸ ਜਾਂਦੇ ਹੋਏ ਵਾਹਿਗੁਰੂ ਸੁਣਨਾ ਹੈ। ਇਸ ਤੋਂ ਅੱਗੇ ਅੰਦਰ ਜਾਂਦੇ ਸਵਾਸ ਨਾਲ ਵਾਹਿ ਅਤੇ ਬਾਹਰ ਆਉਂਦੇ ਨਾਲ ਗੁਰੂ ਸੁਣਨਾ ਹੈ। ਇਸ ਦੀਆਂ ਜੁਗਤੀਆਂ 'ਸੁਰਤਿ ਸ਼ਬਦ ਮਾਰਗਿ' ਪੁਸਤਕ ਵਿੱਚ ਅੰਕਿਤ ਹਨ। ਇਸ ਪੁਸਤਕ ਵਿੱਚ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਗੁਰਮਤਿ ਯੋਗ ਦਾ ਉਪਦੇਸ਼ ਪਰਮਸਤਿਕਾਰਯੋਗ ਪੂਜਯ ਮਾਤਾ ਜੀਤੋ ਜੀ ਨੂੰ ਬਖਸ਼ਿਆ ਸੀ ਉਸ ਨੂੰ ਵੇਰਵੇ ਸਹਿਤ ਗੁਰਬਾਣੀ ਅਨੁਸਾਰ ਮਹਾਂਪੁਰਸ਼ਾਂ ਨੇ ਦਰਸਾਇਆ ਹੈ।

ਸਾਰੇ ਹੀ ਆਤਮ ਮਾਰਗ ਦੇ ਲੇਖ ਪੜ੍ਹਨ ਯੋਗ ਹੁੰਦੇ ਹਨ। ਜਿਨ੍ਹਾਂ ਨੂੰ ਪੜ੍ਹਨ ਤੱਕ ਹੀ ਸੀਮਤ ਨਾ ਰੱਖਿਆ ਜਾਵੇ ਇਨ੍ਹਾਂ ਤੋਂ ਆਪਣੇ ਅੰਦਰ ਸੂਝ ਪੈਦਾ ਕੀਤੀ ਜਾਵੇ ਅਤੇ ਜੀਵਨ ਮਨੋਰਥ ਨੂੰ ਬੁਝ ਕੇ ਪੂਰਾ ਪੂਰਾ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨੀ ਚਾਹੀਦੀ ਹੈ।

***********

# ਸੰਸਾ ਇਹੁ ਸੰਸਾਰੁ ਹੈ

*ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ,*

*ਬਾਨੀ ਵਿ.ਗੁ.ਕੁ.ਮਿਸ਼ਨ ਰਤਵਾੜਾ ਸਾਹਿਬ*

ਸ਼ਾਨ-------------।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ।*
*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਦੂਰ ਦਰਾਜ਼ ਤੋਂ ਪੈਦਲ ਤੇ ਸਵਾਰੀਆਂ ਦੇ ਰਾਹੀਂ ਦੁਰਾਲੀ ਨਗਰ ਦੇ ਅੰਦਰ ਸਾਰੇ ਹੀ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਸਸ਼ੋਬਤ ਹੋ। ਸ਼ਬਦ ਆਇਆ ਹੈ 'ਸੰਸੇ' ਦਾ। ਤਿੰਨ ਬੰਦੇ ਸੰਸਾਰ ਦੇ ਅੰਦਰ ਦੁਖੀ ਹੋਇਆ ਕਰਦੇ ਨੇ। ਤਿੰਨ ਬੰਦੇ ਐਸੇ ਨੇ ਜਿਨ੍ਹਾਂ ਦਾ ਦੁਖ ਕੋਈ ਨਵਿਰਤ ਨਹੀਂ ਕਰ ਸਕਦਾ। ਇਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਦੇ ਮਨ ਵਿਚ ਸੰਸਾ ਰਹੇ, ਤਰਕ ਰਹੇ। ਕਿਉਂਕਿ ਸਾਰਾ ਸੰਸਾਰ -

*ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥*
*ਇਕਿ ਆਪਣੈ ਭਾਣੈ ਕਢਿ ਲਇਅਨੁ*
*ਆਪੇ ਲਇਓਨੁ ਮਿਲਾਇ ॥ ਅੰਗ - ੩੬*

ਸੰਸੇ ਦਾ ਬਣਿਆ ਹੋਇਆ ਹੈ। ਦੂਸਰਾ ਦੁਖੀ ਹੋਇਆ ਕਰਦਾ ਹੈ ਅਗਿਆਨੀ ਪੁਰਸ਼। ਤੀਸਰਾ ਹੋਇਆ ਕਰਦਾ ਹੈ ਜੋ ਸ਼ਰਧਾਲੂ ਨਾ ਹੋਵੇ, ਅਸ਼ਰਧਾਲੂ ਹੋਵੇ। ਇਨ੍ਹਾਂ ਤਿੰਨਾਂ ਨੂੰ ਪੰਜ ਕਲੇਸ਼ ਵਾਪਰ ਜਾਂਦੇ ਨੇ ਜਿਨ੍ਹਾਂ ਦਾ ਨਾਮ ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼। ਸੋ ਜਦੋਂ ਤੱਕ ਗੁਰੂ ਦੇ ਦਰਸ਼ਨ ਨਹੀਂ ਹੁੰਦੇ, ਵਾਹਿਗੁਰੂ ਦੇ ਦਰਸ਼ਨ ਨਹੀਂ ਹੁੰਦੇ, ਇਹ ਸੰਸਾ ਨਹੀਂ ਉਤਰਿਆ ਕਰਦਾ। ਸੋ ਇਹ ਕੰਡੀਸ਼ਨ ਲੱਗ ਗਈ ਕਿ ਜਦੋਂ ਤਕ ਗਿਆਨ ਨਹੀਂ ਹੁੰਦਾ, ਸੰਸਾ ਨਹੀਂ ਉਤਰਿਆ ਕਰਦਾ। ਸੰਸਾ ਬਣਿਆ ਰਹਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਵੱਡੇ-ਵੱਡੇ ਯਤਨ ਕੀਤੇ ਜਾਂਦੇ ਨੇ। ਬਾਬਾ ਫਰੀਦ 36 ਸਾਲ ਤਪਸਿਆ ਕਰਦਾ ਰਿਹਾ। ਐਸੀ ਵੀ ਅਵਸਥਾ ਆਈ ਕਿ ਉਸਦਾ ਸਰੀਰ ਸੁੱਕ ਗਿਆ, ਮਾਸ ਕਾਂਵਾਂ ਨੇ ਖਾ ਲਿਆ, ਜਦੋਂ ਅੱਖਾਂ ਨੂੰ ਕਾਂ ਮੁਰਦਾ ਸਮਝ ਕੇ ਖਾਣ ਲੱਗਿਆ, ਤਾਂ ਬਾਬਾ ਜੀ ਨੇ ਤਰਲਾ ਲਿਆ ਕਿ ਐ ਕਾਂ! ਬਾਕੀ ਤਾਂ ਮੇਰਾ ਮਾਸ ਸਾਰਾ ਖਾ ਲਿਆ -

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਅੰਗ - ੧੩੮੨*

ਪਰ ਜੇ ਤੂੰ ਅੱਖਾਂ ਖਾ ਲਈਆਂ ਤਾਂ ਮੈਂ ਦਰਸ਼ਨ ਕਾਹਦੇ ਨਾਲ ਕਰਾਂਗਾ। ਨਾ! ਤੂੰ ਉਡ ਜਾ।

***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***
*ਅੰਗ - ੧੩੮੨*

ਮੇਰੇ ਮਨ ਵਿਚ ਆਸਾ ਹੈ। ਘੋਰ ਤਪਸਿਆ ਕੀਤੀ, 36 ਸਾਲ ਲੰਘ ਗਏ, 12ਈਂ ਸਾਲੀਂ ਮਾਂ ਨੂੰ ਮਿਲਣ ਜਾਂਦਾ ਹੈ, ਪਹਿਲੀ ਤਪੱਸਿਆ ਤੋਂ ਬਾਅਦ ਕਰਾਮਾਤਾਂ ਹੋ ਆਈਆਂ, ਸ਼ਕਤੀਆਂ ਬਣ ਗਈਆਂ, ਰਾਹ ਵਿਚ ਦੇਖਣ ਲੱਗ ਗਿਆ, ਚਿੜੀਆਂ ਦਰਖਤ ਤੇ ਬੈਠੀਆਂ ਨੇ ਕਹਿੰਦਾ ਮਰ ਜਾਓ, ਸਾਰੀਆਂ ਮਰ ਕੇ ਥੱਲੇ ਗਿਰ ਗਈਆਂ। ਕਹਿਣ ਲੱਗਿਆ ਜੀਉਂਦੀਆਂ ਹੋ ਜਾਓ। ਜੀਉਂਦੀਆਂ ਹੋ ਕੇ ਉਡ ਗਈਆਂ, ਬੜਾ ਖੁਸ਼ ਹੋਇਆ। ਮਾਂ ਦੇ ਪਾਸ ਗਿਆ, ਮਾਂ ਕਹਿਣ ਲੱਗੀ ਇਹ ਤਾਂ ਕੁਛ ਵੀ ਨਹੀਂ, ਤੂੰ ਤਾਂ ਰਿੱਧੀ ਸਿੱਧੀ ਵਿਚ ਹੈਂ ਅਜੇ ਤਾਂ। ਅਜੇ ਕੋਈ ਗੱਲ ਨਹੀਂ ਬਣੀ, ਫਰੀਦਾ ਅਜੇ ਬੜੀ ਦੂਰ ਹੈ ਉਹ ਮੰਜ਼ਲ, ਜਿਸ ਮੰਜ਼ਲ ਵਲ ਮੈਂ ਇਸ਼ਾਰਾ ਕਰਦੀ ਹਾਂ। ਦੁਬਾਰਾ ਜਾਂਦਾ ਹੈ, ਘੋਰ ਤਪਸਿਆ ਕਰਦਾ ਹੈ, ਕਦੇ ਖੂਹ ਵਿਚ ਲਟਕਦਾ ਹੈ ਪੁੱਠਾ ਹੋ ਕੇ, ਕਦੇ ਭੁੱਖਾ ਰਹਿੰਦਾ ਹੈ। ਲੇਕਿਨ ਫੇਰ ਵੀ ਕੁਛ ਨਾ ਬਣਿਆ। ਤੀਸਰੀ ਵਾਰੀ ਜਦੋਂ ਫੇਰ ਤਪਸਿਆ ਕਰਦਾ ਹੈ ਤਾਂ ਆਵਾਜ਼ ਆਉਂਦੀ ਹੈ। ਫਰੀਦਾ! ਰੱਬ ਨੂੰ ਮਿਲਣਾ ਹੈਂ? ਕਹਿੰਦਾ ਹਾਂ, ਤਰਲੇ ਲੈ ਰਿਹਾ ਹਾਂ। ਕਹਿੰਦੇ, ਐਉਂ ਤਾਂ ਨਹੀਂ ਮਿਲਣਾ। ਜਿਹਨੂੰ ਮਿਲਣਾ ਹੋਵੇ ਉਹਦੀ ਪਛਾਣ ਹੋਣੀ ਚਾਹੀਦੀ ਹੈ ਕਿ ਕਿਹੋ ਜਿਹਾ ਹੈ, ਕਿੱਥੇ ਰਹਿੰਦਾ ਹੈ।

ਚੰਡੀਗੜ੍ਹ 'ਚ ਤੁਸੀਂ ਕਿਸੇ ਨੂੰ ਮਿਲਣਾ ਹੈ। ਸਭ ਤੋਂ ਪਹਿਲਾਂ ਉਸ ਬੰਦੇ ਦਾ ਨਾਉਂ, ਉਹਦੀ ਜਾਣ ਪਛਾਣ ਕਿ ਕਿਹੋ ਜਿਹਾ ਬੰਦਾ, ਕਿਹੋ ਜਿਹਾ ਹੁਲੀਆ ਹੈ, ਕੋਈ ਫੋਟੋ ਹੋਵੇ, ਕੋਈ ਹੋਰ ਕਿਸੇ ਥਾਂ ਤੇ ਦੇਖਿਆ ਹੋਵੇ, ਉਸ ਤੋਂ ਬਾਅਦ ਉਹਦੀ ਕੋਠੀ ਦਾ ਨੰਬਰ, ਸੈਕਟਰ ਦਾ ਨੰਬਰ ਤੇ ਫੇਰ ਕਿਤੇ ਜਾ ਕੇ ਆਦਮੀ ਮਿਲਦਾ ਹੈ, ਜੇ ਅਤਾ ਪਤਾ ਨਹੀਂ ਤਾਂ ਮਿਲਦਾ ਨਹੀਂ।

ਕਹਿਣ ਲੱਗੇ, ਕਾਹਨੂੰ ਖੇਚਲ ਝਲਦਾ ਹੈਂ, 36 ਸਾਲ ਲੰਘ ਗਏ, ਪਹਿਲਾਂ ਰੱਬ ਦੀ ਪਛਾਣ ਤਾਂ ਕਰ ਕਿ ਉਹ ਰਹਿੰਦਾ ਕਿੱਥੇ ਹੈ। ਜਿਥੇ ਰਹਿੰਦਾ ਹੈ, ਉਥੇ ਜਾ ਕੇ ਦਸਤਕ ਦੇਹ। ਦਰਵਾਜ਼ਾ ਖੜਕਾ ਉਹ ਖੋਲ੍ਹ ਦਏਗਾ। ਜਿਥੇ ਰਹਿੰਦਾ ਹੈ ਵਾਹਿਗੁਰੂ ਉਹਦਾ ਪਹਿਲਾਂ ਪਤਾ ਕਰੋ ਕਿ ਵਾਹਿਗੁਰੂ ਰਹਿੰਦਾ ਕਿੱਥੇ ਹੈ? ਕਹਿਣ ਲੱਗੇ –

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ – ੧੩੭੮*

ਕਾਹਨੂੰ ਜੰਗਲਾ ਵਿਚ ਖੋਜਦਾ ਫਿਰਦਾ ਹੈ, ਪਹਿਲਾਂ ਇਹ ਜਾਣ ਲੈ ਕਿ ਉਹ ਮਿਲਦਾ ਕਿਵੇਂ ਹੈਂ? ਫੇਰ ਇਹ ਜਾਣ ਲੈ ਕਿ ਸੁਖਾਲੇ ਤੋਂ ਸੁਖਾਲਾ ਤਰੀਕਾ ਕੀ ਹੈ?

ਆਪਾਂ ਅਮਰੀਕਾ ਨੂੰ ਜਾਣਾ ਹੋਵੇ, ਜੇ ਪੈਦਲ ਚੱਲੀਏ, ਅੱਧੀ ਉਮਰ ਲੰਘ ਜਾਏਗੀ, ਬਾਰ੍ਹਾਂ ਹਜ਼ਾਰ ਮੀਲ, ਵੀਹ ਹਜ਼ਾਰ ਮੀਲ ਤੱਕ ਫੈਲੀ ਹੋਈ ਹੈ, ਪੈਦਲ ਜਾਂਦਾ ਆਦਮੀ ਬੀਮਾਰੀਆਂ, ਕਿੰਨੀਆਂ ਦਿੱਕਤਾਂ, ਕਿੰਨਾ ਔਖਾ ਹੁੰਦਾ ਹੈ। ਫੇਰ ਕਿਸੇ ਜੇ ਤੇਜ਼ ਸਵਾਰੀ ਤੇ ਜਾਵੇ ਫੇਰ ਵੀ ਬੜੀ ਦੇਰ ਲਗਦੀ ਹੈ। ਉਸ ਤੋਂ ਵੀ ਤੇਜ਼ ਸਵਾਰੀ ਹੋਵੇ ਧਰਤੀ ਤੇ ਜਾਣ ਵਾਲੀ ਫੇਰ ਵੀ ਬੜੀ ਦੇਰ ਤੇ ਦਿੱਕਤਾਂ ਲੱਗਦੀਆਂ ਨੇ, ਸਮੁੰਦਰ ਆਉਂਦੇ ਨੇ, ਰਾਹ ਵਿਚ ਲੰਘ ਨਹੀਂ ਸਕਦਾ। ਪਰ ਜੇ ਹਵਾਈ ਜਹਾਜ਼ ਵਿਚ ਜਾਵੇ ਤਾਂ ਦੇਰ ਘੱਟ ਲਗਦੀ ਹੈ। ਸੋ ਵਾਹਿਗੁਰੂ ਨੂੰ ਮਿਲਣ ਦਾ ਜੋ ਸਭ ਤੋਂ ਸੁਖੈਨ ਤਰੀਕਾ ਮਹਾਂਪੁਰਸ਼ਾਂ ਨੇ ਸੰਸਾਰ ਨੂੰ ਦੱਸਿਆ ਹੈ। ਉਹ ਬਹੁਤ ਸਾਰੇ ਤਰੀਕੇ ਨੇ ਕੋਈ ਤਾਂ ਸਬਦਿ ਸੁਰਤਿ ਯੋਗ ਦੇ ਨਾਲ ਮਿਲਣਾ ਚਾਹੁੰਦਾ ਹੈ। ਸੁਰਤੀ ਨੂੰ ਸ਼ਬਦ ਦੇ ਨਾਲ ਲਾ ਕੇ। ਕੋਈ ਪੁੰਨ ਦਾਨ ਕਰਕੇ ਮਿਲਣਾ ਚਾਹੁੰਦਾ ਹੈ, ਕੋਈ ਤੀਰਥਾਂ ਦੇ ਭ੍ਰਮਣ ਕਰਕੇ ਮਿਲਣ ਦੀ ਆਸ ਲਈ ਬੈਠਾ ਹੈ ਕਿ ਫਲਾਣੇ ਗੁਰਦੁਆਰੇ ਜਾ ਕੇ ਗੁਰੂ ਮਹਾਰਾਜ ਦੇ ਦਰਸ਼ਨ ਹੁੰਦੇ ਨੇ, ਉਥੇ ਚੱਲੀਏ। ਬੜੇ ਨਿਹਚੇ ਨੇ, ਸਾਰਿਆਂ ਦੇ ਨਿਹਚੇ ਨੇ ਕਿ ਹਜ਼ੂਰ ਸਾਹਿਬ ਜਾਈਏ ਉਥੇ ਗੁਰੂ ਮਹਾਰਾਜ ਦੇ ਦਰਸ਼ਨ ਹੋਣਗੇ, ਹੇਮਕੁੰਟ ਸਾਹਿਬ ਜਾਈਏ ਉਥੇ ਗੁਰੂ ਮਹਾਰਾਜ ਦੇ ਦਰਸ਼ਨ ਹੋਣਗੇ। ਸੋ ਇਸ ਤਰ੍ਹਾਂ ਬੇਅੰਤ ਯਤਨ ਕਰਦਾ ਹੈ। ਮਹਾਰਾਜ ਕਹਿੰਦੇ ਨੇ ਇਸ ਤਰ੍ਹਾਂ ਨਾ ਕਰ, ਤੂੰ ਪਹਿਲਾਂ ਉਹਨੂੰ ਜਾਣ ਕਿ ਰਹਿੰਦਾ ਕਿੱਥੇ ਹੈ। ਜਿੱਥੇ ਰਹਿੰਦਾ ਹੈ ਉਥੇ ਹੀ ਟੋਲ੍ਹ। ਉਹ ਕਿਤੇ ਬਾਹਰ ਨਹੀਂ ਰਹਿੰਦਾ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਬਾਹਰ ਕਾਹਨੂੰ ਫਿਰਦੈਂ ਟੋਲ੍ਹਦਾ।*

ਪਤਾ ਲੱਗ ਗਿਆ ਗੁਰੂ ਮਹਾਰਾਜ ਤੋਂ ਕਿ ਉਹ ਬਾਹਰ ਨਹੀਂ ਹੈ ਜਿਸਦੀ ਤਲਾਸ਼ ਕਰਦਾ ਹੈਂ, ਉਹ ਤੇਰੇ ਅੰਦਰ ਹੈ। ਮਹਾਰਾਜ ਕਹਿੰਦੇ ਐਨਾ ਨਿਆਣਾ ਹੈਂ ਤੂੰ –

*ਇਆਨੜੀਏ ਮਾਨੜਾ ਕਾਇ ਕਰੇਹਿ ॥*
*ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥*
*ਅੰਗ – ੭੨੨*

ਬਾਹਰ ਕਿਉਂ ਤੁਰਿਆ ਫਿਰਦਾ ਹੈ, ਪ੍ਰਮੇਸ਼ਰ ਤੇਰੇ ਅੰਦਰ ਹੈ, ਉਹਨੂੰ ਪਿਆਰ ਕਰ, ਪਿਆਰ ਦਾ ਅਨੰਦ ਲੈ।

*ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥*
*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥*
*ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥*
*ਅੰਗ – ੭੨੨*

ਬਾਹਰ ਨਾ ਟੋਲ੍ਹ। ਕਹਿੰਦਾ, ਮਹਾਰਾਜ ਦਿਸਦਾ ਨਹੀਂ ਹੈ। ਦੇਖੀਏ ਕਿਵੇਂ ਅੱਖਾਂ ਤਾਂ ਬਾਹਰ ਨੂੰ ਝਾਕਦੀਆਂ ਨੇ, ਅੰਦਰ ਨੂੰ ਝਾਕਣ ਦੀ ਜਾਚ ਨਹੀਂ ਆਉਂਦੀ। ਮਹਾਰਾਜ ਕਹਿੰਦੇ ਪੜਦਾ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ – ੬੨੪*

ਭੰਬੀਰੀ ਦੇ ਫੰਗ ਜਿੰਨਾ ਪਤਲਾ ਜਿਹਾ, ਜਿਵੇਂ ਕਾਗਜ਼ ਹੁੰਦਾ ਹੈ, ਐਨਾ ਕੁ ਪਰਦਾ ਪੈ ਗਿਆ, ਇਹ ਕੰਧ ਬਣ ਗਈ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ – ੧੨੬੩*

ਕਰਾਰੀ ਕੰਧ ਬਣ ਗਈ ਜਿਹੜੀ ਤੋੜੀ ਨਹੀਂ ਜਾ ਸਕਦੀ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਕੰਧ ਹਉਮੈ ਦੀ ਦਿਸਣ ਨਾ ਦੇਵੇ,*
*ਅੰਦਰ ਤੇਰੇ ਰੱਬ ਵਸਦੈ।*

ਰੱਬ ਬਾਹਰ ਨਹੀਂ ਹੈ ਭਾਈ! ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਚਾਹੇ ਕੋਈ ਵੀ ਜਾਨਵਰ ਹੈ, ਕੁੱਤਾ ਹੈ ਬਿੱਲਾ ਹੈ, ਸਭ ਦੇ ਅੰਦਰ ਉਸ ਦਾ ਵਾਸਾ ਹੈ। ਪਰ ਮਨੁੱਖ ਦੇ ਅੰਦਰ ਇਕ ਬੀਮਾਰੀ ਹੈ ਜਿਸਨੂੰ ਹਉਮੈ ਕਹਿੰਦੇ ਨੇ, ਮੈਂ, ਹੰਗਤਾ, ਮਮਤਾ। ਇਹ ਕੰਧ ਬਣ ਗਈ, ਇਹ ਰੱਬ ਨੂੰ ਨਹੀਂ

ਦਿਸਣ ਦਿੰਦੀ। ਜਦੋਂ ਤੱਕ ਇਹਨੂੰ ਤੋੜਨ ਵਾਲਾ ਨਾ ਹੋਵੇ, ਓਨਾ ਚਿਰ ਪ੍ਰਮੇਸ਼ਰ ਨਹੀਂ ਮਿਲਿਆ ਕਰਦਾ। ਇਹਨੂੰ ਕੋਈ ਹੋਰ ਕੋਈ ਨਹੀਂ ਤੋੜ ਸਕਦਾ, ਪੂਰਾ ਗੁਰੂ, ਸਮਰੱਥ ਗੁਰੂ ਤੋੜਨ ਦੀ ਸਮਰੱਥਾ ਰੱਖਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਹੋਰ ਕੋਈ ਤਰੀਕਾ ਨਹੀਂ ਹੈ।

ਕਹਿੰਦੇ, ਮਹਾਰਾਜ ਜੇ ਚੋਲੇ ਪਾ ਲਈਏ, ਸੰਸਾਰ ਛੱਡ ਦੇਈਏ, ਭਗਵੇ ਕੱਪੜੇ ਪਾ ਲਈਏ, ਚਿੱਟੇ ਕਪੜੇ ਪਾ ਲਈਏ ਜਾਂ ਕਿਸੇ ਹੋਰ ਕਿਸਮ ਦੇ ਕਾਲੇ, ਪੀਲੇ, ਨੀਲੇ ਪਾ ਲਈਏ। ਇਹ ਨਹੀਂ ਰੱਬ ਨੂੰ ਭਾਉਂਦੇ? ਮਹਾਰਾਜ ਕਹਿੰਦੇ, ਚੋਲਾ ਤਾਂ ਤੂੰ ਪਹਿਨਿਆ ਹੋਇਆ ਹੈ ਪੰਜਾਂ ਤੱਤਾਂ ਦਾ। ਇਹਦੇ ਉਤੇ ਦੀ ਹੋਰ ਚੋਲਾ ਪਾ ਕੇ ਕਿਹੜਾ ਤੂੰ ਰਿਝਾ ਲਏਂਗਾ ਰੱਬ ਨੂੰ। ਪੰਜਾਂ ਤੱਤਾਂ ਦਾ ਚੋਲਾ ਹੈ ਜੇ ਇਹਨੂੰ ਪਵਿੱਤਰ ਕਰ ਲਵੇਂ, ਫੇਰ ਇਹ ਪ੍ਰਮੇਸ਼ਰ ਨੂੰ ਭਾਅ ਜਾਇਆ ਕਰਦਾ ਹੈ। ਜੇ ਇਹਦੇ ਅੰਦਰ ਈਰਖਾ, ਨਿੰਦਿਆ, ਚੁਗਲੀ, ਲਾਲਚ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ, ਆਸਾ ਤ੍ਰਿਸਨਾ ਦੀਆਂ ਡੈਣਾਂ, ਆਹ ਚੀਜ਼ਾਂ ਦੇ ਨਾਲ ਜੇ ਮੈਲਾ ਹੋਇਆ ਹੋਇਆ ਹੈ ਫੇਰ ਨਹੀਂ ਭਾਈ, ਫੇਰ ਤਾਂ ਦੁਰਗੰਧ ਆਉਂਦੀ ਹੈ, ਫੇਰ ਨਹੀਂ ਭਾਇਆ ਕਰਦਾ। ਇਹ ਚੋਲਾ ਨਹੀਂ ਪ੍ਰਮੇਸ਼ਰ ਨੂੰ ਭਾਉਂਦਾ ਕਿਉਂਕਿ ਇਹ ਬੜੇ ਮਾੜੇ ਰੰਗ ਦੇ ਵਿਚ ਰੰਗਿਆ ਗਿਆ, ਜੇ ਸੁੰਦਰ ਰੰਗ ਵਿਚ ਰੰਗਿਆ ਹੁੰਦਾ, ਫੇਰ ਇਹ ਭਾਉਣਾ ਸੀ। ਇਹ ਤਾਂ ਮਾਇਆ ਦੇ ਰੰਗ ਵਿਚ ਰੰਗਿਆ ਹੋਇਆ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ - ਤੇਰਾ ਚੋਲਾ ਨਾ ਹਰੀ ਨੂੰ ਭਾਵੇ*
*ਮਾਇਆ ਵਾਲੇ ਰੰਗ ਰੰਗਿਆ।*

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ*
*ਪਿਆਰੇ ਕਿਉ ਧਨ ਸੇਜੈ ਜਾਏ ॥ ਅੰਗ - ੭੨੨*

ਮਾਇਆ ਦਾ ਰੰਗ ਚਾੜ੍ਹ ਲਿਆ ਸਰੀਰ ਨੂੰ। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ। ਅਨੇਕਾਂ ਭੈੜੇ ਰੰਗ ਚਾੜ੍ਹ ਦਿਤੇ, ਬਦਬੂਦਾਰ ਹੋ ਗਿਆ, ਮਰੀਆਂ ਹੋਈਆਂ ਚੀਜ਼ਾਂ, ਬਦਬੂਦਾਰ ਚੀਜ਼ਾਂ ਦੇ ਨਾਲ ਰੰਗ ਲਿਆ। ਹੁਣ ਕੌਣ ਨੇੜੇ ਆਉਣ ਦਿੰਦਾ ਹੈ ਜਿਹਦੇ ਕੱਪੜਿਆਂ ’ਚੋਂ ਬਦਬੂ ਆਵੇ। ਮਹਾਰਾਜ ਕਹਿੰਦੇ, ਪ੍ਰਮੇਸ਼ਰ ਦੇ ਕੋਲ ਨਹੀਂ ਤੂੰ ਜਾ ਸਕਦਾ। ਪਹਿਲਾਂ ਸਿੱਖ ਲੈ ਕਿਸੇ ਤੋਂ, ਪੁੱਛ ਲੈ। ਜਿੰਨਾ ਚਿਰ ਪੁਛਦਾ ਨਹੀਂ ਹੈ, ਓਨਾਂ ਚਿਰ ਗੱਲ ਦੀ ਸਮਝ ਨਹੀਂ ਆਉਣੀ, ਪੁੱਛ ਉਨ੍ਹਾਂ ਨੂੰ ਜਿਨ੍ਹਾਂ ਨੇ ਰੰਗ ਮਾਣ ਲਿਆ, ਜਿਨ੍ਹਾਂ ਨੇ ਦੇਖ ਲਿਆ, ਅੰਦਰ ਝਾਤੀ ਮਾਰ ਲਈ। ਸੋ ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ ਪੁਛੋ ਭਾਈ! ਜਾ ਕੇ। ਸੁਹਾਗਣਾਂ ਨੂੰ ਜਾ ਕੇ ਸਵਾਲ ਕਰੋ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਮੈਨੂੰ ਦੱਸਿਓ ਸੋਹਾਗਣ ਸਈਓ*
*ਕਿਵੇਂ ਤੁਸੀਂ ਰਾਵਿਆ ਰਾਮ ਪਿਆਰਾ।*

ਪੁਛੋ ਜਾ ਕੇ ਗੁਰਮੁਖਾਂ ਨੂੰ। ਜਿੰਨਾਂ ਚਿਰ ਨਹੀਂ ਪੁਛਦੇ, ਤਰੀਕਾ ਨਹੀਂ ਆ ਸਕਿਆ ਕਰਦਾ। ਜੁਗਤ ਹੋਇਆ ਕਰਦੀ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥*
*ਅੰਗ - ੭੨੨*

ਪੁਛੋ ਤਾਂ ਸਹੀ ਜਾ ਕੇ ਕਿ ਰੱਬ ਜਿਹੜਾ ਮਿਲਦਾ ਨਹੀਂ, ਅੰਦਰ ਰਹਿੰਦਾ ਹੈ, ਕੋਲ ਰਹਿੰਦਾ ਹੈ, ਫੇਰ ਨਹੀਂ ਮਿਲਦਾ, ਕਿਹੜਾ ਗੁਣ ਹੈ, ਕਿਹੜਾ ਤਰੀਕਾ ਹੈ ਜਿਹਦੇ ਨਾਲ ਪ੍ਰਮੇਸ਼ਰ ਮਿਲੇ। ਸੋਹਾਗਣੀ ਜਵਾਬ ਦਿੰਦੀ ਹੈ ਕਿ ਦੋ ਚੀਜ਼ਾਂ ਤੇਰੇ ਕੋਲ ਹੋਣੀਆਂ ਚਾਹੀਦੀਆਂ ਨੇ ਇਕ ਤਾਂ ਸ਼ਿੰਗਾਰ ਕਰ ਤੂੰ ਅਦਬ ਦਾ, ਗੁਸਤਾਖੀ ਦਾ ਨਾ ਕਰ। ਕਿਉਂਕਿ ਜਿਸ ਵਕਤ ਗਿਆਨ ਹੁੰਦਾ ਹੈ, ਦੋ ਤਰ੍ਹਾਂ ਦਾ ਗਿਆਨ ਹੈ ਇਹ ਯਥਾਰਥ ਗਿਆਨ ਹੁੰਦਾ ਹੈ, ਇਕ ਵਾਚਕ ਗਿਆਨ ਹੁੰਦਾ ਹੈ। ਵਾਚਕ ਗਿਆਨ ਕਹਿੰਦਾ ਹੈ ਕਿ ਅਹੰ ਬ੍ਰਹਮਅਸਵੀ, ਮੈਂ ਹੀ ਬ੍ਰਹਮ ਹਾਂ, ਸਾਰਾ ਬ੍ਰਹਮ ਹੈ। ਲੇਕਿਨ ਅਦਬ ਨਹੀਂ ਹੈ। ਮਹਾਰਾਜ ਕਹਿੰਦੇ ਅਦਬ ਤੋਂ ਬਿਨਾਂ ਤਾਂ ਤੂੰ ਫੇਲ੍ਹ ਹੋ ਜਾਏਂਗਾ। ਨਿਰਮਲ ਭਾਉ ਨਹੀਂ ਹੈ ਤੇਰੇ ਅੰਦਰ।

*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥*
*ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥*
*ਅੰਗ - ੭੨੨*

ਤੇਰੇ ਅੰਦਰ ਜਦੋਂ ਤੱਕ ਪਿਆਰ ਨਹੀਂ ਪੈਦਾ ਹੁੰਦਾ। ਪਿਆਰ ਦੇ ਸ਼ਿੰਗਾਰ ’ਚ ਨਹੀਂ ਆਉਂਦਾ, ਓਨਾ ਚਿਰ ਪ੍ਰਮੇਸ਼ਰ ਨਹੀਂ ਮਿਲਿਆ ਕਰਦਾ। ਬਾਕੀ ਜਿਹੜੀਆਂ ਨੇ –

*ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥*
*ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥*
*ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥*
*ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥*
*ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥*
*ਅੰਗ - ੭੨੨*

ਲਬ ਦੇ ਵਿਚ, ਕਾਮ ਦੇ ਵਿਚ, ਕ੍ਰੋਧ ਦੇ ਵਿਚ, ਇਨ੍ਹਾਂ ਦੇ ਵਿਚ ਮਤਿਆ ਹੋਇਆ ਫੇਰ ਆਸ ਰੱਖਦਾ ਹੈ ਕਿ ਮੈਨੂੰ ਪ੍ਰਮੇਸ਼ਰ ਮਿਲ ਜਾਏ। ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੋਇਆ ਕਰਦੇ ਸਾਧਸੰਗਤ ਜੀ! ਪ੍ਰਮੇਸ਼ਰ ਉਨ੍ਹਾਂ ਨੂੰ ਮਿਲਦਾ ਹੈ ਜਿਨ੍ਹੰ ਦੇ ਹਿਰਦੇ ਵਿਚ ਪਿਆਰ ਹੋਵੇ। ਉਹਨੂੰ ਜੇ ਕੋਈ ਚੀਜ਼ ਚੰਗੀ ਨਹੀਂ ਲਗਦੀ, ਬਾਕੀ ਸਭ ਨੂੰ ਬਖਸ਼ ਦਿੰਦਾ

ਹੈ, ਲੇਕਿਨ ਇਕ ਚੀਜ਼ ਹੈ ਜਿਹਦਾ ਪ੍ਰਮੇਸ਼ਰ ਦੇ ਨਾਲ ਬੜਾ ਜ਼ਬਰਦਸਤ ਵਿਰੋਧ ਹੈ। ਉਹ ਆਦਮੀ ਦੀ ਹੰਗਤਾ ਹੈ, ਮੈਂ ਜਿਹੜਾ ਕਹਿੰਦਾ ਹੈ। ਮੈਂ ਹੈ ਤਾਂ ਹੈ ਨਹੀਂ, ਲੇਕਿਨ ਪਰਛਾਵਾਂ ਪੈ ਗਿਆ, ਪਰਛਾਵਾਂ ਪੈ ਕੇ ਮੈਂ ਬਣ ਗਿਆ, ਮੈਂ ਬਣ ਕੇ ਅਹੰਕਾਰ ਵਿਚ ਆ ਗਿਆ, ਅਹੰਕਾਰ ਨਹੀਂ ਪ੍ਰਮੇਸ਼ਰ ਨੂੰ ਭਾਉਂਦਾ, ਅਹੰਕਾਰ ਦੇ ਨਾਲ ਵਾਹਿਗੁਰੂ ਨਹੀਂ ਮਿਲਿਆ ਕਰਦਾ ਕਿਉਂਕਿ ਅਹੰਕਾਰ ਕਰਕੇ ਹੀ ਇਹ ਵਾਹਿਗੁਰੂ ਤੋਂ ਵੱਖਰਾ ਹੋਇਆ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਤੇਰਾ ਮਾਣ, ਤੇਰਾ ਮਾਣ, ਤੇਰਾ ਮਾਣ ਜੀ,*
*ਗੁਰਾਂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।*
*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅੰਗ - ੧੦੮੯*

ਸਾਰੇ ਹੀ ਸਾਸ਼ਤਰ, ਚਾਰੇ ਵੇਦ ਇਕ ਗੱਲ ਕਹਿੰਦੇ ਨੇ ਕਿ ਵਾਹਿਗੁਰੂ ਨੂੰ ਮਾਣ ਨਹੀਂ ਭਾਉਂਦਾ। ਲੇਕਿਨ ਮਾਣ ਛੁਟਦਾ ਵੀ ਨਹੀਂ ਹੈ, ਬੜਾ ਪਿਆਰਾ ਲਗਦਾ ਹੈ, ਛੱਡ ਨਹੀਂ ਹੁੰਦਾ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*
*ਅੰਗ - ੧੩੭੨*

ਜਿੱਥੇ ਵੀ 'ਅਹੰਕਾਰਿਆ ਸੋ ਮਾਰਿਆ।' ਬਾਂਸ ਦੀ ਮਿਸਾਲ ਦਿੰਦੇ ਨੇ -

*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*
*ਅੰਗ - ੧੩੬੫*

ਸੋ ਮਾਣ ਜਿਹੜਾ ਹੈ ਇਹ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਜਿਹਨੇ ਵੀ ਮਾਣ ਕਰਿਆ ਹੈ, ਉਹ ਧਰਤੀ ਤੇ ਗਿਰਿਆ ਹੈ।

ਇਕ ਰਾਜਾ ਜਜਾਤੀ ਹੋਇਆ ਹੈ ਸਤਿਜੁਗ ਦੇ ਅੰਦਰ। ਉਹਦਾ ਵਰਗਾ ਕੋਈ ਦਾਨੀ ਨਹੀਂ ਹੋਇਆ। ਉਹ ਯੱਗ ਕਰਿਆ ਕਰਦਾ ਸੀ, ਸਾਰੀ ਦੁਨੀਆਂ ਉਸਨੇ ਫਤਹਿ ਕਰ ਲਈ ਸੀ, ਉਸ ਨੇ ਇਹ ਕਰ ਲਿਆ ਕਿ ਕਮਾਨ ਤੇ ਤੀਰ ਚਿਲ੍ਹੇ ਤੇ ਚੜ੍ਹਾਉਣਾ ਤੇ ਮਾਰਨਾ ਖਿੱਚ ਕੇ ਜਿੱਥੇ ਜਾ ਕੇ ਗਿਰਨਾ, ਉਥੇ ਯੱਗ ਸ਼ੁਰੂ ਕਰ ਦਿੰਦਾ ਸੀ। ਐਨਾ ਉਹਦਾ ਤੇਜ ਪ੍ਰਤਾਪ ਵਧਿਆ, ਏਸ ਧਰਤੀ ਦੇ ਪਲੈਨਟ ਤੋਂ ਤੋਂ ਉਪਰਲੇ ਸਵਰਗ ਲੋਕਾਂ ਤੱਕ ਪਹੁੰਚ ਗਿਆ, ਜਾਂਦੇ-ਜਾਂਦੇ ਜਦੋਂ ਇੰਦਰ ਤੱਕ ਉਸਦਾ ਜਲਾਲ ਪਹੁੰਚਿਆ, ਤੇਜ ਪਹੁੰਚਿਆ, ਇੰਦਰ ਡਰਨ ਲੱਗ ਗਿਆ ਕਿ ਇਹ ਤਾਂ ਬਹੁਤ ਪ੍ਰਤਾਪ ਵਾਲਾ ਬਣ ਗਿਆ, ਕੀ ਕੀਤਾ ਜਾਵੇ, ਮੇਰੀ ਉਮਰ ਜਿਹੜੀ ਹੈ, ਮੈਨੂੰ ਜਿਹੜਾ ਸਮਾਂ ਮਿਲਿਆ ਹੈ ਇੰਦਰ ਦੇ ਤਖਤ ਤੇ ਬੈਠਣ ਦਾ, ਤਿੰਨ ਕਰੋੜ, 56 ਲੱਖ ਸਾਲ ਦਾ ਮਿਲਿਆ ਹੈ, ਹੋਵੇ ਨਾ ਕਿਤੇ ਇਹ ਰਾਜਾ ਮੈਨੂੰ ਆ ਕੇ ਲਾਹ ਨਾ ਦੇਵੇ। ਉਸ ਵੇਲੇ ਦੇਵਤਿਆਂ ਦੇ ਮੁਖੀ ਭਗਵਾਨ ਦੇ ਪਾਸ ਗਿਆ ਜਾ ਕੇ ਕਹਿਣ ਲੱਗਿਆ ਕਿ ਆਹ ਮੈਨੂੰ ਬੜੀ ਚਿੰਤਾ ਹੈ। ਉਹ ਕਹਿਣ ਲੱਗੇ, ਇਕ ਗੱਲ ਤੈਨੂੰ ਦੱਸ ਦਿੰਦੇ ਹਾਂ ਕਿ ਕੋਈ ਬੰਦਾ ਯੱਗ ਕਰਕੇ, ਦਾਨ ਕਰਕੇ, ਤੀਰਥ ਕਰਕੇ ਜੇ ਮਨ ਵਿਚ ਅਭਿਮਾਨ ਕਰ ਲਵੇ ਤਾਂ ਉਹ ਖਤਮ ਹੋ ਜਾਂਦਾ ਹੈ। ਉਹਦੇ ਪੱਲੇ ਨਹੀਂ ਰਹਿੰਦਾ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥*
*ਅੰਗ - ੧੪੨੮*

ਤੂੰ ਜਾਹ, ਜਾ ਕੇ ਉਹਦੀ ਉਸਤਤ ਕਰ। ਇੰਦਰ ਆ ਗਿਆ। ਆ ਕੇ ਕਹਿਣ ਲੱਗਿਆ, ਰਾਜਨ! 3 ਕਰੋੜ 56 ਲੱਖ ਸਾਲ, ਦੀ ਉਮਰ ਹੈ। ਮੇਰੇ ਰਾਜ ਦੇ ਅੰਦਰ ਮਨੁੱਖ ਕਰੋੜਾਂ ਦੇ ਵਿਚ ਦੀ ਲੰਘ ਜਾਂਦੇ ਨੇ, ਰਾਜੇ ਲੰਘ ਜਾਂਦੇ ਨੇ, ਸਾਰੀ ਦੁਨੀਆਂ ਦੇ ਰਾਜੇ ਬਹੁਤ ਹੋਏ ਨੇ ਮੇਰੇ ਸਮੇਂ ਦੇ ਅੰਦਰ, ਪਰ ਤੇਰੇ ਵਰਗਾ ਨਹੀਂ ਜਿਹਨੇ ਐਨੇ ਯੱਗ ਕਰੇ। ਤੇਰਾ ਤਾਂ ਜਸ ਸਵਰਗਾਂ ਦੇ ਵਿਚ ਗਾਇਆ ਜਾਂਦਾ ਹੈ। ਦੇਵ ਲੋਕ ਵਿਚ ਗਾਉਂਦੇ ਨੇ, ਪਿੱਤਰ ਲੋਕ ਵਿਚ ਗਾਉਂਦੇ ਨੇ, ਗੰਧਰਬ ਲੋਕ ਵਿਚ ਗਾਉਂਦੇ ਨੇ, ਦੇਵ ਗੰਧਰਬ ਲੋਕ ਵਿਚ, ਕਰਮ ਦੇਵ ਲੋਕ ਵਿਚ ਸਾਰੇ ਹੀ ਤੇਰਾ ਜਸ ਹੋ ਰਿਹਾ ਹੈ।

ਕਹਿਣ ਲੱਗਿਆ, ਫੇਰ, ਮੈਂ ਪਤਾ ਕਿਵੇਂ ਕਰਿਆ ਹੈ। ਵਡਿਆਈ ਵਿਚ ਆ ਗਿਆ। ਆਪਣੀਆਂ ਹੀ ਗੱਲਾਂ ਮਾਰਨ ਲੱਗ ਗਿਆ। ਜਿਉਂ ਜਿਉਂ ਆਪਣੀਆਂ ਗੱਲਾਂ ਮਾਰੇ ਤਿਉਂ-ਤਿਉਂ ਉਹਦਾ ਤੇਜ ਖਤਮ ਹੁੰਦਾ ਚਲਿਆ ਗਿਆ। ਅਖੀਰ ਖਾਲੀ ਹੋ ਗਿਆ। ਮਹਾਰਾਜ ਕਹਿੰਦੇ -

*ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥*
*ਅੰਗ - ੩੧੨*

ਇਕ ਦੋ ਕਰਮ ਨਹੀਂ, ਕਰੋੜਾਂ ਕਰਮ ਕੋਈ ਕਰ ਲਵੇ, ਸ਼ੁੱਭ ਕਰਮ ਕਰ ਲਏ, ਉਥੇ ਜਾ ਕੇ ਦਾਨ ਦੇ ਆਵੇ, ਕਰੋੜਾਂ ਕਰਮ ਕਰ ਲਵੇ ਤੇ ਉਹਦੇ ਮਨ ਵਿਚ ਇਹ ਖਿਆਲ ਆ ਜਾਵੇ ਕਿ ਮੈਂ ਦਾਨ ਕਰਿਆ ਹੈ। ਮਹਾਰਾਜ ਕਹਿੰਦੇ, ਥਕੇਵਾਂ ਪੱਲੇ ਪੈਂਦਾ ਹੈ ਸਿਰਫ ਉਹਦੇ, ਹੋਰ ਕੁਛ ਨਹੀਂ। ਜੋ ਗੁਰਬਾਣੀ ਦੇ ਅੰਦਰ ਫੁਰਮਾਨ ਨੇ ਸਾਧਸੰਗਤ ਜੀ! ਇਹ ਵਾਹਿਗੁਰੂ ਜੀ ਦਾ ਕਾਨੂੰਨ ਹੈ ਇਹਨੂੰ ਕੋਈ ਬਦਲ ਨਹੀਂ ਸਕਦਾ। ਇਹਦੇ 'ਚ ਅਗਰ ਮਗਰ ਨਹੀਂ ਕੋਈ ਗੱਲ ਹੋ ਸਕਦੀ, ਨਾ ਇਹ ਹੋ ਸਕਦੀ ਹੈ ਕਿ ਭਾਵ ਇਹ ਹੈ। ਕਿਉਂਕਿ ਆਪਣੇ ਵਲੋਂ ਖਿੱਚ ਕੇ ਗੱਲ ਕਰ ਲੈਂਦੇ ਨੇ ਕਈ।

ਸੋ ਮਹਾਰਾਜ ਦਾ ਬੜਾ ਸਾਫ ਫੁਰਮਾਨ ਹੈ -

*ਕੋਟਿ ਕਰਮ ਕਰੈ ਹਉ ਧਾਰੇ ॥*
*ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅੰਗ - ੨੭੮*

ਸਭ ਬਿਰਥੇ ਚਲੇ ਜਾਇਆ ਕਰਦੇ ਨੇ।

*ਅਨਿਕ ਤਪਸਿਆ ਕਰੇ ਅਹੰਕਾਰ ॥*
*ਨਰਕ ਸੁਰਗ ਫਿਰਿ ਫਿਰਿ ਅਵਤਾਰ ॥*
*ਅੰਗ - ੨੭੮*

ਤਪਸਿਆ ਕਰ ਲਈ ਤੇ ਅਭਿਮਾਨੀ ਹੋ ਜਾਵੇ। ਫੇਰ ਕੀ ਹੁੰਦਾ ਹੈ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਸੋ ਏਸੇ ਤਰ੍ਹਾਂ ਕੋਈ ਬੰਦਾ ਅਭਿਮਾਨੀ ਹੋ ਜਾਵੇ, ਪੈਸੇ ਦਾ ਅਭਿਮਾਨ ਹੋ ਜਾਵੇ। ਪੰਜ ਅਭਿਮਾਨ ਸਾਰੇ ਸੰਸਾਰ ਨੂੰ ਤੰਗ ਕਰਦੇ ਨੇ, ਰਾਜ ਹੈ - ਰਾਜਸੀ ਸ਼ਕਤੀ ਪੈਸਾ ਬਹੁਤਾ ਹੋ ਜਾਣਾ, ਵਿਦਿਆ ਬਹੁਤੀ ਹੋ ਜਾਣੀ। ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ ਨੇ। ਇਹ ਉਹਦੇ ਜਪ ਤਪ ਸਾਰੇ ਲੈ ਲੈਂਦੇ ਨੇ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ - ੧੨੮੮*

ਸੋ ਇਸ ਤਰ੍ਹਾਂ ਜਿਸਦੇ ਅੰਦਰ ਅਭਿਮਾਨ ਹੋਵੇ -

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥ ਅੰਗ - ੨੭੮*

ਗਿੱਦੜ ਬਣ ਜਾਂਦਾ ਹੈ। ਅਭਿਮਾਨ ਕੀਤਾ ਰਾਜ ਦਾ -

*ਜੋ ਜਾਨੈ ਮੈ ਜੋਬਨਵੰਤੁ ॥*
*ਸੋ ਹੋਵਤ ਬਿਸਟਾ ਕਾ ਜੰਤੁ ॥ ਅੰਗ - ੨੭੮*

ਸੋ ਇਸ ਤਰ੍ਹਾਂ ਦੇ ਨਾਲ ਜਿਸ-ਜਿਸ ਨੇ ਵੀ ਅਹੰਕਾਰ ਕਰਿਆ ਹੈ ਸੰਸਾਰ ਤੇ ਉਹਦੀ ਹਾਰ ਹੋਈ ਹੈ। ਮਿਸਾਲਾਂ ਦਿੰਦੇ ਨੇ ਮਹਾਰਾਜ ਬਹੁਤ ਸਾਰੀਆਂ ਕਿ -

*ਦੁਰਮਤਿ ਹਰਣਾਖਸੁ ਦੁਰਾਚਾਰੀ ॥*
*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਅੰਗ - ੨੨੪*

ਹਰਨਾਖਸ਼ ਨੂੰ ਅਭਿਮਾਨ ਹੋ ਗਿਆ ਤੇ ਸਾਰੀ ਦੁਨੀਆਂ ਨੂੰ ਪੜ੍ਹਾਈ ਪੜ੍ਹਾਉਣ ਲਗ ਗਿਆ ਕਿ -

ਜਲੇ ਹਰਨਾਖਸ਼, ਥਲੇ ਹਰਨਾਖਸ

ਈਹਾਂ ਹਰਨਾਖਸ਼ ਊਹਾਂ ਹਰਨਾਖਸ਼

ਹਰ ਤਾਂ ਦੇ ਉਤੇ ਹਰਨਾਖਸ਼ ਹੈ, ਰੱਬ ਨਹੀਂ ਕਹਿਣਾ ਤੇ ਰਾਜਾ ਹੀ ਰੱਬ ਹੁੰਦਾ ਹੈ। ਅਭਿਮਾਨ ਹੋ ਗਿਆ ਤੇ ਪ੍ਰਮੇਸ਼ਰ ਦੇ ਨਾਲ ਮੱਥਾ ਲਾ ਗਿਆ। ਕਿਸੇ ਨੂੰ ਨਹੀਂ ਕਹਿਣ ਦਿੰਦਾ। ਲੇਕਿਨ ਪ੍ਰਮੇਸ਼ਰ ਜਿੱਥੇ ਅਭਿਮਾਨ ਹੋਵੇ -

*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥*
*ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ਅੰਗ - ੨੨੪*

ਦੂਸਰੀ ਮਿਸਾਲ ਮਹਾਰਾਜ ਦਿੰਦੇ ਨੇ -

*ਭੂਲੋ ਰਾਵਣੁ ਮੁਗਧੁ ਅਚੇਤਿ ॥*
*ਲੂਟੀ ਲੰਕਾ ਸੀਸ ਸਮੇਤਿ ॥ ਅੰਗ - ੨੨੪*

ਰਾਵਣ ਨੂੰ ਅਹੰਕਾਰ ਹੋ ਗਿਆ। ਲੰਕਾਂ ਵੀ ਲੁੱਟੀ ਗਈ ਤੇ ਸੀਸ ਵੀ ਕੱਟਿਆ ਗਿਆ।

*ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥*
*ਅੰਗ - ੨੨੪*

ਕਿਉਂਕਿ ਪੂਰਾ ਸਤਿਗੁਰੂ ਨਹੀਂ ਸੀ ਉਸਨੂੰ ਮਿਲਿਆ। ਇਸੇ ਤਰ੍ਹਾਂ ਆਪ ਜੀ ਮਿਸਾਲ ਦਿੰਦੇ ਨੇ -

*ਬੂਡਾ ਦੁਰਜੋਧਨੁ ਪਤਿ ਖੋਈ ॥*
*ਰਾਮੁ ਨ ਜਾਨਿਆ ਕਰਤਾ ਸੋਈ ॥*
*ਜਨ ਕਉ ਦੂਖਿ ਪਚੈ ਦੁਖੁ ਹੋਈ ॥ ਅੰਗ - ੨੨੫*

ਦੁਰਜੋਧਨ ਨੂੰ ਅਭਿਮਾਨ ਹੋ ਗਿਆ ਆਪਣੀ ਵੀ ਪੱਤ ਖੋ ਲਈ। ਹਿੰਦੋਸਤਾਨ ਦਾ 45 ਲੱਖ ਬੰਦਾ 18 ਦਿਨਾਂ ਵਿਚ ਕੁਰਕਸ਼ੇਤਰ ਦੇ ਮੈਦਾਨੇ-ਏ-ਜੰਗ ਵਿਚ ਮਾਰਿਆ ਗਿਆ। ਕੇਵਲ ਅਭਿਮਾਨ ਸੀ ਉਸਨੂੰ। ਦ੍ਰੋਪਤੀ ਨੂੰ ਫੜਿਆ ਨਗਨ ਕਰਨ ਦਾ ਉਸ ਨੇ ਹੁਕਮ ਦਿਤਾ। ਐਡਾ ਅਭਿਮਾਨੀ ਸੀ ਉਸਨੂੰ ਇਹ ਨਹੀਂ ਸੀ ਕਿ ਮੇਰੇ ਨਾਲੋਂ ਵੀ ਕੋਈ ਤਾਕਤਵਾਰ ਹੈ। ਮੈਦਾਨ ਵਿਚ ਰੁਲਿਆ। ਕਹਿੰਦੇ -

*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥*
*ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥*
*ਅੰਗ - ੬੯੩*

ਗਿਰਝਾਂ ਨੇ ਵੀ ਦੇਹੀ ਨਾ ਖਾਧੀ ਕਿਉਂਕਿ ਬਜਰ ਬਣੀ ਹੋਈ ਸੀ। ਜਿਥੇ ਪ੍ਰਮੇਸ਼ਰ ਦਾ ਪਿਆਰਾ ਦੁਖਾਇਆ ਜਾਵੇ ਉਥੇ ਦੁਖ ਹੁੰਦਾ ਹੈ।

ਸੋ ਇਸ ਤਰ੍ਹਾਂ ਅਭਿਮਾਨ ਜਿਹੜਾ ਹੈ ਸਾਧਸੰਗਤ ਜੀ, ਇਹ ਛੱਡਣਾ ਬਹੁਤ ਔਖਾ ਹੈ। ਕੋਈ ਬੰਦਾ ਨਹੀਂ ਕਹਿੰਦਾ ਮੈਂ ਮਾੜਾ ਹਾਂ।

ਇਕ ਵਾਰੀ ਮੈਂ ਇੰਗਲੈਂਡ ਵਿਚ ਸੀ। ਕਹਿਣ ਲੱਗੇ ਮਹਾਤਮਾ ਦੇ ਦਰਸ਼ਨ ਕਰਾਈਏ? ਮੈਂ ਕਿਹਾ ਕੋਈ ਗੱਲ ਤਾਂ ਹੈ ਨਹੀਂ, ਮੈਂ ਕਿਹਾ ਜੇ ਕਹਿੰਦੇ ਓ ਤਾਂ ਚੱਲਦੇ ਹਾਂ। ਉਥੇ ਲੈ ਗਏ ਮੈਨੂੰ। ਉਥੇ ਮਹਾਂਪੁਰਸ਼ ਬੈਠੇ ਨੇ। ਪਹਿਲੀਓ ਗੱਲ ਉਨ੍ਹਾਂ ਨੇ ਇਹ ਕਰੀ ਕਿ ਬਈ ਨਾਮਧਾਰੀ ਮਹਿਕਮਾ ਜਿਹੜਾ ਹੈ ਇਹ ਬੜਾ ਮਾੜਾ ਹੈ। ਫੇਰ ਕਹਿਣ ਲੱਗੇ, ਆਹ ਰਾਧਾ ਸੁਆਮੀ ਬੜੇ ਮਾੜੇ ਨੇ। ਪੰਜ ਛੇਆਂ ਦੀ ਗੱਲ ਕਰੀ। ਮੈਂ ਹੁੰਗਾਰਾ ਨਾ ਭਰਿਆ। ਮੈਨੂੰ ਕਹਿਣ ਲੱਗੇ, ਤੁਸੀਂ ਵੀ ਸੁਣਾਓ। ਮੈਂ ਕਿਹਾ ਮਹਾਰਾਜ, ਕੀ ਸੁਣਾਨੀ ਹੈ, ਮਹਾਰਾਜ ਤਾਂ ਐਉਂ ਕਹਿੰਦੇ ਨੇ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*

*ਅੰਗ - ੭੭੮*

ਭਾਈ ਅਸੀਂ ਨਹੀਂ ਚੰਗੇ, ਸੰਸਾਰ ਤੇ ਬੁਰਾ ਕੋਈ ਨਹੀਂ। ਬਾਕੀ ਦੂਜੀ ਗੱਲ ਇਹ ਕਹਿੰਦੇ ਨੇ ਕਿ -

*ਆਪਸ ਕਉ ਜੋ ਭਲਾ ਕਹਾਵੈ ॥*
*ਤਿਸਹਿ ਭਲਾਈ ਨਿਕਟਿ ਨ ਆਵੈ ॥*

*ਅੰਗ - ੨੭੮*

ਨੇੜੇ ਤੇੜੇ ਨਹੀਂ ਭਲਾਈ ਆਉਂਦੀ ਜਿਹੜਾ ਕਹਿੰਦਾ ਹੈ ਕਿ ਮੈਂ ਭਲਾ ਹਾਂ। ਫੁਰਮਾਨ ਹੈ ਕਬੀਰ ਸਾਹਿਬ ਦਾ -

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ - ੧੩੬੪*

ਜੇ ਬੁਰਾ ਸੰਸਾਰ ਵਿਚ ਕੋਈ ਬੰਦਾ ਹੈ ਤਾਂ ਮੈਂ ਹੀ ਹਾਂ। ਮੇਰੇ ਤੋਂ ਸਾਰੇ ਭਲੇ ਨੇ। ਗਿਆਨਵਾਨ ਤਾਂ ਇਸੇ ਤਰ੍ਹਾਂ ਕਹਿੰਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਉਹ ਤਾਂ ਆਪਣੇ ਆਪ ਨੂੰ ਹੀ ਕਹਿੰਦਾ ਹੈ। ਕਹਿੰਦੇ ਜਿਹਨੇ ਇਹ ਗੱਲ ਬੁਝ ਲਈ -

*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ - ੧੩੬੪*

ਉਹ ਸਾਡਾ ਮਿੱਤਰ ਹੈ। ਲੇਕਿਨ ਛੱਡ ਨਹੀਂ ਹੁੰਦਾ। ਆਦਮੀ ਦਾ ਨੁਕਸਾਨ ਹੁੰਦਾ ਹੈ। ਮਾਇਆ ਛੱਡ ਦਿਤੀ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*

*ਅੰਗ - ੧੩੭੨*

ਬੱਚੇ ਛੱਡ ਦਿਤੇ, ਘਰ ਛੱਡ ਦਿਤਾ, ਇਸਤ੍ਰੀ ਛੱਡ ਦਿਤੀ, ਬਾਹਰ ਕਿਸੇ ਥਾਂ ਤੇ ਚਲਿਆ ਗਿਆ ਉਥੇ ਫੇਰ ਮਾਨਤਾ ਹੋਣੀ ਸ਼ੁਰੂ ਹੋ ਗਈ। ਜੇ ਜ਼ਰਾ ਕੁ ਵੀ ਉਹਦੀ ਮਾਨਤਾ 'ਚ ਫਰਕ ਪੈ ਜਾਵੇ, ਉਸੇ ਵੇਲੇ ਨਰਾਜ਼ ਹੋ ਜਾਂਦਾ ਹੈ ਕਿ ਮੇਰਾ ਸਤਿਕਾਰ ਨਹੀਂ ਕਰਿਆ। ਇਹ ਛੱਡਣਾ ਸਾਧਸੰਗਤ ਜੀ, ਸਭ ਤੋਂ ਔਖਾ ਹੈ -

*ਧਾਰਨਾ - ਛੱਡਿਆ ਨਾ ਜਾਵੇ, ਮਾਣ ਲਗਦੈ ਪਿਆਰਾ।*

ਐਸੀ ਮਾੜੀ ਚੀਜ਼ ਹੈ ਮਾਣ, ਇਹਨੂੰ ਨਹੀਂ ਕੋਈ ਛੱਡ ਸਕਦਾ। ਸਾਰੇ ਸੰਸਾਰ ਨੂੰ ਮਾਣ ਰਹਿੰਦਾ ਹੈ ਇਸ ਕਰਕੇ ਵਾਹਿਗੁਰੂ ਨੂੰ ਮਾਣ ਨਹੀਂ ਭਾਉਂਦਾ। ਸਭ ਨੂੰ ਮਾਫ ਕਰ ਦਿੰਦਾ ਹੈ।

ਐਸਾ ਮਹਾਂਪੁਰਸ਼ਾਂ ਦਾ ਵਿਚਾਰ ਹੈ ਕਿ -

*ਲੈਣੇ ਕੋ ਸਤਿ ਨਾਮ ਹੈ, ਦੇਣੇ ਕੋ ਅੰਨ ਦਾਨ।*

ਜੇ ਲੈਣਾ ਹੈ ਕਿਸੇ ਤੋਂ ਤਾਂ ਸਤਿ ਨਾਮ ਲਓ, ਵਾਹਿਗੁਰੂ ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ। ਜੇ ਦੇਣਾ ਹੈ ਤਾਂ ਅੰਨ ਦਾਨ ਸਭ ਤੋਂ ਸ੍ਰੇਸ਼ਟ ਹੋਇਆ ਕਰਦਾ ਹੈ। ਭੁੱਖੇ ਦੀ ਤ੍ਰਿਪਤੀ ਕਰਦਾ ਹੈ -

*ਤਰਨੇ ਕਉ ਹੈ ਦੀਨਤਾ।*

ਜੇ ਤਰਨਾ ਹੈ ਤਾਂ ਨਿਮਰਤਾ ਵਿਚ ਆ ਜਾ, ਆਪਣੇ ਆਪ ਨੂੰ ਨਾ ਕੁਛ ਬਣਾ।

*ਡੂਬਨ ਕਉ ਅਭਿਮਾਨ।*

ਜੇ ਡੁੱਬਣਾ ਹੈ ਤਾਂ ਅਭਿਮਾਨ ਧਾਰਨ ਕਰ ਲੈ।

*ਬਡਾ ਹੂਆ ਤੋ ਕਿਆ ਹੂਆ ਜੈਸੇ ਬਡੀ ਖਜੂਰ*
*ਪੰਥੀ ਕਉ ਛਾਇਆ ਨਾਹੀ, ਫਲ ਲਾਗੈ ਅਤਿ ਦੂਰ।*
*ਉਚੇ ਪਾਣੀ ਨਾ ਟਿਕੇ ਨੀਚੇ ਹੀ ਠਹਿਰਾਇ*
*ਨੀਚਾ ਹੁਇ ਸੁ ਭਰ ਪੀਏ, ਊਚਾ ਪਿਆਸਾ ਜਾਇ।*

ਐਸਾ ਬਾਣੀ ਦੇ ਅੰਦਰ ਫੁਰਮਾਨ ਹੈ -

*ਧਾਰਨਾ - ਗਰਬ ਜਿਨ੍ਹਾਂ ਵਡਿਆਈਆਂ,*
*ਖਾਲੀ ਦੁਨੀਆਂ ਉਤੋਂ ਜਾਣਗੇ।*

ਗੁਰੂ ਮਹਾਰਾਜ ਦੇ ਕੋਲ ਇਕ ਬੱਚਾ ਆਇਆ ਜਿਸਦਾ ਨਾਮ ਜੋਗਾ ਸੀ। ਮਹਾਰਾਜ ਨੇ ਨਾਂ ਪੁੱਛਿਆ ਤਾਂ ਉਸਨੇ ਕਿਹਾ ਕਿ ਜੋਗਾ। ਆਪ ਨੇ ਪੁਛਿਆ ਕਿ ਭਾਈ ਤੂੰ ਕੀਹਦੇ ਜੋਗਾ ਹੈ? ਤਾਂ ਉਸ ਬੱਚੇ ਨੇ ਜਵਾਬ ਦਿਤਾ ਕਿ ਮੈਂ ਗੁਰੂ ਜੋਗਾ ਹਾਂ। ਮਹਾਰਾਜ ਨੇ ਸੰਸਾਰ 'ਚ ਸਭ ਕੋਈ ਇਸਤਰੀ ਜੋਗਾ ਹੈ, ਕੋਈ ਪੁੱਤਰਾਂ ਜੋਗਾ ਹੈ, ਕੋਈ ਜਾਇਦਾਦ ਜੋਗਾ ਹੈ, ਕੋਈ ਨਸ਼ਿਆਂ ਜੋਗਾ ਹੈ, ਕੋਈ ਪੈਸਾ ਕਮਾਉਣ ਜੋਗਾ, ਮਹਾਰਾਜ ਕਹਿੰਦੇ ਮੇਰੇ ਜੋਗਾ ਤਾਂ ਕੋਈ ਬਣਦਾ ਨਹੀਂ ਹੈ। ਕੋਈ ਵਿਰਲਾ ਹੈ ਜਿਹੜਾ ਮੇਰੇ ਜੋਗਾ ਹੋ ਜਾਵੇ ਤੇ ਮੇਰਾ ਬਣ ਕੇ ਰਹੇ। ਕਹਿੰਦੇ ਚੰਗਾ ਫੇਰ ਜੇ ਤੂੰ ਗੁਰੂ ਜੋਗਾ ਤੇ ਗੁਰੂ ਤੇਰੇ ਜੋਗਾ ਹੋਇਆ। ਪੜ੍ਹਨ ਲਾ ਦਿਤਾ। ਵਿਦਿਆ ਵਲ ਖਾਸ ਧਿਆਨ ਮਹਾਰਾਜ ਨੇ ਦਿਤਾ। ਜਵਾਨ ਹੁੰਦਾ ਤੁਰਿਆ ਜਾਂਦਾ ਹੈ, ਸ਼ਸਤਰ ਵਿਦਿਆ ਸਿਖਾ ਦਿਤੀ। ਗੁਰੂ ਗ੍ਰੰਥ ਸਾਹਿਬ ਦੇ ਗੂੜ੍ਹ ਭਾਵ ਸਮਝਾ ਦਿਤੇ। ਬੰਦਗੀ ਦੇ ਵਿਚ ਪੂਰਾ ਕਰ ਦਿਤਾ ਨਾਮ ਜਪਦਾ ਹੈ, ਸੁਰਤੀ ਚੜ੍ਹਦੀ ਹੈ, ਅੰਦਰਲੀਆਂ ਅਵਸਥਾਵਾਂ ਤਹਿ ਕਰਦਾ ਹੈ, ਬੜੀ ਉਚੀ

ਸੁਰਤ ਪਹੁੰਚ ਗਈ। ਗੁਰੂ ਦੇ ਚਰਨਾਂ ਵਿਚ ਹਰ ਵਕਤ ਲੀਨ ਰਹਿੰਦਾ ਹੈ। ਪਿਆਰ ਵਿਚ ਰਹਿੰਦਾ ਹੈ।

ਸੋ ਜਦੋਂ ਜਵਾਨ ਹੋ ਗਿਆ 18 ਸਾਲ ਦਾ ਤਾਂ ਮਾਂ ਬਾਪ ਪੇਸ਼ਾਵਰ ਤੋਂ ਆਏ, ਬੇਨਤੀ ਕੀਤੀ ਕਿ ਮਹਾਰਾਜ ਬੱਚਾ ਜਵਾਨ ਹੋ ਗਿਆ। ਪੜ੍ਹ ਗਿਆ, ਲਿਖ ਗਿਆ ਜੇ ਹੁਣ ਤੁਸੀਂ ਛੁੱਟੀ ਦੇਵੋਂ ਤਾਂ ਇਹਦੀ ਸ਼ਾਦੀ ਕਰ ਦੇਈਏ। ਕਿਉਂਕਿ ਮਹਾਰਾਜ ਨੇ ਸ਼ਾਦੀ ਨੂੰ ਕੁਛ ਕਹਿੰਦੇ ਨੇ, ਨਾ ਹੀ ਨਾ ਕਰਨ ਨੂੰ ਕੁਛ ਕਹਿੰਦੇ ਨੇ। ਐਸੀ ਗੱਲ ਨਹੀਂ ਕਿ ਉਹ ਜ਼ਰੂਰ ਕਹਿੰਦੇ ਨੇ ਕਿ ਸ਼ਾਦੀ ਕਰਾਓ। ਐਸਾ ਵੀ ਨਹੀਂ ਕਹਿੰਦੇ ਕਿ ਨਾ ਕਰਾਓ। ਉਹ ਕਹਿੰਦੇ ਅਸੂਲ ਨੇ, ਜੇ ਤਾਂ ਗ੍ਰਿਹਸਤੀ ਬਣਨਾ ਹੈ, ਜੇ ਤਾਂ ਅਸੂਲਾਂ ਤੇ ਚੱਲੇਂਗਾ, ਜਿਹੜੇ ਗ੍ਰਿਹਸਤ ਦੇ ਅਸੂਲ ਨੇ ਤਾਂ ਤਾਂ ਤੂੰ ਸਭ ਤੋਂ ਉਚਾ ਹੋ ਜਾਏਂਗਾ। ਤੈਨੂੰ ਗ੍ਰਿਹਸਤ ਦੇ ਵਿਚ ਵਾਹਿਗੁਰੂ ਮਿਲ ਜਾਏਗਾ। ਪਰ ਜੇ ਇਹਦੇ ਵਿਪਰੀਤ ਚੱਲੇਂਗਾ ਤਾਂ ਇਹਦੇ ਵਰਗਾ ਨਰਕ ਵੀ ਕੋਈ ਨਹੀਂ। ਦੁਖ ਹੈ ਇਹ ਬਹੁਤ ਭਾਰਾ। ਉਹ ਅਸੂਲ ਕਿਹੜੇ ਨੇ –

*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ – ੯੫੨*

ਗ੍ਰਿਹਸਤੀ ਉਹ ਹੈ ਜਿਹੜਾ ਸਭ ਕੁਛ ਹੁੰਦੇ ਹੋਏ ਆਪਣਾ ਕੁਛ ਨਾ ਸਮਝੇ। ਨਿਰਲੇਪ ਰਹੇ। ਗ੍ਰਹਿਣ ਨਾ ਕਰੇ, ਨਿਗ੍ਰਿਹ ਕਰੇ। ਅੰਮ੍ਰਿਤ ਵੇਲੇ ਜਾਗੇ, ਆਪ ਬਾਣੀ ਪੜ੍ਹੇ, ਪਰਿਵਾਰ ਨੂੰ ਪੜ੍ਹਾਵੇ, ਆਪ ਨਾਮ ਜਪੇ, ਉਨ੍ਹਾਂ ਨੂੰ ਨਾਮ ਜਪਾਵੇ, ਆਪ ਸਤਿਸੰਗ 'ਚ ਜਾਵੇ, ਉਹਨਾਂ ਨੂੰ ਵੀ ਲਾਵੇ। ਸਰੀਰ ਹੀ ਪੁੰਨ ਦਾਨ ਦਾ ਬਣਾ ਲਵੇ। ਉਹ ਗ੍ਰਿਹਸਤੀ ਜਿਹੜਾ ਹੈ ਉਹ ਗੰਗਾ ਦੇ ਨੀਰ ਵਰਗਾ ਹੈ। ਗੰਗਾ ਦੇ ਨੀਰ ਵਰਗਾ ਜਿਹਦਾ ਮਨ ਹੋ ਗਿਆ –

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ – ੧੩੬੭*

ਜਦੋਂ ਸਾਡਾ ਮਨ ਪਵਿੱਤਰ ਹੋ ਗਿਆ, ਮੈਲ ਖਤਮ ਹੋ ਗਈ ਇਹਦੀ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ – ੬੫੧*

ਜਦੋਂ ਮੈਲ ਖਤਮ ਹੋ ਗਈ, ਨਾਮ ਜਪਣ ਦੇ ਨਾਲ, ਫੇਰ ਕਹਿੰਦੇ ਨਿਰਮਲ ਹੋ ਗਿਆ, ਹੁਣ ਕਹਿੰਦੇ ਮੈਂ ਨਹੀਂ ਰਾਮ-ਰਾਮ ਕਹਿੰਦਾ, ਰੱਬ ਹੀ ਕਬੀਰ ਕਬੀਰ ਕਹਿਣ ਲੱਗ ਗਿਆ। ਮੇਰੇ ਪਿੱਛੇ ਲੱਗਿਆ ਫਿਰਦਾ ਹੈ। ਜੇ ਤਾਂ ਗ੍ਰਿਹਸਤੀ ਇਸ ਤਰ੍ਹਾਂ ਹੈ ਫੇਰ ਤਾਂ ਠੀਕ ਹੈ ਭਾਈ। ਨਹੀਂ ਤਾਂ ਫੇਰ ਬਿਹੰਗਮ ਹੋਵੇ।

*ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ*
*ਨਾਹੀ ਤ ਕਰੁ ਬੈਰਾਗੁ ॥*
*ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥*
*ਅੰਗ – ੧੩੭੭*

ਜੇ ਘਰ ਬਾਰ ਛੱਡ ਦਿਤਾ। ਡੇਰੇ ਵਿਚ ਪਰਚ ਗਿਆ, ਸਿੱਖਾਂ ਸੇਵਕਾਂ, ਚੇਲੇ, ਚਾਟੜਿਆਂ 'ਚ ਫਸ ਗਿਆ –

*ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥*
*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥*
*ਅੰਗ – ੧੩੬੯*

ਜੇ ਉਹ ਕਰ ਲਏ ਤਾਂ ਪ੍ਰਮੇਸ਼ਰ ਵਲ ਬਹੁਤਾ ਨਹੀਂ ਧਿਆਨ ਜਾਣਾ, ਉਨ੍ਹਾਂ ਦੇ ਹੀ ਦੁਖ ਸੁਖ ਨਹੀਂ ਮੁਕਣੇ। ਕਹਿੰਦੇ ਚੱਲੇ ਤਾਂ ਸੀ ਵਾਹਿਗੁਰੂ ਨੂੰ ਮਿਲਣ ਵਾਸਤੇ ਵਿਚ ਹੀ ਅਟਕ ਗਿਆ।

ਸੋ ਕਹਿਣ ਲੱਗੇ, ਪ੍ਰੇਮੀਓ! ਅਸੀਂ ਕੁਛ ਨਹੀਂ ਕਹਿੰਦੇ, ਦੋਵੇਂ ਮਤ ਚੰਗੇ ਨੇ। ਬੈਰਾਗੀ ਵੀ ਚੰਗਾ ਹੈ, ਤਿਆਗੀ ਵੀ ਚੰਗਾ ਹੈ ਤੇ ਗ੍ਰਹਿਸਤੀ ਵੀ ਚੰਗਾ ਹੈ। ਗ੍ਰਹਿਸਤ ਵਿਚ ਭੇਜ ਦਿਤਾ। ਤੇ ਕੁਛ ਸ਼ਬਦ ਉਸ ਨੇ ਕਈ ਵਾਰ ਉਸਨੇ ਐਸੇ ਕਹੇ ਜਿਹਦੇ ਵਿਚ ਇਹ ਪਤਾ ਲੱਗਦਾ ਸੀ ਕਿ ਥੋੜ੍ਹਾ ਜਿਹਾ ਮਾਣ ਹੈ ਇਹਦੇ ਵਿਚ। ਇਹ ਨਹੀਂ ਅਜੇ ਮਰਿਆ।

ਜਿਸ ਵਕਤ ਘਰ ਚਲਿਆ ਗਿਆ, ਸਿੱਖ ਨੂੰ ਪਿੱਛੇ ਭੇਜ ਦਿਤਾ ਕਿ ਜਦੋਂ ਦੋ ਲਾਵਾਂ ਪੜ੍ਹ ਲਵੇ, ਉਸ ਵੇਲੇ ਸਾਡਾ ਹੁਕਮਨਾਮਾ ਫੜਾ ਦੇਵੀਂ। ਉਸ ਵੇਲੇ ਹੁਕਮਨਾਮਾ ਫੜਾਇਆ ਤਾਂ ਉਸ ਵਿਚ ਲਿਖਿਆ ਹੋਇਆ ਸੀ ਕਿ ਜੋਗਾ ਸਿੰਘਾ! ਜੇ ਪਾਣੀ ਪੀ ਰਿਹਾ ਹੈਂ ਤਾਂ ਤੁਰ ਕੇ ਪਾਣੀ ਪੀਈਂ, ਜੇ ਰੋਟੀ ਖਾਂਦਾ ਹੈ ਤੁਰਿਆ ਤੁਰਿਆ ਖਾਈਂ, ਜੇ ਜੁੱਤੀ ਦਾ ਇਕ ਪੈਰ ਪਾਇਆ ਹੈ ਤਾਂ ਦੂਸਰੇ ਵਾਸਤੇ ਨੇ ਅਟਕੀਂ ਤੇ ਉਸੇ ਵੇਲੇ ਪੈਰ ਅੱਗੇ ਨੂੰ ਵਧੇ ਪਿਛੇ ਨੂੰ ਨਾ ਜਾਵੇ। ਬੜਾ ਕਰੜਾ ਹੁਕਮ ਸੀ, ਲੇਕਿਨ ਸਿੱਖ ਪਾਸ ਹੋ ਗਿਆ ਉਹਦੇ ਵਿਚ। ਲਾਵਾਂ ਵਿਚਾਲੇ ਛੱਡ ਦਿਤੀਆਂ। ਬਥੇਰਾ ਸਮਝਾਇਆ ਕਿ ਕਹਿਣ ਲੱਗਿਆ, ਨਾ ਮੇਰੇ ਗੁਰੂ ਦਾ ਹੁਕਮ ਹੈ। ਮੈਂ ਆਹ ਗੇੜਾ ਪੂਰਾ ਨਹੀਂ ਕਰਨਾ, ਅਨੰਦਪੁਰ ਸਾਹਿਬ ਐਧਰ ਹੈ ਮੈਂ ਐਧਰ ਨੂੰ ਹੀ ਤੁਰਨਾ ਹੈ। ਪੱਲਾ ਛੱਡ ਦਿਤਾ, ਮੋਢੇ ਤੋਂ ਲਾਹ ਦਿਤਾ, ਦੋ ਲਾਵਾਂ

ਪੜ੍ਹੀਆਂ ਗਈਆਂ, ਦੋ ਵਿਚਾਲੇ ਰਹਿ ਗਈਆਂ, ਬੜੀਆਂ ਸਮਝੌਤੀਆਂ ਦਿਤੀਆਂ ਕਿ ਘੋੜੇ ਤੇ ਚੜ੍ਹਾ ਕੇ ਤੈਨੂੰ ਜਲਦੀ ਤੋਂ ਜਲਦੀ ਪਹੁੰਚਾ ਦੇਵਾਂਗੇ, ਹੁਣ ਪੈਦਲ ਜਾਂਦਾ ਹੈ। ਇਸ ਤੋਂ ਤਾਂ ਤੇਜ਼ ਹੋਵੇਂਗਾ। ਕਹਿੰਦਾ ਨਾ, ਮੇਰੇ ਸਤਿਗੁਰੂ ਦਾ ਹੁਕਮ ਆ ਗਿਆ। ਹੁਕਮ ਮੰਨਦਾ ਹੈ ਗੁਰੂ ਦਾ, ਕਿਉਂਕਿ ਮਨ ਵੇਚਿਆ ਹੋਇਆ ਸੀ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਜੇ ਤਾਂ ਮਨ ਗੁਰੂ ਦੇ ਅਰਪਣ ਕਰ ਦਿਓ, ਫੇਰ ਤਾਂ ਸਾਰੇ ਕਾਰਜ ਰਾਸ। ਜੇ ਮਨ ਆਪਣੇ ਕੋਲ ਬਕਾਇਆ ਰੱਖ ਲਵੇ, ਤਾਂ ਮਨ ਤਾਂ ਧੋਖੇਬਾਜ਼ ਹੈ ਪਤਾ ਨਹੀਂ ਕਿਹੜੇ ਵੇਲੇ ਧੋਖਾ ਦੇ ਜਾਵੇ। ਸੋ ਮੰਜ਼ਲ ਦਰ ਮੰਜ਼ਲ ਤੁਰਿਆ ਆਉਂਦਾ ਹੈ। ਥੋੜ੍ਹਾ-ਥੋੜ੍ਹਾ ਮਨ ਵਿਚ ਖਿਆਲ ਆ ਗਿਆ ਕਿ ਮੇਰੇ ਸਿੱਖ ਕੋਈ ਹੋਰ ਤਾਂ ਹੈ ਨਹੀਂ, ਨਿਗ੍ਹਾ ਮਾਰੀ ਸਾਰੇ ਤੇ ਅੰਦਰ ਜਿਹੜੀ ਲਿਵ ਲੱਗੀ ਹੋਈ ਸੀ, ਉਹ ਟੁੱਟ ਗਈ। ਲਿਵ ਦਾ ਤੇ ਹਉਮੈ ਦਾ ਵੈਰ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਜਾਂ ਤਾਂ ਹਉਮੈ ਰਹੇਗੀ ਜਾਂ ਪ੍ਰਮੇਸ਼ਰ ਦਾ ਨਾਮ ਰਹੇਗਾ। ਦੋਵੇਂ ਨਹੀਂ ਇਕੱਠੇ ਰਹਿ ਸਕਦੇ। ਹੁਣ ਨਸ਼ਾ ਉਤਰਨਾ ਸ਼ੁਰੂ ਹੋ ਗਿਆ, ਹੁਸ਼ਿਆਰਪੁਰ ਆ ਗਿਆ। ਅਖੀਰ ਅਭਿਮਾਨ ਉੱਚਾ ਹੋ ਗਿਆ ਤੇ ਜਿਹੜੀ ਲਿਵ ਸੀ ਉਹ ਥੱਲੇ ਦੱਬ ਗਈ। ਹੁਣ ਮਨ ਨੇ ਉਡਾਰੀ ਮਾਰੀ, ਇਕ ਸ਼ਹਿਰ ਦੀ ਸੈਰ ਕਰਨ ਚਲਿਆ ਗਿਆ। ਇਕ ਬੜੀ ਸੁੰਦਰ ਵੇਸਵਾ ਹਾਰ ਸ਼ਿੰਗਾਰ ਲਾਏ ਹੋਏ, ਉਸ ਨੇ ਬੜੇ ਅਜੀਬ ਤਰੀਕੇ ਦੇ ਨਾਲ ਇਹਦੇ ਵਲ ਦੇਖਿਆ ਤੇ ਦੇਖਦੇ ਹੀ ਸਾਰ ਗੁਰੂ ਭੁੱਲ ਚੁੱਕਿਆ ਸੀ, ਕਾਬੂ ਆ ਗਿਆ ਕਾਮ ਦੇ। ਵਿਚਾਰ ਕਰ ਲਈ, ਘਰ ਚਲਿਆ ਗਿਆ। ਵਸਤਰ ਦੂਸਰੇ ਬਦਲ ਲਏ ਤੇ ਵੇਸਵਾ ਦੇ ਦੁਆਰੇ ਆ ਗਿਆ। ਅੱਗੇ ਪਹਿਰਾ ਲੱਗਿਆ ਹੋਇਆ ਹੈ ਤੇ ਅੰਦਰ ਨਹੀਂ ਜਾਣ ਦਿੰਦੇ। ਫੇਰ ਆਉਂਦੈ, ਫੇਰ ਅੰਦਰ ਨਹੀਂ ਆਉਣ ਦਿੰਦੇ, ਜਦੋਂ ਬਾਰ-ਬਾਰ ਅੰਦਰ ਜਾਂਦਾ ਹੈ ਅੰਮ੍ਰਿਤ ਵੇਲਾ ਹੋ ਗਿਆ, ਉਹ ਕਹਿਣ ਲੱਗੇ ਕਿ ਓ ਤੇਰੀ ਸ਼ਕਲ ਸਿੱਖਾਂ ਵਾਲੀ ਹੈ ਤੇ ਅਸੀਂ ਸੁਣਿਆ ਹੋਇਆ ਹੈ ਕਿ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਕਹਿਣ ਲੱਗੇ, ਤੇਰਾ ਅੰਮ੍ਰਿਤ ਵੇਲਾ ਹੋ ਆਇਆ ਸਿੱਖਾ! ਕਿੱਥੇ ਭੁਲਿਆ ਫਿਰਦਾ ਹੈਂ। ਜਿੱਥੇ ਤੂੰ ਆਇਆ ਹੈਂ-

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥*
*ਅੰਗ - ੬੪੬*

ਇਹ ਤਾਂ ਤੂੰ ਕੁੰਭੀ ਨਰਕ ਦੇ ਟਿਕਟ ਲੈਣ ਵਾਸਤੇ ਤੂੰ ਬਾਰ-ਬਾਰ ਆਉਂਦਾ ਹੈਂ। ਤੂੰ ਸ਼ਕਲ ਤੋਂ ਸਿੱਖ ਲਗਦਾ ਹੈ। ਅੱਖਾਂ ਖੁਲ੍ਹ ਗਈਆਂ। ਜਾਗ ਆ ਗਈ। ਨਸ਼ਾ ਉਤਰ ਗਿਆ ਕਾਮ ਦਾ। ਪਛਤਾਵਾ ਸ਼ੁਰੂ ਹੋ ਗਿਆ। ਹੁਣ ਉਥੋਂ ਰੋਂਦਾ ਹੀ ਤੁਰਿਆ ਆ ਰਿਹਾ ਹੈ, ਗੁਰੂ ਮਹਾਰਾਜ ਵਲ ਨੂੰ। ਬੇਨਤੀਆਂ ਕੀਤੀਆਂ। ਸਤਿਗੁਰੂ ਜੋ ਹੁੰਦਾ ਹੈ ਸਾਧਸੰਗਤ ਜੀ! ਉਹ ਹੁੰਦਾ ਹੈ ਅਭੁੱਲ, ਸਿੱਖ ਹਮੇਸ਼ਾ ਭੁੱਲ ਕਰਦਾ ਹੈ। ਸਿੱਖ ਕਿੱਡੀ ਵੱਡੀ ਗਲਤੀ ਕਰਦਾ ਹੈ, ਅੱਜ ਤੱਕ ਗੁਰੂ ਨੇ ਕਦੇ ਨਹੀਂ ਸਿੱਖ ਨੂੰ ਛੱਡਿਆ। ਜਦੋਂ ਵੀ ਛੱਡਿਆ ਹੈ ਸਿੱਖ ਨੇ ਗੁਰੂ ਨੂੰ ਛੱਡਿਆ ਹੈ।

ਕਿੰਨਿਆਂ ਨੂੰ ਅੰਮ੍ਰਿਤ ਛਕਾ ਕੇ ਗਏ ਸੀ, ਕਿੰਨਿਆਂ ਨੇ ਗੁਰੂ ਦਸ਼ਮੇਸ਼ ਪਿਤਾ ਨੂੰ ਜਵਾਬ ਦੇ ਦਿਤਾ। ਕਾਹਦੇ ਵਾਸਤੇ ਇਕ ਸ਼ਰਾਬ ਪਿਆਰੀ ਕਰ ਲਈ ਤੇ ਗੁਰੂ ਵਲ ਪਿੱਠ ਕਰ ਲਈ। ਸਿੱਖ ਨੇ ਛੱਡ ਦਿਤਾ ਲੇਕਿਨ ਗੁਰੂ ਬਾਹਵਾਂ ਖੁਲ੍ਹੀਆਂ ਰੱਖਦਾ ਹੈ। ਫੇਰ ਉਡੀਕਦਾ ਹੈ ਕਿ ਕਦੇ ਤਾਂ ਭੁੱਲ ਭੁਲਾ ਕੇ ਫੇਰ ਆ ਜਾਏਗਾ। ਕਹਿੰਦੇ ਨੇ ਕਿ ਜੇ ਮਹਾਰਾਜ! ਟੁੱਟ ਜਾਵੇ ਫੇਰ ਕੀ ਹੁੰਦਾ ਹੈ। ਫੇਰ ਆਉਣਾ ਚਾਹੇ ਫੇਰ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਨੇ ਉਹ ਗੱਲ ਤਾਂ ਨਹੀਂ ਬਣਦੀ ਬੈਲਡ ਜ਼ਰੂਰ ਹੋ ਜਾਏਗਾ, ਟਾਂਕਾ ਦਿਸਦਾ ਰਹੇਗਾ। ਪਰ ਗੁਰੂ ਦੇ ਮਨ ਵਿਚ ਕੋਈ ਫਰਕ ਨਹੀਂ ਰਹੇਗਾ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਚਰਨਾਂ ਤੇ ਆ ਕੇ ਢਹਿ ਪਿਆ। ਮਹਾਰਾਜ! ਬਖਸ਼ ਲਓ। ਕਹਿਣ ਲੱਗੇ, ਜੋਗਾ ਸਿੰਘਾ! ਰਾਹ ਵਿਚ ਕੀ ਹੋਇਆ? ਕਹਿੰਦਾ ਸਤਿਗੁਰੂ! ਤੁਸੀਂ ਸਭ ਕੁਝ ਜਾਣਦੇ ਹੋਂ। ਨਰਕ 'ਚ ਗਿਰਨ ਲੱਗਿਆ ਸੀ, ਤੁਸੀਂ ਬਚਾ ਲਿਆ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਇਹ ਹੋ ਕੀ ਗਿਆ, ਭਾਣਾ ਕੀ ਵਰਤਿਆ। ਪਹਿਲਾਂ ਮੈਨੂੰ ਬਚਾ ਲਿਆ ਤੇ ਆਪ ਦਾ

ਹੁਕਮ ਮੰਨਿਆ। ਪਰ ਇਥੇ ਆ ਕੇ ਕੀ ਹੋ ਗਿਆ? ਕਹਿਣ ਲੱਗੇ, ਜੋਗਾ ਸਿੰਘਾ! ਗੱਲ ਐਨੀ ਹੋਈ ਕਿ ਤੇਰੇ ਅੰਦਰੋਂ ਨਾਮ ਭੁੱਲ ਗਿਆ। ਤੇਰੇ ਉਤੇ ਹੌਲੀ-ਹੌਲੀ-ਹੌਲੀ-ਹੌਲੀ ਅਭਿਮਾਨ ਸਵਾਰ ਹੁੰਦਾ ਗਿਆ। ਜਿਥੇ ਅਭਿਮਾਨ ਆ ਜਾਵੇ ਉਥੇ ਨਾਮ ਨਹੀਂ ਹੋਇਆ ਕਰਦਾ। ਹਉਮੈ ਤੇ ਨਾਮ ਦਾ ਵਿਰੋਧ ਹੈ। ਲਿਵ ਟੁੱਟ ਗਈ। ਜਦੋਂ ਲਿਵ ਟੁੱਟ ਗਈ ਤੇ ਗੁਰੂ ਨਾਲੋਂ ਤੇਰੀ ਤਾਰ ਟੁੱਟ ਗਈ। ਉਸ ਵੇਲੇ ਤੂੰ ਗਿਰਿਆ। ਸੋ ਇਹ ਜੋ ਅਭਿਮਾਨ ਹੈ ਇਹ ਨਹੀਂ ਭਾਇਆ ਕਰਦਾ।

ਸਾਧਸੰਗਤ ਜੀ! ਵੱਡੀ ਰੁਕਾਵਟ ਸਭ ਤੋਂ ਜੇ ਕੋਈ ਹੈ ਤਾਂ ਅਭਿਮਾਨ ਦੀ ਹੋਇਆ ਕਰਦੀ ਹੈ। ਸੋ ਮਹਾਰਾਜ ਦਾ ਫੁਰਮਾਨ ਹੈ ਕਿ -

*ਬੂਡਾ ਦੁਰਜੋਧਨੁ ਪਤਿ ਖੋਈ ॥*
*ਰਾਮੁ ਨ ਜਾਨਿਆ ਕਰਤਾ ਸੋਈ ॥*
*ਜਨ ਕਉ ਦੂਖਿ ਪਚੈ ਦੁਖੁ ਹੋਈ ॥ ਅੰਗ - ੨੨੫*

ਦੁਰਜੋਧਨ ਦੀ ਮਿਸਾਲ ਦਿੰਦੇ ਨੇ ਕਿ ਅਭਿਮਾਨੀ ਹੋਇਆ ਹੈ।

ਉਹ ਇਸ ਤਰ੍ਹਾਂ ਦੇ ਨਾਲ ਕਿ ਕੌਰਵ ਤੇ ਪਾਂਡਵ ਦੋ ਭਰਾ ਸੀ। ਇਕ ਦੀ ਔਲਾਦ ਕੌਰਵ ਕਹਾਉਂਦੀ ਸੀ ਤੇ ਇਕ ਦੀ ਪਾਂਡਵ। ਧੋਖੇ ਦੇ ਨਾਲ ਧ੍ਰਿਤਰਾਸ਼ਟਰ ਨੇ ਰਾਜ ਵੱਡੇ ਭਰਾ ਦਾ ਹੱਕ ਸੀ, ਲੇਕਿਨ ਆਪ ਰਾਜਾ ਬਣ ਗਿਆ ਤੇ ਦੁਰਜੋਧਨ ਉਸ ਦਾ ਮੁਖਤਿਆਰ ਬਣ ਗਿਆ। ਝਗੜਾ ਖੜ੍ਹਾ ਹੋ ਗਿਆ। ਬਾਰ੍ਹਾਂ ਸਾਲ ਦਾ ਬਨਵਾਸ ਮਿਲਿਆ ਉਨ੍ਹਾਂ ਨੂੰ। ਤੇਰ੍ਹਵਾਂ ਗੁਪਤ ਵਾਸ ਹੋਏਗਾ। ਜੇ ਪਤਾ ਲੱਗ ਗਿਆ ਮੁੜ ਕੇ ਬਾਰ੍ਹਾਂ ਸਾਲ ਫੇਰ ਕੱਟੋਂਗੇ। ਸੋ ਇਨ੍ਹਾਂ ਨੇ ਇਕ ਸਾਲ ਗੁਪਤ ਕੱਟਿਆ ਤੇ ਜਦੋਂ 12 ਸਾਲ ਦਾ ਬਨਵਾਸ ਕੱਟ ਕੇ ਜਦੋਂ ਦੁਬਾਰਾ ਆਏ ਤਾਂ ਉਸ ਵੇਲੇ ਕਿਹਾ ਕਿ ਅਸੀਂ ਆ ਗਏ, ਸਾਨੂੰ ਕੁਛ ਦੇਹ ਸਾਡਾ ਹੱਕ ਹੈ। ਕਹਿਣ ਲੱਗਿਆ, ਮੈਂ ਨਹੀਂ ਦੇਣਾ। ਅਖੀਰ ਗੱਲ ਚਲਦੀ-ਚਲਦੀ ਪੰਜ ਪਿੰਡਾਂ ਤੇ ਆ ਗਈ ਕਿ ਪੰਜ ਭਰਾ ਨੇ ਇਕ-ਇਕ ਪਿੰਡ ਦੇ ਦੇ। ਲੇਕਿਨ ਉਸ ਨੇ ਦਿੱਤਾ ਨਾ। ਉਸ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਨੂੰ ਵਿਚੋਲਾ ਬਣਾਇਆ ਗਿਆ ਕਿ ਤੁਸੀਂ ਗੱਲ ਨਿਬੇੜੋ। ਕ੍ਰਿਸ਼ਨ ਮਹਾਰਾਜ ਆ ਰਹੇ ਨੇ। ਤਰੀਕ ਦੱਸ ਗਈ ਤਾਂ ਜਦੋਂ ਦੁਰਜੋਧਨ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੇ ਦਰਬਾਰ ਦੇ ਅੰਦਰ ਸਲਾਹ ਕੀਤੀ ਕਹਿਣ ਲੱਗਿਆ, ਦੇਖੋ ਕ੍ਰਿਸ਼ਨ ਆਉਂਦਾ ਹੈ ਤਾਂ ਉਸਨੂੰ ਅਵਤਾਰ ਵੀ ਕਹਿੰਦੇ ਨੇ। 16 ਕਲਾਂ ਸੰਪੂਰਨ, ਦੁਆਪਰ ਜੁਗ ਦਾ ਅਵਤਾਰ। ਉਹਦੇ ਆਉਣ ਤੇ ਉਹਦਾ ਸਤਿਕਾਰ ਕਰਦਾ ਹੈ ਸਾਰਾ ਸੰਸਾਰ। ਮੈਂ ਰਾਜ ਗੱਦੀ ਤੇ ਬੈਠਾ ਹਾਂ, ਇਹ ਨਿਆਂ ਨਹੀਂ ਹੈ ਕਿ ਮੈਂ ਰਾਜ ਗੱਦੀ ਤੇ ਬੈਠਾ ਹੋਵਾਂ ਤੇ ਉਹਦੇ ਆਦਰ ਵਾਸਤੇ ਖੜ੍ਹਾ ਹੋਵਾਂ। ਵਿਉਂਤਾਂ ਬਣਾਈਆਂ ਗਈਆਂ ਕਿ ਐਉਂ ਕਰਿਓ ਕਿ ਮੈਂ ਘੋੜਿਆਂ ਦੇ ਤਬੇਲੇ ਦੇ ਵਿਚ ਚਲਿਆ ਜਾਵਾਂਗਾ, ਜੇ ਤਾਂ ਕ੍ਰਿਸ਼ਨ ਉਥੇ ਆਇਆ ਤਾਂ ਮੈਂ ਵੀ ਖੜ੍ਹਾ ਹੋਵਾਂਗਾ, ਉਹ ਵੀ ਖੜ੍ਹਾ ਹੋਏਗਾ, ਜੇ ਇਥੇ ਆ ਗਿਆ ਤੁਸੀਂ ਬਿਠਾ ਲੈਣਾ। ਜਦੋਂ ਮੈਂ ਆਵਾਂਗਾ ਤੁਸੀਂ ਸਾਰੇ ਖੜ੍ਹੇ ਹੋ ਜਾਣਾ। ਉਹਨੂੰ ਵੀ ਨਾਲ ਖੜ੍ਹੇ ਹੋਣਾ ਪਵੇਗਾ। ਸੋ ਆਹ ਅਭਿਮਾਨ ਦੀ ਗੱਲ ਉਹਦੇ ਮਨ ਵਿਚ ਆਈ। ਦੂਜੇ ਪਾਸੇ ਇਹਦਾ ਹੀ ਜੋ ਭਰਾ ਸੀ ਬਿਦਰ, ਉਹ ਰਾਜ ਅੰਸ 'ਚੋਂ ਪੈਸਾ ਨਹੀਂ ਸੀ ਖਾਂਦਾ ਹੁੰਦਾ, ਮਿਹਨਤ ਕਰਕੇ, ਕਮਾਈ ਕਰਕੇ ਖਾਂਦਾ ਹੁੰਦਾ ਸੀ, ਕਿਉਂਕਿ ਰਾਜ ਅੰਸ ਜਿਹੜਾ ਹੁੰਦਾ ਹੈ ਇਹ ਮਾੜਾ ਧਾਨ ਹੁੰਦਾ ਹੈ। ਉਹ ਬੁੱਧੀ ਦੇ ਉਤੇ ਜਾ ਕੇ ਬੁੱਧੀ ਨੂੰ ਮੈਲ ਨਾਲ ਭਰ ਦਿੰਦਾ ਹੈ।

ਐਸੀ ਸਾਖੀ ਆਉਂਦੀ ਹੈ ਕਿ ਜਿਸ ਵਕਤ ਕੌਰਵਾਂ ਦਾ ਤੇ ਪਾਂਡਵਾਂ ਦਾ ਯੁੱਧ ਹੋਇਆ ਤਾਂ ਉਸ ਵੇਲੇ ਭੀਸ਼ਮ ਪਿਤਾਮਾ ਯੋਗੀ ਸੀ। ਉਸ ਵੇਲੇ ਉਹਨੇ ਦੇਖਿਆ ਕਿ ਸੂਰਜ ਜਿਹੜਾ ਹੈ ਦਖਨੈਇਣ ਵਿਚ ਹੈ। ਜੇ ਦੱਖਣ ਦੇ ਵਿਚ ਸੂਰਜ ਹੋਵੇ, ਪ੍ਰਾਣ ਛੱਡ ਦਿਓ ਤਾਂ ਲੰਮੇ ਰਸਤੇ ਜਾਣਾ ਪੈਂਦਾ ਹੈ ਅਤੇ ਉਤਰਾਇਣ ਵਿਚ ਆਉਣ ਵਿਚ ਅਜੇ ਚਿਰ ਰਹਿੰਦਾ ਸੀ। ਸੋ ਉਸਨੇ ਤੀਰਾਂ ਦੀ ਸੇਜ ਦੇ ਉਤੇ ਆਸਣ ਲਾ ਕੇ ਸਮਾਂ ਕੱਢਣਾ ਸ਼ੁਰੂ ਕੀਤਾ ਤੇ ਰੋਜ਼ ਸਤਿਸੰਗ ਹੁੰਦਾ ਸੀ, ਉਹਦੇ ਪਿਆ ਹੀ ਉਹ ਉਪਦੇਸ਼ ਦਿਆ ਕਰਦਾ ਸੀ। ਇਕ ਦਿਨ ਬਹੁਤ ਉਚਾ ਉਪਦੇਸ਼ ਦੇ ਰਿਹਾ ਸੀ ਕਿ ਦਰੋਪਤੀ ਹੱਸ ਪਈ ਸੁਣ ਕੇ। ਉਹਨੇ ਵੀ ਦੇਖ ਲਿਆ ਕਿ ਹੱਸੀ ਹੈ। ਕਹਿਣ ਲੱਗੇ, ਬੇਟਾ! ਕੀ ਗੱਲ ਤੂੰ ਹੱਸੀ ਕਿਉਂ? ਕਹਿਣ ਲੱਗੀ ਕਿ ਪਿਤਾ ਜੀ! ਮੈਂ ਹੱਸੀਂ ਹਾਂ ਕਿ ਹੁਣ ਤੁਸੀਂ ਐਡੇ-ਐਡੇ ਉਪਦੇਸ਼ ਦੇ ਰਹੇ ਓਂ, ਜਦੋਂ ਮੇਰੇ ਵਸਤਰ ਉਤਾਰ ਰਹੇ ਸੀ ਉਸ ਵੇਲੇ ਤੁਸੀਂ ਬੋਲੇ ਨਾ। ਕਹਿੰਦੇ, ਬੇਟੀ! ਉਸ ਵੇਲੇ ਮੈਂ ਰਾਜ ਅੰਸ ਖਾਂਦਾ ਸੀ, ਰਾਜੇ ਦਾ ਧਾਨ ਖਾਂਦਾ ਸੀ, ਰਾਜੇ ਦਾ ਧਾਨ ਜ਼ੋਰ, ਜ਼ੁਲਮ ਦਾ ਹੋਇਆ ਕਰਦਾ ਹੈ, ਟੈਕਸ, ਖੋਹ ਖਿੰਝ। ਉਹਦੇ ਨਾਲ ਮਨ ਮਲੀਨ ਹੋ ਜਾਇਆ ਕਰਦਾ ਹੈ। ਸੋ ਮੇਰੀ ਬੁੱਧੀ ਭ੍ਰਿਸ਼ਟ ਸੀ ਹੁਣ ਕਿਉਂਕਿ ਖੂਨ ਸਾਰਾ ਨਿਕਲ ਚੁਕਿਆ ਹੈ, ਨੁਚੜਦਾ ਜਾਂਦਾ ਹੈ ਰੋਜ਼ ਦੀ ਰੋਜ਼, ਹੁਣ ਮੇਰਾ ਮਨ ਨਿਰਮਲ ਹੋ ਗਿਆ। ਸੋ ਹੁਣ ਮੈਂ ਉਸ ਗੱਲ ਨੂੰ ਬੁਰੀ ਕਹਿੰਦਾ ਹਾਂ।

ਸੋ ਏਸ ਤਰ੍ਹਾਂ ਇਹ ਬਿਦਰ ਸੀ ਇਹ ਦਾਸੀ ਦਾ ਪੁੱਤਰ ਸੀ ਲੇਕਿਨ ਰਾਜ ਅੰਸ ਨਹੀਂ ਸੀ ਖਾਂਦਾ, ਬਾਹਰ ਜਾ ਕੇ

ਸ਼ਹਿਰ ਦੇ ਬਾਹਰ ਇਕ ਝੌਂਪੜੀ ਬਣਾਈ ਹੋਈ ਸੀ ਤੇ ਉਹਦੇ ਵਿਚ ਰਿਹਾ ਕਰਦਾ ਸੀ। ਇਸ ਨੂੰ ਵੀ ਪਤਾ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਆ ਰਹੇ ਨੇ, ਇਹ ਉਨ੍ਹਾਂ ਦਾ ਪ੍ਰੇਮੀ ਸੀ, ਭਗਤੀ ਕਰਦਾ ਸੀ। ਹਰ ਵਕਤ ਉਨ੍ਹਾਂ ਦਾ ਧਿਆਨ ਧਰਦਾ ਸੀ। ਜਿਸ ਵਕਤ ਕ੍ਰਿਸ਼ਨ ਮਹਾਰਾਜ ਸ਼ਹਿਰ ਦੇ ਨੇੜੇ ਆਏ, ਉਸ ਵੇਲੇ ਉਨ੍ਹਾਂ ਦੇ ਆਪਣੇ ਅੰਗਰਖਸ਼ਕ ਸੀ ਨਾਲ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਤਾਂ ਜਾਓ ਤੇ ਮੈਂ ਇਥੇ ਉਤਰਦਾ ਹਾਂ ਤੇ ਮੈਂ ਸਵੇਰੇ ਆ ਜਾਵਾਂਗਾ। ਕਹਿਣ ਲੱਗੇ, ਮਹਾਰਾਜ! ਤੁਸੀਂ ਰਹੋਗੇ ਕਿੱਥੇ? ਕਹਿੰਦੇ, ਮੈਂ ਆਪਣੇ ਭਗਤ ਦੇ ਪਾਸ ਰਹਾਂਗਾ। ਕਿਉਂਕਿ ਮੈਨੂੰ ਕੋਈ ਹੋਰ ਚੀਜ਼ਾਂ ਨਹੀਂ ਚਾਹੀਦੀਆਂ, ਮੈਨੂੰ ਜੇ ਚਾਹੀਦਾ ਹੈ ਤਾਂ ਉਹ ਪਿਆਰ ਚਾਹੀਦਾ ਹੈ। ਮੈਂ ਸਾਰੀ ਦੁਨੀਆਂ ਨੂੰ ਸਭ ਕੁਛ ਦਿੰਦਾ ਤੁਰਿਆ ਜਾ ਰਿਹਾ ਹਾਂ, ਉਮਰਾਂ ਲੰਘਾ ਲੰਘਾ ਕੇ ਨਸਲਾਂ ਦੀਆਂ ਨਸਲਾਂ ਤੁਰੀਆਂ ਜਾਂਦੀਆਂ ਨੇ ਪਰ ਅਫਸੋਸ ਮੇਰੀਆਂ ਦਿਤੀਆਂ ਹੋਈਆਂ ਚੀਜ਼ਾਂ ਨੂੰ ਸਭ ਪਿਆਰ ਕਰਦੇ ਨੇ ਪਰ ਮੇਰੇ ਨਾਲ ਪਰਚ ਕੇ ਕੋਈ ਨਹੀਂ ਹੈ ਜਿਹੜਾ ਪਿਆਰ ਕਰੇ। ਮੈਨੂੰ ਹਰ ਵਕਤ ਪਿਆਰ ਦੀ ਭੁੱਖ ਰਹਿੰਦੀ ਹੈ, ਪਿਆਰ ਵਾਲਾ ਮੈਨੂੰ ਵਸ ਵਿਚ ਕਰ ਲੈਂਦਾ ਹੈ। ਮੇਰਾ ਵਸ ਨਹੀਂ ਚਲਦਾ, ਫੇਰ ਜੋ ਕੰਮ ਉਹ ਕਹੇ ਮੈਨੂੰ ਮੰਨਣਾ ਪੈਂਦਾ ਹੈ।

***ਮੇਰੀ ਬਾਂਧੀ ਮੇਰੀ ਭਗਤੁ ਛਡਾਵੈ***<br>
***ਬਾਂਧੈ ਭਗਤੁ ਨ ਛੂਟੈ ਮੋਹਿ ॥***<br>
***ਏਕ ਸਮੈ ਮੋ ਕਉ ਗਹਿ ਬਾਂਧੈ***<br>
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਅੰਗ - ੧੨੫੩***

ਤੇ ਮੈਂ ਕਿਸੇ ਦੇ ਵਸ ਨਹੀਂ ਆਉਂਦਾ -

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***<br>
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥***<br>
***ਅੰਗ - ੯੬੨***

ਕਿਉਂਕਿ ਪਿਆਰ ਦੇ ਨਾਲ ਹਿਰਦੇ ਵਿਚ ਕੈਦ ਕਰ ਲੈਂਦੇ ਨੇ। ਬਾਣੀ ਵਿਚ ਇਕ ਸਵਾਲ ਆਉਂਦਾ ਹੈ, ਕਬੀਰ ਸਾਹਿਬ ਨੇ ਸਵਾਲ ਕਰਿਆ ਆਪਣੇ ਗੁਰੂ ਤੇ ਰਾਮਾਨੰਦ ਜੀ ਤੇ -

***ਰਾਮੁ ਬਡਾ ਕੈ ਰਾਮਹਿ ਜਾਨਿਆ ॥ ਅੰਗ - ੩੩੧***

ਹੇ ਗੁਰੂ ਜੀ! ਇਹ ਦੱਸੋ ਕਿ ਰਾਮ ਵੱਡਾ ਹੈ ਕਿ ਜਿਹਨੇ ਰਾਮ ਨੂੰ ਜਾਣ ਲਿਆ। ਜਵਾਬ ਦਿਤਾ ਕਿ 'ਜਿਨਿ ਰਾਮੈ ਜਾਨਿਆ'। ਸੰਤ ਵੱਡਾ ਹੋਇਆ ਕਰਦਾ ਹੈ ਰੱਬ ਤੋਂ। ਕਹਿੰਦੇ ਉਹ ਕਿਸ ਤਰ੍ਹਾਂ? ਕਹਿੰਦੇ, ਸੰਤ ਆਪਣੇ ਹਿਰਦੇ ਦੇ ਵਿਚ ਉਹ ਵਾਹਿਗੁਰੂ ਜਿਹੜਾ ਬੇਅੰਤ ਹੈ, ਜਿਸਦਾ ਕੋਈ ਆਦਿ ਨਹੀਂ ਅੰਤ ਨਹੀਂ, ਉਸਨੂੰ ਹਿਰਦੇ ਦੇ ਵਿਚ ਕੈਦ ਕਰ ਲੈਂਦੇ ਨੇ। ਕੈਦ ਕਰਕੇ ਜੋ ਕੁਛ ਚਾਹੁੰਦੇ ਨੇ, ਉਹ ਉਹਨੂੰ ਕਰਨਾ ਪੈਂਦਾ ਹੈ। ਪ੍ਰਮੇਸ਼ਰ ਇਹ ਕਹਿੰਦਾ ਹੈ ਕਿ ਜਿਹੜੇ ਮੇਰੇ ਭਗਤ ਨੇ, ਉਨ੍ਹਾਂ ਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***<br>
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

ਕਿਉਂਕਿ ਖਾਲਸਾ ਕੌਣ ਹੈ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***<br>
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***<br>
***(ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਉਹ ਹੈ -

***ਪੂਰਨ ਜੋਤ ਜਗੈ ਘਟ ਮੈ***<br>
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਜਦੋਂ ਅਗਿਆਨ ਪੂਰੀ ਤਰ੍ਹਾਂ ਨਾਸ਼ ਹੋ ਜਾਵੇ ਤੇ ਪੂਰੀ ਤਰ੍ਹਾਂ ਇਹ ਹੋ ਜਾਵੇ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ। ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ, ਵਾਹਿਗੁਰੂ ਦੀ ਜੋਤ ਘਟ ਘਟ ਦੇ ਵਿਚ ਵਿਆਪਕ ਨਜ਼ਰ ਆ ਜਾਵੇ ਤੇ ਆਪਣੇ ਆਪ ਨੂੰ ਆਤਮ ਸਰੂਪ ਤੇ ਪਰਮਾਤਮਾ ਸਰੂਪ ਸਮਝ ਕੇ ਲੀਨ ਕਰ ਦੇਵੇ ਤੇ ਗਿਆਨ ਉਹਦੇ ਅੰਦਰ ਪ੍ਰਤੱਖ ਹੋ ਜਾਵੇ -

***ਜਲ ਤਰੰਗ ਅਰੁ ਫੇਨ ਬੁਦਬੁਦਾ***<br>
***ਜਲ ਤੇ ਭਿੰਨ ਨ ਹੋਈ ॥ ਅੰਗ - ੪੮੫***

ਜਿਵੇਂ ਪਾਣੀ ਦੇ ਉਤੇ ਲਹਿਰਾਂ ਨੇ, ਬੁਲਬੁਲੇ ਨੇ ਤੇ ਝੱਗ ਹੈ। ਪਾਣੀ ਤੋਂ ਬਿਨਾਂ ਤਾਂ ਹੋਰ ਕੋਈ ਹੈ ਨਹੀਂ -

ਇਸੇ ਤਰ੍ਹਾਂ ਸਾਰਾ ਬ੍ਰਹਿਮੰਡ ਪ੍ਰਮੇਸ਼ਰ ਦਾ ਸਰੂਪ ਨਜ਼ਰ ਆ ਜਾਵੇ, ਉਸ ਵੇਲੇ ਉਹਨੂੰ ਆਤਮ ਅਨੰਦ ਆਉਂਦਾ ਹੈ ਜਿਹੜਾ ਸਭ ਤੋਂ ਉਪਰ ਹੈ। ਕੋਈ ਅਨੰਦ ਇਹਦੇ ਮੁਕਾਬਲੇ ਤੇ ਨਹੀਂ ਪਹੁੰਚ ਸਕਦਾ। ਉਹ ਖਾਲਸਾ ਹੁੰਦਾ ਹੈ ਭਾਈ। ਉਹਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***<br>
***ਓਇ ਰਾਮ ਨਾਮ ਰੰਗਿ ਰਾਤੇ ॥ ਅੰਗ - ੭੪੮***

ਜੋ ਕੁਛ ਉਹ ਕਰ ਦਿੰਦੇ ਨੇ ਉਹ ਪ੍ਰਮੇਸ਼ਰ ਨੂੰ ਮੰਨਣਾ ਪੈਂਦਾ ਹੈ -

***ਧਾਰਨਾ - ਮੰਨੇ ਵਾਹਿਗੁਰੂ ਕੀਤਾ ਆਪਣੇ ਸੰਤਾਂ ਦਾ।***

*ਚਲਦਾ.......*

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

### ਹੁਕਮਨਾਮਾ

*ਸੋਰਠਿ ਮਹਲਾ ੩ ਘਰੁ ੧ ਤਿਤੁਕੀ*
*ੴ ਸਤਿਗੁਰ ਪ੍ਰਸਾਦਿ ॥*
*ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥*
*ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥*
*ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥ ੧ ॥*
*ਹਰਿ ਜੀ ਏਹ ਤੇਰੀ ਵਡਿਆਈ ॥*
*ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥*
*ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ॥*
*ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥*
*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥ ੨ ॥*
*ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥*
*ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥*
*ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥ ੩ ॥*
*ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥*
*ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥ਹਉਮੈ*
*ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥ ੪ ॥*
*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥*
*ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥*
*ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥ ੫ ॥*
*ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥*
*ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥*
*ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥ ੬ ॥*
*ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥*
*ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥*
*ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥ ੭ ॥*
*ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥*
*ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥*
*ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥*

*ਅੰਗ - ੬੩੭*

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਅੰਮ੍ਰਿਤ ਵੇਲੇ ਤੋਂ ਆਪ ਜਿਸ ਨੂੰ ਬ੍ਰਹਮ-ਮੂਰਤ ਕਹਿੰਦੇ ਹਨ, ਜਿਸ ਸਮੇਂ ਦਾ ਬੀਜਿਆ ਹੋਇਆ ਹਜ਼ਾਰਾਂ ਗੁਣਾਂ ਵਧਿਆ ਕਰਦਾ ਹੈ ਓਸ ਸਮੇਂ ਵਿਚ ਪ੍ਰਭੂ ਦੀ ਯਾਦ ਵਿਚ ਬੈਠੇ ਹਰੀ ਦਾ ਜਸ ਕਰ ਰਹੇ ਸੀ, ਸ੍ਵਣ ਕਰ ਰਹੇ ਸੀ। ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ ਉਨ੍ਹਾਂ ਪ੍ਰੇਮੀਆਂ ਨੂੰ ਜਿਹੜੇ ਸ਼ਰਧਾ ਧਾਰ ਕੇ ਘਰ ਤੋਂ ਗੁਰੂ ਦੇ ਦਰ ਚੱਲ ਕੇ ਆਉਂਦੇ ਨੇ ਤੇ ਅੰਮ੍ਰਿਤ ਵੇਲੇ ਨੂੰ ਮਾਣਦੇ ਹਨ।

ਜੋ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਆਇਆ ਹੈ ਉਹ ਆਪ ਸਾਰਿਆਂ ਨੇ ਸੁਣਿਆ ਹੈ, ਸਮਝਣ ਦਾ ਯਤਨ ਕੀਤਾ ਹੈ। ਬਹੁਤ ਸਾਰੇ ਸਿਧਾਂਤ ਗੁਰੂ ਮਹਾਰਾਜ ਜੀ ਨੇ ਏਸ ਦੇ ਵਿਚ ਵਰਣਨ ਕੀਤੇ ਨੇ। ਦੂਸਰਾ ਪੱਖ ਵੀ ਆਪ ਨੇ ਫੁਰਮਾਨ ਕੀਤਾ ਹੈ ਕਿ ਇਕ ਤਾਂ ਉਹ ਨੇ ਜਿਨ੍ਹਾਂ ਨੂੰ ਭਗਤ ਕਹਿੰਦੇ ਨੇ, ਸੰਤ ਕਹਿੰਦੇ ਨੇ, ਗੁਰਮੁਖ ਕਹਿੰਦੇ ਨੇ, ਸਾਧੂ ਕਹਿੰਦੇ ਨੇ। ਇਕ ਪੱਖ ਉਹ ਹੈ ਜਿਹੜੇ ਮਨ ਦੇ ਵਿਚੋਂ ਬੜੇ ਕਠੋਰ ਨੇ, ਜਿਨ੍ਹਾਂ ਦੇ ਮਨ ਦੇ ਵਿਚ ਪ੍ਰਤੀਤ ਨਹੀਂ ਆਉਂਦੀ ਵਾਹਿਗੁਰੂ ਦੀ, ਭਰੋਸਾ ਨਹੀਂ ਆਉਂਦਾ, ਉਸ ਦੇ ਨਾਲ ਨਹੀਂ ਬਣ ਆਉਂਦੀ ਸਗੋਂ ਆਪਣੇ ਮਨ ਦੇ ਪਿੱਛੇ ਰਹਿੰਦੇ ਨੇ, ਨਾ ਗੁਰੂ ਦੇ ਵਾਕਾਂ ਨੂੰ ਮੰਨਦੇ ਨੇ ਤੇ ਅਵਿਨਿਵੇਸ਼ ਬਿਰਤੀ ਏਸ ਨੂੰ ਕਹਿੰਦੇ ਨੇ ਤੇ ਸਤਿ-ਵਾਕਾਂ ਦੇ ਉਤੇ ਭਰੋਸਾ ਨਾ ਲਿਆਉਣਾ ਆਪਣੇ ਮਨ ਦੀ ਮਤ ਨੂੰ ਸ੍ਰੇਸ਼ਟ ਸਮਝਣਾ ਤੇ ਮਨ ਟਿਕਣਾ ਨਾ। ਸੋ ਉਨ੍ਹਾਂ ਨੂੰ ਮਨਮੁਖ ਆਖਿਆ ਗਿਆ ਹੈ। ਦੂਸਰਿਆਂ ਨੂੰ ਗੁਰਮੁਖ ਤੇ ਭਗਤ ਆਖਿਆ ਗਿਆ ਹੈ ਫੇਰ ਦੋਹਾਂ ਦਾ ਸਬੰਧ ਦੱਸਿਆ ਗਿਆ ਹੈ।

ਇਕਨਾ ਦਾ ਤਾਂ ਵਾਹਿਗੁਰੂ ਪਰੀਪੂਰਨ ਹੋਣ ਦੇ ਬਾਵਜੂਦ ਕੋਈ ਸਬੰਧ ਵੀ ਉਸ ਨਾਲ ਨਹੀਂ ਪਿਆ ਕਰਦਾ ਕਿਉਂਕਿ ਮਨ ਦੇ ਕਠੋਰ ਨੇ, ਮਨ ਦੇ ਵਿਚ ਮਨ ਦੀ ਮਤ ਧਾਰਨ ਕਰਦੇ ਨੇ ਤੇ ਆਏਂ ਸਮਝ ਲਓ ਕਿ ਪ੍ਰਮੇਸ਼ਰ ਵੱਲ ਪਿੱਠ ਕਰਕੇ ਰੱਖਦੇ ਨੇ।

ਇਕ ਉਹ ਨੇ ਜਿਨ੍ਹਾਂ ਨੂੰ ਕਣ-ਕਣ ਦੇ ਵਿਚ ਹਰ ਚੀਜ਼ ਦੇ ਅੰਦਰ ਪ੍ਰਮੇਸ਼ਰ ਦਾ ਦ੍ਰਿਸ਼ ਨਜ਼ਰ ਆਉਂਦਾ ਹੈ, ਪ੍ਰਮੇਸ਼ਰ ਨਜ਼ਰ ਆਉਂਦਾ ਹੈ ਤੇ ਓਸ ਦੇ ਪਿਆਰ ਵਿਚ ਰਹਿੰਦੇ ਨੇ - ਭਗਤੀ, ਭੈ-ਗਤੀ ਨੂੰ ਕਹਿੰਦੇ ਨੇ। ਅਦਬ ਦੇ ਨਾਲ ਟਿਕਣ ਵਾਲੇ। ਇਕ ਭੈ ਉਹ ਹੁੰਦਾ ਹੈ ਜੋ ਚੋਰ-

ਡਾਕੂਆਂ ਤੋਂ ਹੁੰਦਾ ਹੈ, ਹੋਰ ਦੁਸ਼ਮਣਾਂ ਤੋਂ ਭੈ ਹੋਇਆ ਕਰਦਾ ਹੈ, ਕੋਈ ਸੰਪਤੀ ਹੈ ਲੁਕੋ ਕੇ ਰੱਖੀ ਹੋਈ ਹੈ, ਸਰਕਾਰ ਨੂੰ ਨਾ ਪਤਾ ਲਗ ਜਾਵੇ, ਉਹ ਵੀ ਭੈ ਹੋਇਆ ਕਰਦਾ ਹੈ, ਇਕ ਭੈ ਉਹ ਹੋਇਆ ਕਰਦਾ ਹੈ ਕਿ ਪਰਿਵਾਰ ਸੁੱਖ ਨਾਲ ਵਸ ਰਿਹਾ ਹੈ ਤੇ ਮਨ ਵਿਚ ਅੰਦੇਸ਼ਾ ਰਹਿੰਦਾ ਹੈ ਕਿ ਕਿਤੇ ਕੋਈ ਗੜਬੜ ਨਾ ਹੋ ਜਾਵੇ, ਕੋਈ ਜੀਅ ਵਿਛੜ ਨਾ ਜਾਵੇ, ਕੋਈ ਬਿਮਾਰ ਨਾ ਹੋ ਜਾਵੇ। ਸੋ ਐਸੇ ਅਨੇਕਾਂ ਭੈ ਦੇ ਹਾਲਾਤ ਹਨ ਜੋ ਵੱਖਰੇ-ਵੱਖਰੇ ਹਾਲਾਤ ਦੇ ਮੁਤਾਬਿਕ ਮਨੁੱਖ ਦੇ ਨਾਲ ਸਬੰਧ ਰੱਖਦੇ ਨੇ ਪਰ ਜੋ ਇੱਥੇ ਭੈਗਤੀ ਦੱਸੀ ਗਈ ਹੈ ਇਸ ਨੂੰ ਅਦਬ ਕਹਿੰਦੇ ਨੇ - ਅਦਬ ਦੇ ਨਾਲ ਚੱਲਣਾ, ਗੁਸਤਾਖ ਹੋ ਕੇ ਨਹੀਂ ਵਾਹਿਗੁਰੂ ਨਾਲ ਵਰਤਣਾ, ਅਦਬ ਨਾਲ, ਸਤਿਕਾਰ ਦੇ ਨਾਲ। ਸੋ ਭੈ ਦੇ ਵਿਚ ਜੋ ਚਲਦੇ ਹਨ ਉਨ੍ਹਾਂ ਨੂੰ ਭਗਤ ਆਖਿਆ ਜਾਂਦਾ ਹੈ। ਦੋਂਹ ਤੋਂ ਸ਼ੁਰੂ ਹੁੰਦਾ ਹੈ ਇਹ - ਇਕ ਭਗਤ ਹੁੰਦਾ ਹੈ, ਇਕ ਪ੍ਰਮੇਸ਼ਰ ਹੁੰਦਾ ਹੈ ਲੇਕਿਨ ਜਿਉਂ-ਜਿਉਂ ਚੜ੍ਹਾਈ ਚੜ੍ਹਦਾ ਜਾਂਦਾ ਹੈ ਤਿਉਂ-ਤਿਉਂ ਲੀਨ ਹੁੰਦਾ ਤੁਰਿਆ ਜਾਂਦਾ ਹੈ ਤੇ ਆਪਣਾ-ਆਪਾ ਗੁਆ ਕੇ ਵਾਹਿਗੁਰੂ ਦਾ ਹੀ ਰੂਪ ਬਣ ਜਾਂਦਾ ਹੈ।

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*

*ਅੰਗ - ੩੯੭*

ਸਾਈਂ ਵਰਗੇ ਹੀ ਹੋਇਆ ਕਰਦੇ ਨੇ। ਸੋ ਉਨ੍ਹਾਂ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਬਚਨ ਦੱਸੇ ਨੇ ਕਿ ਜਦੋਂ ਤੋਂ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਰਚੀ ਹੈ ਭਾਵੇਂ ਦੋਹਾਂ ਰੂਪਾਂ ਵਿਚ -

*ਦੁਹੂ ਪਾਖ ਕਾ ਆਪਹਿ ਧਨੀ ॥*
*ਉਨ ਕੀ ਸੋਭਾ ਉਨਹੂ ਬਨੀ ॥ ਅੰਗ - ੨੯੨*

ਦੋਹਾਂ ਰੂਪਾਂ ਵਿਚ ਆਪ ਵਰਤਦਾ ਹੈ। ਪ੍ਰਮੇਸ਼ਰ ਤੋਂ ਬਗੈਰ ਹੈ ਨਹੀਂ ਇਥੇ ਕੁਝ। ਉਸ ਦੀ ਆਪਣੀ ਖੇਡ ਹੈ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਅਖੇਲ ਖੇਲ ਖੇਲਨ ਅੰਤ ਕਉ ਫਿਰ ਏਕ॥*

ਪਰ ਇਹ ਸੰਸਾਰ ਖਰਬਾਂ-ਖਰਬਾਂ ਸਾਲਾਂ ਦਾ, ਕੋਈ ਦੱਸ ਨਹੀਂ ਸਕਦਾ, ਦਰੁਸਤ ਨਹੀਂ ਦੱਸ ਸਕਦਾ ਕਿ ਕਿੰਨੇ ਸਿਫਰ ਲਾਈਏ ਏਕੇ ਦੇ ਅੱਗੇ ਕਿ ਪਤਾ ਲੱਗ ਜਾਵੇ ਕਿ ਕਿੰਨੀ ਕੁ ਦੇਰ ਹੋ ਗਈ ਸੰਸਾਰ ਰਚੇ ਨੂੰ। ਕੰਪਿਊਟਰ ਵੀ ਨਹੀਂ ਦੱਸ ਸਕਦੇ। ਇਹ ਧਰਤੀ ਦੀ ਉਮਰ ਤਾਂ ਕੱਢ ਸਕਦੇ ਨੇ ਕਿ ਐਨਾ ਚਿਰ ਹੋ ਗਿਆ ਧਰਤੀ ਨੂੰ ਬਣੀ ਨੂੰ, ਇਹ ਵੀ ਦੱਸ ਸਕਦੇ ਨੇ ਕਿ ਸੂਰਜ ਬਣੇ ਨੂੰ ਐਨਾ ਚਿਰ ਹੋ ਗਿਆ ਕਿਉਂਕਿ ਮਸ਼ੀਨਾਂ ਹਿਸਾਬ-ਕਿਤਾਬ ਲਾ ਦਿੰਦੀਆਂ ਨੇ ਪਰ ਇਹ ਨਹੀਂ ਦੱਸ ਸਕਦੀਆਂ ਕਿ ਕਿੰਨੀ-ਕੁ ਵਾਰੀ ਸੂਰਜ ਬਣਿਆ ਹੈ ਕਿੰਨੀ ਕੁ ਵਾਰੀ ਖਤਮ ਹੋਇਆ ਹੈ, ਕਿੰਨੀ ਕੁ ਵਾਰੀ ਸਾਡੀ ਧਰਤੀ ਬਣੀ ਹੈ, ਕਿੰਨੀ ਵਾਰੀ ਐਸਾ ਹੋਇਆ ਜਦੋਂ ਇੱਥੇ ਕੁਝ ਨਹੀਂ ਹੁੰਦਾ। ਹਿਸਾਬ-ਕਿਤਾਬ ਕੱਢਣ ਦੇ ਯਤਨ ਕੀਤੇ ਗਏ ਨੇ। ਭਾਰਤੀ ਸੰਸਕ੍ਰਿਤੀ, ਰਿਸ਼ੀਆਂ ਮੁਨੀਆਂ ਦੇ ਮਤ ਦੇ ਮੁਤਾਬਿਕ ਧਰਤੀ ਦਾ ਜੋ ਦਿਨ ਹੈ, ਇਸ ਦੇ ਵਿਚ ਇਹ ਜੀਉਂਦੀ ਰਹਿੰਦੀ ਹੈ, ਜਿਸ ਦੇ ਵਿਚ ਸਭ ਚੀਜ਼ਾਂ ਉਗਦੀਆਂ ਨੇ, ਇਸ ਦੇ ਵਿਚ ਜੀਵ-ਜੰਤੂ ਰਹਿੰਦੇ ਨੇ ਇਸ ਦੀ ਉਮਰ 4 ਅਰਬ 32 ਕਰੋੜ ਸਾਲ ਦੀ ਹੋਇਆ ਕਰਦੀ ਹੈ - ਇਕ ਹਜ਼ਾਰ ਕਲਪ ਇਸਨੂੰ ਕਹਿੰਦੇ ਨੇ। ਇਸ ਤੋਂ ਬਾਅਦ 4 ਅਰਬ, 32 ਕਰੋੜ ਸਾਲ ਇੱਥੇ ਕੁਝ ਨਹੀਂ ਹੁੰਦਾ, ਉਜਾੜ ਹੁੰਦਾ ਹੈ ਜਿਵੇਂ ਹੋਰ ਗ੍ਰਹਿ ਘੁੰਮਦੇ ਫਿਰਦੇ ਨੇ ਇਹ ਵੀ ਸੂਰਜ ਦੇ ਦੁਆਲੇ ਘੁੰਮਦਾ ਰਹਿੰਦਾ ਹੈ। ਸੋ ਏਸ ਤਰ੍ਹਾਂ ਇਸ ਚੀਜ਼ ਨੂੰ ਸਮਝ ਨਹੀਂ ਸਕਦੇ ਇਹ ਪ੍ਰਮੇਸ਼ਰ ਨੇ ਆਪਣੀ ਖੇਲ੍ਹ ਆਪ ਬਣਾ ਕੇ ਆਪੇ ਹੀ ਅਨੇਕ ਰੂਪ ਧਾਰੇ ਹੋਏ ਨੇ ਤੇ ਉਨ੍ਹਾਂ ਦੇ ਵਿਚੋਂ ਮਨੁੱਖਾਂ ਨਾਲ ਜੋ ਸਬੰਧ ਰੱਖਣ ਵਾਲੀ ਹੈ ਉਹ ਦੋ ਸ਼੍ਰੇਣੀਆਂ ਨੇ। ਇਕ ਤਾਂ ਉਹ ਹੈ ਜਿਹੜੇ ਵਾਹਿਗੁਰੂ ਦੇ ਵਿਚ 100% ਵਿਸ਼ਵਾਸ਼ ਰਖਦੇ ਨੇ, ਇਹ ਵਿਸ਼ਾਸ਼ ਘਟਦਾ ਤੁਰਿਆ ਜਾਂਦਾ ਹੈ 90% ਵੀ ਹੁੰਦਾ ਹੈ 80% ਵੀ ਹੁੰਦਾ ਹੈ, 60% ਵੀ ਹੁੰਦਾ ਹੈ, 50% ਵੀ ਹੁੰਦਾ ਹੈ, 40% ਵੀ ਹੁੰਦਾ ਹੈ, 20% ਵੀ ਹੁੰਦਾ ਹੈ। 10% ਵੀ ਉਸਦਾ ਵਿਸ਼ਵਾਸ਼ ਹੁੰਦਾ ਹੈ ਜਿਸ ਨੂੰ ਕਥਾ ਕਰਨ ਵੇਲੇ, ਬਾਣੀ ਪੜ੍ਹਨ ਵੇਲੇ, ਸੁਰਤੀ ਲਾਉਣ ਵੇਲੇ ਐਨਾ ਕੁ ਵਿਸ਼ਵਾਸ਼ ਹੋ ਜਾਵੇ ਕਿ ਵਾਹਿਗੁਰੂ ਹੈ ਲੇਕਿਨ ਕਿਹੋ ਜਿਹਾ ਹੈ? ਕਿੱਥੇ ਹੈ? ਇਸ ਗੱਲ ਦਾ ਨਹੀਂ ਉਸ ਨੂੰ ਪਤਾ ਲਗਦਾ। ਉਸ ਦਾ ਸਾਡੇ ਨਾਲ ਕੀ ਸਬੰਧ ਹੈ? ਕਿਵੇਂ ਸਾਡੇ ਨਾਲ ਵਰਤਦਾ ਹੈ? ਅਸੀਂ ਬੜੇ ਭੁਲੇਖਿਆਂ ਵਿਚ ਪੈ ਜਾਂਦੇ ਹਾਂ ਕਿ ਵਾਹਿਗੁਰੂ ਤਾਂ ਬਹੁਤ-ਬਹੁਤ ਵੱਡਾ ਹੈ ਸਾਨੂੰ ਉਹ ਕੀ ਨਿਗ੍ਹਾ ਵਿਚ ਲਿਆਉਂਦਾ ਹੈ। ਸਾਡਾ ਤਾਂ ਜਿਹੜਾ ਸੂਰਜ-ਮੰਡਲ ਹੈ ਜਿਸ ਦੇ ਵਿਚ ਕਈ ਅਰਬ ਤਾਰੇ ਤੇ ਸਿਤਾਰੇ ਘੁੰਮਦੇ ਫਿਰਦੇ ਨੇ ਉਹ ਵੀ ਐਨਾ ਛੋਟਾ ਹੈ ਕਿ ਜੇ ਸਾਰੇ ਬ੍ਰਹਿਮੰਡ 'ਚੋਂ ਟੋਲ੍ਹਣਾ (ਲੱਭਣਾ) ਹੋਵੇ ਤਾਂ ਆਏਂ ਹੈ ਜਿਵੇਂ ਇਕ ਵੱਡੇ ਰੇਤੇ ਦੇ ਟਿੱਬੇ ਵਿਚੋਂ ਇਕ ਰੇਤੇ ਦਾ ਕਿਣਕਾ ਟੋਲ੍ਹੀਏ, ਉਸ ਦੇ ਵਿਚ ਅਸੀਂ ਵਸਦੇ ਹਾਂ, ਸਾਡੀ ਹਸਤੀ ਕੀ ਹੈ? ਫੇਰ ਵਾਹਿਗੁਰੂ ਦਾ ਸਾਡੇ ਨਾਲ ਐਨਾ ਸਬੰਧ ਕਿਵੇਂ ਪੈ ਸਕਦਾ ਹੈ ਉਹ ਤਾਂ ਬੇਅੰਤ ਵੱਡਾ ਹੈ, ਵੱਡੇ ਤੋਂ ਵੱਡਾ ਹੈ।

ਮਹਾਰਾਜ ਜੀ ਕਹਿੰਦੇ ਐਸੀ ਬਾਤ ਨਹੀਂ ਹੈ ਉਹ ਤੇਰੇ ਹਿਰਦੇ ਵਿਚ ਵਸਦਾ ਹੈ, ਪਰ ਅਸੀਂ ਮੰਨਦੇ ਨਹੀਂ। ਮਿਸਾਲਾਂ ਹਨ ਪ੍ਰਾਕ੍ਰਿਤੀ ਦੀਆਂ ਕਿ ਸੂਰਜ ਕਿੰਨਾ ਵੱਡਾ ਹੈ, ਸੂਰਜ ਦੇ ਮੁਕਾਬਲੇ ਤੇ, ਜੇ ਸੂਰਜ ਨੂੰ ਇਕ ਫੁਟਬਾਲ ਜਿੰਨਾ ਗਿਣ ਲਈਏ ਤੇ ਧਰਤੀ ਉਸ ਦੇ ਸਾਮ੍ਹਣੇ ਰਾਈ ਦੇ ਦਾਣੇ ਜਿੰਨੀ

ਹੈ, ਸਰ੍ਹੋਂ ਦੇ ਦਾਣੇ ਜਿੰਨੀ ਤੇ ਧਰਤੀ ਦੇ ਮੁਕਾਬਲੇ ਅਸੀਂ 25000 ਮੀਲ ਦਾ ਘੇਰਾ ਹੈ ਧਰਤੀ ਦਾ, 8000 ਮੀਲ ਗਹਿਰੀ ਹੈ ਤੇ ਇਸ ਦੇ ਵਿਚ ਅਸੀਂ ਕਿੰਨੇ ਕੁ ਹਾਂ 25000 ਮੀਲ ਦੇ ਸਾਮ੍ਹਣੇ। ਛੋਟੇ ਜਿਹੇ ਅਸੀਂ ਜੀਵ ਹਾਂ ਤੇ ਸਾਡਾ ਹਿਰਦਾ ਕਿੰਨਾ ਕੁ ਹੈ ਉਹ ਬਿਲਕੁਲ ਹੀ ਨਿੱਕਾ ਜਿਹਾ ਹੈ, ਬਹੁਤ ਵੱਡਾ ਨਹੀਂ ਹੈ ਤੇ ਉਸ ਦੇ ਵਿਚ ਵਾਹਿਗੁਰੂ ਕਿਵੇਂ ਆ ਸਕਦਾ ਹੈ ਐਡਾ ਵੱਡਾ? ਇਹ ਚੀਜ਼ਾਂ ਨੇ ਜਿਹੜੀਆਂ ਸਾਨੂੰ ਵਿਸ਼ਵਾਸ਼ ਵਿਚੋਂ ਬਾਹਰ ਕੱਢ ਦਿੰਦੀਆਂ ਨੇ ਕਿ ਉਹ ਕਿਵੇਂ ਸਾਡੇ ਹਿਰਦੇ ਵਿਚ ਆ ਸਕਦਾ ਹੈ। ਇਸ ਦੀ ਮਿਸਾਲ ਹੈ ਕਿ ਸੂਰਜ ਐਡਾ ਵੱਡਾ ਹੋਣ ਦੇ ਬਾਵਜੂਦ ਤੁਸੀਂ ਇਕ ਸ਼ੀਸ਼ਾ ਲੈ ਕੇ ਤੋੜ ਦਿਓ, ਬਿਲਕੁਲ ਛੋਟੇ ਤੋਂ ਛੋਟਾ ਕਰ ਲਓ ਇਕ ਰੇਤੇ ਦਾ ਕਿਣਕਾ ਚੁੱਕ ਲੋ ਤੇ ਉਸ ਦੇ ਵਿਚ ਦੇਖੋ ਨਿਗ੍ਹਾ ਮਾਰ ਕੇ, ਸੂਰਜ ਨਜ਼ਰ ਆਏਗਾ, ਉਸ ਛੋਟੇ ਜਿਹੇ ਸ਼ੀਸ਼ੇ ਦੇ ਟੁਕੜੇ ਵਿਚ ਸੂਰਜ ਨਜ਼ਰ ਆਏਗਾ।

ਪਾਣੀ ਦਾ ਇਕ ਚੂੰਗੜਾ ਦਿਓ ਭਰ ਕੇ, ਨਿੱਕੇ ਤੋਂ ਨਿੱਕਾ ਤੇ ਉਸ ਦੇ ਵਿਚ ਝਾਕੋ ਸੂਰਜ ਦਾ ਪ੍ਰਤੀਬਿੰਬ ਪੈਂਦੇ ਹੀ ਸੂਰਜ ਪੂਰੇ ਦਾ ਪੂਰਾ ਨਜ਼ਰ ਆਏਗਾ। ਸੋ ਵਾਹਿਗੁਰੂ ਦਾ ਸਾਡੇ ਨਾਲ ਇਹ ਸਬੰਧ ਹੈ, ਚਾਹੇ ਅਸੀਂ ਛੋਟੇ ਹਾਂ ਚਾਹੇ ਅਸੀਂ ਵੱਡੇ ਹਾਂ, ਚਾਹੇ ਸਾਥੋਂ ਵੀ ਕਰੋੜਾਂ ਗੁਣਾਂ ਕੋਈ ਛੋਟੀ ਚੀਜ਼ ਹੈ ਉਸ ਦੇ ਵਿਚ ਵੀ ਵਾਹਿਗੁਰੂ ਉਸੇ ਤਰ੍ਹਾਂ ਦੇ ਨਾਲ ਪਰੀਪੂਰਣ ਹੈ।

ਸੋ ਏਸ ਤਰ੍ਹਾਂ ਦੇ ਨਾਲ ਸਾਡਾ ਸਬੰਧ ਉਸ ਦੇ ਨਾਲ ਜੁੜਦਾ ਹੈ ਤੇ ਜਦੋਂ ਸਾਨੂੰ 100% ਵਿਸ਼ਵਾਸ਼ ਹੋ ਜਾਵੇ ਕਿ ਵਾਹਿਗੁਰੂ ਜੀ ਪਿਆਰ ਕਰਦੇ ਨੇ ਉਹ ਨਿਰ੍ਹੇ ਹੀ ਪਿਆਰ ਦੀ ਮੂਰਤ ਨੇ ਗੁਰੂ ਦਸਵੇਂ ਪਾਤਸ਼ਾਹ ਜੀ ਫੁਰਮਾਨ ਕਰਦੇ ਨੇ ਕਿ ਵਾਹਿਗੁਰੂ ਦਾ ਜੇ ਰੂਪ ਸੰਸਾਰ ਨੂੰ ਦੱਸਣਾ ਹੋਵੇ ਤਾਂ ਕਹਿੰਦੇ ਇਹ ਦੱਸ ਸਕਦੇ ਹਾਂ ਕਿ ਉਹ ਪਿਆਰ ਦਾ ਸਰੂਪ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*

ਪਿਆਰ ਦਾ ਸਰੂਪ ਧਾਰ ਕੇ ਉਹ ਜਿੱਥੇ ਤੱਕ ਵੀ ਸ੍ਰਿਸ਼ਟੀ ਹੈ ਕਿਉਂਕਿ ਅਸੀਂ ਕਹਿ ਹੀ ਨਹੀਂ ਸਕਦੇ ਕਿਉਂ ਅੱਗੇ ਦਾ ਕੰਢਾ ਹੈ ਹੀ ਨਹੀਂ, ਇਹ ਤਾਂ endless ਚੀਜ਼ ਹੈ। ਜਿਸ ਨੂੰ ਬੇਅੰਤ ਕਿਹਾ ਹੈ ਮਹਾਰਾਜ ਜੀ ਨੇ। ਉਹ ਬੇਅੰਤ ਜਿਹੜਾ ਹੈ ਉਹ ਨਿਰਾ ਹੀ ਪਿਆਰ ਦਾ ਸਰੂਪ ਹੈ, ਪਿਆਰ ਹੀ ਹੈ ਸੋ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਭਗਤ ਕਹਿੰਦੇ ਹੀ ਉਸਨੂੰ ਨੇ ਜਿਹੜਾ ਵਾਹਿਗੁਰੂ ਨਾਲ ਪਿਆਰ ਕਰਦਾ ਹੈ 100% ਉਸਨੂੰ ਹਾਜ਼ਰਾ ਹਜ਼ੂਰ ਸਮਝਦਾ ਹੈ, ਨਾਲ ਸਮਝਦਾ ਹੈ। ਉਸ ਦੀ ਨਿਗ੍ਹਾ ਹਰ ਵਕਤ ਚਾਹੇ ਪੂਜਾ ਕਰੇ, ਚਾਹੇ ਪਾਠ ਕਰੇ, ਚਾਹੇ ਕੀਰਤਨ ਕਰੇ, ਚਾਹੇ ਕਥਾ ਕਰੇ, ਪ੍ਰਮੇਸ਼ਰ ਤੇ ਰਹਿੰਦੀ ਹੈ। ਸੋ ਉਨ੍ਹਾਂ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ, ਜਦੋਂ ਤੋਂ ਵੀ ਆਬਾਦੀ ਆਈ ਹੈ ਭਾਵੇਂ ਕਿਵੇ ਵੀ ਸ਼ਕਲ ਵਿਚ ਆਈ ਹੈ ਉਹ ਭਗਤਾਂ ਦੀ ਰਾਖੀ ਕਰਦਾ ਹੀ ਤੁਰਿਆ ਆਇਆ ਹੈ ਤੇ ਉਨ੍ਹਾਂ ਨੂੰ ਕਦੇ ਵੀ ਛੋਟਾ ਨਹੀਂ ਓਸ ਨੇ ਬਣਨ ਦਿਤਾ। ਜਿੰਨੀਆਂ ਬਰਕਤਾਂ ਨੇ ਸਾਰੀਆਂ ਹੀ ਉਨ੍ਹਾਂ ਦੇ ਚਰਨਾਂ ਵਿਚ ਤੁਰੀਆਂ ਫਿਰਦੀਆਂ ਨੇ –

*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ*
*ਗੁਰ ਕੈ ਸਹਜਿ ਸੁਭਾਈ ॥ ਅੰਗ – ੬੩੭*

ਚਰਨੀਂ ਲੱਗ ਜਾਂਦੀ ਹੈ। ਸੰਸਾਰ ਜੋ ਹੈ ਉਹ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਵਾਸਤੇ ਦਿਨ ਰਾਤ ਦੌੜਿਆ ਫਿਰਦਾ ਹੈ, ਕਲਪਦਾ ਹੈ, ਧੋਖੇ ਕਰਦਾ ਹੈ, ਫਰੇਬ ਕਰਦਾ ਹੈ, ਠੱਗੀਆਂ ਕਰਦਾ ਹੈ, ਝੂਠ ਬੋਲਦਾ ਹੈ, ਕਪਟ ਕਰਦਾ ਹੈ ਲੇਕਿਨ ਉਸ ਦੇ ਹੱਥ ਵਿਚ ਜੋ ਚੀਜ਼ ਆਉਂਦੀ ਹੈ ਉਹ ਸ਼ਾਂਤੀ ਨਹੀਂ ਦਿੰਦੀ ਫੇਰ ਭੁੱਖੇ ਦਾ ਭੁੱਖ ਰਹਿ ਜਾਂਦਾ ਹੈ ਸਭ ਕੁਝ ਮਿਲ ਕੇ ਵੀ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ – ੨੧੩*

ਕਹਿੰਦੇ ਕਰੋੜ ਜੋੜ ਲਿਆ ਕਹਿੰਦਾ ਥੋੜ੍ਹਾ ਹੈ ਇਹ ਤਾਂ ਇਸ ਤੋਂ ਵੱਧ ਚਾਹੀਦਾ ਹੈ, 100 ਖਰਬ ਰੁਪਈਆ ਚਾਹੀਦਾ ਹੈ ਕਹਿੰਦੇ ਫੇਰ, ਮਹਾਰਾਜ ਜੀ ਕਹਿੰਦੇ –

*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ – ੨੧੩*

ਹੁਣ ਵੀ ਨਹੀਂ ਖੜ੍ਹਿਆ ਮਨ, ਇਸ ਤੋਂ ਵੀ ਵੱਡੀ ਜਰਬ ਦੇਣੀ ਚਾਹੁੰਦਾ ਹੈ –

ਹੋਰ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਮਿਲਦਾ ਨਹੀਂ ਹੈ ਲੇਕਿਨ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ ਉਨ੍ਹਾਂ ਦੇ ਸ਼ਕਤੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ ਉਹ ਝਾਕਦੇ ਵੀ ਨਹੀਂ ਨਿਗ੍ਹਾ ਕਰਕੇ ਕਹਿੰਦੇ ਅਸੀਂ ਕਰਨਾ ਕੀ ਹੈ ਇਨ੍ਹਾਂ ਨੂੰ, ਕਿਤੇ-ਕਿਤੇ ਪਰਉਪਕਾਰ ਵਸ ਅੰਗੀਕਾਰ ਕਰਕੇ ਸੰਸਾਰ ਦੇ ਭਲੇ ਵਾਸਤੇ ਲਾਉਣਾ ਸ਼ੁਰੂ ਕਰ ਦਿੰਦੇ ਨੇ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ – ੬੪੯*

ਤੇ ਨੌਂ ਨਿੱਧੀਆਂ, ਅਠਾਰ੍ਹਾਂ ਸਿੱਧੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ। ਉਨ੍ਹਾਂ ਨਾਲ ਜਿਹੜਾ ਸਬੰਧ ਪੈਦਾ ਕਰ ਲਏ ਕਹਿੰਦੇ ਉਸ ਦਾ ਵੀ ਘਰ ਭਰ ਜਾਂਦਾ ਹੈ ਉਸ ਨੂੰ ਬੜੀਆਂ

ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਐਸੇ ਪੁਰਸ਼ ਜੋ ਪਰਵਾਨ ਹੋ ਚੁੱਕੇ ਨੇ ਦਰਗਾਹ ਵਿਚੋਂ, ਜਿਨ੍ਹਾਂ ਦਾ ਵਾਹਿਗੁਰੂ ਆਪਣਾ ਬਣ ਗਿਆ ਹੈ, ਸਦਾ ਤੋਂ ਜਿਨ੍ਹਾਂ ਦੀ ਰੱਖਦਾ ਤੁਰਿਆ ਆ ਰਿਹਾ ਹੈ, ਕਹਿੰਦੇ ਉਸ ਦੇ ਵੀ ਨੇੜੇ ਲੱਗ ਕੇ ਜੇ ਕੋਈ ਸੇਵਾ ਵੀ ਕਰਦਾ ਹੈ ਉਸ ਨੂੰ ਚਾਰ ਪਦਾਰਥ ਜਿਹੜੇ ਕਿਸੇ ਵੀ ਕੀਮਤ ਤੇ ਕਿਸੇ ਵੀ ਤਰੀਕੇ ਨਾਲ ਨਹੀਂ ਮਿਲਦੇ।

ਇਕ ਨੂੰ ਤਾਂ ਧਰਮ ਕਹਿੰਦੇ ਨੇ। ਧਰਮ ਦੇ ਗੁਣ ਹੁੰਦੇ ਨੇ, 10 ਖੰਭੇ ਗਿਣੇ ਨੇ ਜਿਨ੍ਹਾਂ ਨੂੰ ਧਰਮ ਕਹਿੰਦੇ ਨੇ ਸਮੁੱਚਿਆਂ ਨੂੰ।

ਦੂਸਰਾ ਪੈਸਾ ਟਕਾ ਹੋਇਆ ਕਰਦਾ ਹੈ। ਤੀਸਰਾ ਬੇਅੰਤ ਕਾਮਨਾਵਾਂ, ਵਾਸ਼ਨਾਵਾਂ ਨੇ। ਚੌਥਾ ਹੋਇਆ ਕਰਦਾ ਹੈ ਕਿ ਸੰਸਾਰ ਵਿਚ ਰਹਿਣ ਤੋਂ ਬਾਅਦ ਫੇਰ ਇਸ ਸੰਸਾਰ ਦੇ ਚੱਕਰ ਵਿਚੋਂ ਨਿਕਲ ਕੇ ਪਰਮ-ਸੁਖ ਅਵਸਥਾ ਪ੍ਰਾਪਤ ਕਰਕੇ ਮੁਕਤੀ ਦੀ ਅਵਸਥਾ ਮਿਲ ਜਾਵੇ। ਮਹਾਰਾਜ ਜੀ ਕਹਿੰਦੇ ਇਹ ਚਾਰ ਚੀਜ਼ਾਂ ਜੇ ਤੂੰ ਲੈਣੀਆਂ ਨੇ ਤਾਂ ਇਹ ਵਾਹਿਗੁਰੂ ਦੇ ਪਿਆਰਿਆਂ ਕੋਲ ਹੁੰਦੀਆਂ ਹਨ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਤੀਰਥ ਕਰਨ ਨਾਲ ਇਕ ਫਲ ਮਿਲਿਆ ਕਰਦਾ ਹੈ ਕਿਉਂਕਿ ਉਹ ਵੱਧ ਨਹੀਂ ਦੇ ਸਕਿਆ ਕਰਦੇ, ਉਹ ਵੀ ਪਹਿਲਿਆਂ ਜੁੱਗਾਂ ਵਿਚ ਦਿੰਦੇ ਸੀ। ਹੁਣ ਤਾਂ ਮਹਾਰਾਜ ਕਹਿੰਦੇ -

*ਆਠ ਪਹਰ ਸਿਮਰਹੁ ਪ੍ਰਭ ਨਾਮੁ ॥*
*ਅਨਿਕ ਤੀਰਥ ਮਜਨੁ ਇਸਨਾਨੁ ॥*
*ਪਾਰਬ੍ਰਹਮ ਕੀ ਸਰਣੀ ਪਾਹਿ ॥*
*ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥*
*ਅੰਗ - ੧੮੪*

ਉਹ ਤਾਂ ਵਿਚਾਰੇ ਮੈਲ ਨਾਲ ਭਰ ਗਏ ਉਨ੍ਹਾਂ ਦੀ ਸਕਤੀ ਨਸ਼ਟ ਹੋ ਗਈ। ਉਹ ਤਾਂ ਅਰਦਾਸਾਂ ਕਰਦੇ ਨੇ ਵਾਹਿਗੁਰੂ ਦੇ ਦਰ ਤੇ ਕਿ ਹੇ ਪ੍ਰਭੂ! ਤੂੰ ਆਪਣਾ ਕੋਈ ਪਿਆਰਾ ਭੇਜ ਜਿਹੜਾ ਇੱਥੇ ਇਸ਼ਨਾਨ ਕਰੇ ਤੇ ਇਸ਼ਨਾਨ ਕਰਨ ਦੇ ਨਾਲ, ਸਾਡੇ ਜੋ ਰੰਗ ਕਾਲੇ ਸਿਆਹ ਹੋਏ ਪਏ ਨੇ ਇਹ ਪਵਿੱਤਰ ਹੋ ਜਾਣ ਤੇ ਸਾਡੇ ਵਿਚ ਸੱਤਾ ਫੇਰ ਆ ਜਾਵੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ*
*ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ - ੧੨੬੩*

ਕਿਉਂ ਕਰਦੇ ਨੇ ਇਹ ਉਦਮ ਕਿਉਂਕਿ -

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ*
*ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

ਓਹੀ ਜਿਹੜੇ ਸਾਧੂ ਨੇ, ਭਗਤ ਨੇ ਉਨ੍ਹਾਂ ਦੀ ਧੂੜ ਨੂੰ ਤੀਰਥ ਲੋਚਦੇ ਫਿਰਦੇ ਨੇ। ਸੋ ਐਸੀ ਬਰਕਤ ਵਾਹਿਗੁਰੂ ਜੀ ਉਸ ਦੇ ਵਿਚ ਪਾ ਦਿੰਦੇ ਨੇ ਕਿ ਰਿੱਧੀਆਂ-ਸਿੱਧੀਆਂ ਸਾਰੀਆਂ ਚੀਜ਼ਾਂ, ਫੇਰ ਰਾਖਾ ਆਪ ਬਣ ਜਾਂਦਾ ਹੈ।

ਸਾਰਾ ਰਾਜ ਇਕ ਪਾਸੇ ਹੈ ਤੇ ਸਖਤ ਹੁਕਮ ਹੋ ਗਏ ਕਿ ਆਹ ਜੋ ਸੱਤ ਸਾਲ ਦਾ ਬੱਚਾ ਹੈ ਜਿਸ ਦਾ ਨਾਮ ਪ੍ਰਹਿਲਾਦ ਹੈ ਇਸਨੂੰ ਸਾਰੇ ਹੀ ਜਵਾਨ ਜਿਹੜੇ ਨਿਸ਼ਾਨੇ ਵਿਚ ਪੱਕੇ ਨੇ ਉਹ ਸਾਰੇ ਇਸਨੂੰ ਤੀਰਾਂ ਨਾਲ ਮਾਰ ਦਿਓ, ਅਸੀਂ ਆਵਾਜ਼ ਦੇਵਾਂਗੇ ਇਕੱਠੇ ਹੀ ਲੱਗਣ ਇਸ ਦੇ। ਜਦੋਂ ਆਵਾਜ਼ ਦਿਤੀ ਤਾਂ ਸੈਂਕੜੇ ਹੀ ਤੀਰ ਚਲਾਏ ਗਏ ਪਰ ਪ੍ਰਹਿਲਾਦ ਦੇ ਇਕ ਵੀ ਨਾ ਲੱਗਿਆ। ਹੈਰਾਨ ਹੋ ਗਏ ਕਿ ਸਾਡਾ ਤਾਂ ਨਿਸ਼ਾਨਾ ਹੀ ਨਹੀਂ ਸੀ ਕਦੇ ਚੁਕਿਆ।

ਹਰਿਨਾਖਸ਼ ਨੇ ਕਿਹਾ ਕਿ ਇਸ ਤੋਂ ਅੱਗੇ ਹੋਰ ਵਧੋ। ਸਾਰੇ ਤਲਵਾਰਾਂ ਲੈ ਲਓ ਜਿੰਨੇ ਬੰਦੇ ਘੇਰਾ ਲੈ ਕੇ ਇਕ ਦਮ ਮਾਰ ਸਕਦੇ ਨੇ ਸਾਰੇ ਇਸ ਦੇ ਸਿਰ ਵਿਚ ਮਾਰੋ ਇਕੱਠੀਆਂ ਤਲਵਾਰਾਂ। ਸਾਰੀਆਂ ਤਲਵਾਰਾਂ ਮਾਰੀਆਂ ਤੇ ਪ੍ਰਹਿਲਾਦ ਓਸੇ ਤਰ੍ਹਾਂ ਹੈ, ਪਤਾ ਹੀ ਨਹੀਂ ਲਗਦਾ ਤਲਵਾਰਾਂ ਗਈਆਂ ਕਿੱਧਰ ਨੂੰ ਕਿਉਂਕਿ ਰਾਖਾ ਹੋ ਗਿਆ ਉਸ ਦਾ। ਜਿਸ ਦਾ ਰਾਖਾ ਹੋ ਜਾਵੇ -

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥*
*ਅੰਗ - ੫੧੯*

ਉਸ ਦੀ ਹਾਰ ਨਹੀਂ ਹੋਇਆ ਕਰਦੀ, ਉਸ ਦੀ ਹਮੇਸ਼ਾ ਜਿੱਤ ਹੀ ਹੋਇਆ ਕਰਦੀ ਹੈ, ਆਪ ਰੱਖਣ ਵਾਲਾ ਹੋ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਜੁਗਾਂ-ਜੁਗਾਂਤਰਾਂ ਤੋਂ ਉਹ ਪ੍ਰਮੇਸ਼ਰ ਰੱਖਦਾ ਹੀ ਤੁਰਿਆ ਆਇਆ ਹੈ ਹਰ ਥਾਂ ਤੇ ਉਨ੍ਹਾਂ ਦੀ ਰੱਖਦਾ ਹੈ। ਦੂਜੇ ਪਾਸੇ ਜੋ ਮਨਮੁਖ ਨੇ ਉਹ ਰੀਸਾਂ ਕਰਦੇ ਨੇ। ਮਹਾਰਾਜ ਜੀ ਕਹਿੰਦੇ ਜੇ ਰੀਸਾਂ ਕਰਦਾ ਹੈਂ ਉਹ ਵਿਗੁਚ ਜਾਇਆ ਕਰਦਾ ਹੈ ਉਸਨੂੰ ਕੁਝ ਨਹੀਂ ਮਿਲਦਾ। ਐਵੇਂ ਪਾਖੰਡ ਕਰ-ਕਰਕੇ ਥੱਕ ਜਾਂਦਾ ਹੈ ਤੇ ਵਾਹਿਗੁਰੂ ਜੀ ਉਨ੍ਹਾਂ ਦੇ ਅਚਿੰਤ ਹੀ ਕੰਮ ਕਰਦਾ ਹੈ, ਫੁਰਨਾ ਪਿਛੋਂ ਆਏਗਾ ਤੇ ਕੰਮ ਪਹਿਲਾਂ ਕਰਿਆ ਪਿਆ ਹੁੰਦਾ ਹੈ ਜਿਨ੍ਹਾਂ ਨੂੰ ਨਾਮ ਪਿਆਰਾ ਹੁੰਦਾ ਹੈ। ਹੈਰਾਨ ਹੋ ਜਾਂਦੇ ਨੇ ਕਿ ਆਪਣੇ-ਆਪ ਹੀ ਪ੍ਰਮੇਸ਼ਰ ਕੰਮ ਕਰੀ ਜਾਂਦਾ ਹੈ। ਪ੍ਰਮੇਸ਼ਰ ਕਹਿੰਦਾ ਹੈ ਕਿ ਮੇਰੀ ਸੇਵਾ ਇਹ ਕਰਦੇ ਨੇ ਤੇ ਮੇਰਾ ਮਨ ਤਾਂ ਪ੍ਰਸੰਨ ਹੁੰਦਾ ਹੈ ਜੇ ਮੈਂ ਭਗਤਾਂ ਦੀ ਸੇਵਾ ਕਰਾਂ।

(ਬਾਕੀ ਪੰਨਾ 43 ਤੇ)

# ਤਿਨਿ ਤਿਆਗੀ ਮਾਇਆ..

*ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ*
*ਬਾਨੀ ਵਿ. ਗੁ. ਰੂ. ਮਿਸ਼ਨ, ਰਤਵਾੜਾ ਸਾਹਿਬ*

***ਨਾਰਾਇਨ ਨਰਪਤਿ ਨਮਸਕਾਰੈ ॥***
***ਐਸੇ ਗੁਰ ਕਉ ਬਲਿ ਬਲਿ ਜਾਈਐ***
***ਆਪਿ ਮੁਕਤੁ ਮੋਹਿ ਤਾਰੈ ॥ ੧ ॥***
***ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥***
***ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥***
***ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥***
***ਕਹੁ ਨਾਨਕ ਸੰਤਨ ਰਸੁ ਆਈ ਹੈ***
***ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੧***

ਅੱਜ ਦਾ ਜੋ ਪੁਰਬ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਭਗਤਾਂ ਦੀ ਬਹੁਤ ਵੱਡੀ ਵਡਿਆਈ ਕੀਤੀ ਗਈ ਹੈ। ਸਾਧੂਆਂ, ਸੰਤਾਂ ਦੀ ਬਹੁਤ ਵੱਡੀ ਵਡਿਆਈ ਕੀਤੀ ਗਈ ਹੈ। ਕਿਉਂਕਿ ਉਨ੍ਹਾਂ ਦੇ ਜ਼ਿੰਮੇ ਪ੍ਰਮੇਸ਼ਰ ਵਲੋਂ ਖਾਸ ਡਿਊਟੀਆਂ ਲੱਗੀਆਂ ਹੁੰਦੀਆਂ ਨੇ, ਜਿਸ ਨੂੰ ਸਿਰੇ ਚਾੜ੍ਹਨ ਵਾਸਤੇ ਉਹ ਸੰਸਾਰ 'ਚ ਆਇਆ ਕਰਦੇ ਨੇ। ਉਨ੍ਹਾਂ ਦਾ ਕੰਮ ਕੀ ਹੁੰਦਾ ਹੈ ਕਿ ਭੁੱਲੀਆਂ ਹੋਈਆਂ ਰੂਹਾਂ, ਟੁੱਟੀਆਂ ਹੋਈਆਂ ਰੂਹਾਂ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਲ ਜੋੜਨਾ ਹੈ। ਹੋਰ ਵਾਧੂ ਦੇ ਕੰਮ ਜੇ ਫੁਰਸਤ ਮਿਲਦੀ ਹੈ ਕਰਦੇ ਨੇ, ਨਹੀਂ ਤਾਂ ਮੌਜ ਹੈ ਉਨ੍ਹਾਂ ਦੀ ਕਰਨ, ਨਾ ਕਰਨ। ਪਰ ਇਕ ਡਿਊਟੀ ਉਨ੍ਹਾਂ ਦੀ ਪੱਕੀ ਹੁੰਦੀ ਹੈ ਭੁੱਲਿਆਂ ਹੋਇਆ ਨੂੰ ਪ੍ਰਮੇਸ਼ਰ ਦੇ ਨਾਲ ਜੋੜਨਾ। ਅਗਿਆਨੀਆਂ ਨੂੰ ਗਿਆਨ ਬਖਸ਼ਣਾ, ਅੰਨ੍ਹਿਆਂ ਨੂੰ ਲਾਈਟ ਦੇਣੀ। ਜੋ ਮਨ ਦੇ ਅੰਨ੍ਹੇ ਘੂਕ ਨੇ ਉਨ੍ਹਾਂ ਦੇ ਮਨ ਦੇ ਵਿਚ ਪ੍ਰਕਾਸ਼ ਪੈਦਾ ਕਰਨਾ, ਇਹ ਸੰਤਾਂ ਦੀ ਡਿਊਟੀ ਹੋਇਆ ਕਰਦੀ ਹੈ। ਬਾਕੀ ਜੋ ਡਿਊਟੀਆਂ ਨੇ ਸੰਤਾਂ ਦੀਆਂ ਹੋਰ ਚੀਜ਼ਾਂ ਬਣਾਉਣੀਆਂ ਜਿਵੇਂ ਹਸਪਤਾਲ ਬਣਾਉਣੇ, ਸਕੂਲ ਬਣਾਉਣੇ, ਗੁਰਦੁਆਰੇ ਬਣਾਉਣੇ, ਉਨ੍ਹਾਂ ਸਾਰਿਆਂ ਨਾਲੋਂ ਜ਼ਰੂਰੀ ਹੋਇਆ ਕਰਦੀ ਹੈ ਕਿ ਜੋ ਗੁਰਦੁਆਰਾ ਅਸਲੀ ਹੈ, ਜੋ ਮੰਦਰ ਅਸਲੀ ਹੈ, ਮਸਜਿਦ ਜੋ ਅਸਲੀ ਹੈ ਉਹ ਸਰੀਰ ਹੈ ਜਿਸ ਵਿਚ ਵਾਹਿਗੁਰੂ ਰਹਿੰਦਾ ਹੈ। ਏਸ ਸਰੀਰ ਦੇ ਅੰਦਰ ਪ੍ਰਮੇਸ਼ਰ ਦਿਖਾਉਣਾ ਹੈ ਉਨ੍ਹਾਂ ਨੇ ਤੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ ਕਿ ਆਉਂਦੇ ਹੀ ਸੰਸਾਰ ਦੇ ਉਤੇ ਏਸੇ ਕੰਮ ਵਾਸਤੇ ਹੁੰਦੇ ਨੇ ਕਿ ਕੋਲ ਰਹਿੰਦੇ ਪ੍ਰਮੇਸ਼ਰ ਨੂੰ ਦਿਖਾ ਦੇਣ ਤੇ ਉਹਦੇ ਨਾਲ ਮਿਲਾ ਦੇਣ। ਸੋ ਉਨ੍ਹਾਂ ਦੀ ਮਹਿਮਾਂ ਕਿੰਨੀ ਵਰਣਨ ਕੀਤੀ ਹੈ ਗੁਰੂ ਨਾਨਕ ਪਾਤਸ਼ਾਹ ਜੋ ਕਿ ਆਪ ਪ੍ਰਮੇਸ਼ਰ ਸਰੂਪ ਸੀ, ਆਪ ਦਾ ਫੁਰਮਾਨ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***
***ਅੰਗ - ੩੦੫***

ਜਿਹੜਾ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਇਸ ਰਸਤੇ ਲਾਉਂਦਾ ਹੈ, ਮਹਾਰਾਜ ਕਹਿੰਦੇ ਅਸੀਂ ਧੂੜੀ ਮੰਗਦੇ ਹਾਂ ਭਾਈ ਉਹਦੀ। ਐਵੇਂ ਹੀ ਨਾ ਸਮਝਿਓ।

ਅਸੀਂ ਤਾਂ ਫਤਹਿ ਵੀ ਬੁਲਾਉਂਦੇ ਕਤਰਾਉਂਦੇ ਹਾਂ ਕਿ ਕਿਤੇ ਫਤਹਿ ਨਾ ਬੁਲਾ ਦੇਈਏ। ਇਹ ਮੈਨੂੰ ਹੀ ਬੁਲਾ ਦੇਵੇ ਚੰਗਾ ਹੈ ਮੈਂ ਨਾ ਬੁਲਾਵਾਂ। ਮੇਰੇ ਹੱਥ ਨਾ ਇਹਦੇ ਅੱਗੇ ਜੁੜ ਜਾਣ। ਪਰ ਧੰਨ ਹੈ ਗੁਰੂ ਨਾਨਕ ਪਾਤਸ਼ਾਹ ਜੋ ਸੱਚ ਨੂੰ ਲਕੋਂਦੇ ਨਹੀਂ ਹਨ ਪ੍ਰਗਟ ਕਰਕੇ ਸਾਨੂੰ ਦਸਦੇ ਨੇ, ਪਰ ਅਸੀਂ ਵੀ ਧੰਨ ਜਿਹੜੇ ਉਨ੍ਹਾਂ ਦੀ ਗੱਲ ਕੰਨਾਂ ਰਾਹੀਂ ਸੁਣਦੇ ਨਹੀਂ ਫੇਰ ਸੁਣ ਕੇ ਅੰਦਰ ਨਹੀਂ ਜਾਣ ਦਿੰਦੇ। ਦੋਵੇਂ ਧੰਨ ਨੇ ਇਕ ਉਧਰਲੇ ਪਾਸੇ ਹੈ ਇਕ ਓਧਰ। ਉਹ ਤਾਂ ਕਹਿੰਦੇ ਨੇ ਕਿ ਜਿਹੜੇ ਪ੍ਰਮੇਸ਼ਰ ਨੂੰ ਮਿਲਾਉਂਦੇ ਨੇ ਅਸੀਂ ਉਨ੍ਹਾਂ ਦੀ ਧੂੜੀ ਮੰਗਦੇ ਹਾਂ, ਅਸੀਂ ਕਹਿੰਦੇ ਹਾਂ ਕਿ ਅਸੀਂ ਉਨ੍ਹਾਂ ਨੂੰ ਦੇਖਣਾ ਹੀ ਨਹੀਂ ਪਸੰਦ ਕਰਦੇ, ਗੱਲ ਕਰਨੀ ਪਸੰਦ ਨਹੀਂ ਕਰਦੇ, ਸਾਡੇ ਮਨ ਦੇ ਅੰਦਰ ਨਫਰਤ ਆਉਂਦੀ ਹੈ, ਬੁਰੀਆਂ ਗੱਲਾਂ ਉਠਦੀਆਂ ਨੇ ਜਦੋਂ ਕਿਸੇ ਰੱਬ ਦੇ ਪਿਆਰੇ ਨੂੰ ਦੇਖਦੇ ਹਾਂ।

ਸੋ ਇਸ ਤਰ੍ਹਾਂ ਉਨ੍ਹਾਂ ਨੇ ਤਾਂ ਆਪਣੀ ਡਿਊਟੀ ਕਰਦੇ ਤੁਰੇ ਜਾਣਾ ਹੈ। ਸੋ ਭਾਈ ਨੰਦਲਾਲ ਜੀ ਜੋ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਪਿਆਰ ਵਿਚ ਐਨੇ ਘੁਲ ਮਿਲ ਗਏ ਸੀ ਕਿ ਟੁੱਟੇ ਹੋਏ ਕੇਸ ਦੀ ਕੀਮਤ ਆਪ ਨੇ ਕਿਹਾ ਕਿ ਦੋ ਜਹਾਨਾਂ ਦਾ ਜੋ ਮੁੱਲ ਹੈ, ਉਹ ਵੀ ਨਹੀਂ ਹੈ। ਐਨਾ ਪਿਆਰ ਵਿਚ ਉਹ ਸਮਾਅ ਗਏ ਸੀ। ਹਰ ਵਕਤ ਉਨ੍ਹਾਂ ਦੇ ਹਿਰਦੇ ਦੇ ਅੰਦਰ ਗੁਰੂ ਦਸ਼ਮੇਸ਼ ਪਿਤਾ ਸਾਖਸ਼ਾਤ ਰੂਪ ਦੇ ਵਿਚ ਵਸਦੇ ਰਹਿੰਦੇ ਸੀ ਤੇ ਜੋ ਕੁਛ ਉਹ ਲਿਖਦੇ ਸੀ, ਜੋ ਬੋਲਦੇ ਸੀ ਅੰਦਰੋਂ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਲਿਖਿਆ ਕਰਦੇ ਸੀ। ਇਸੇ ਕਰਕੇ ਹੀ ਬਾਵਜੂਦ ਇਸਦੇ ਕਿ ਉਹ ਬਾਣੀ ਫਾਰਸੀ ਵਿਚ ਹੈ, ਸਾਡੀ ਸਮਝ ਤੋਂ ਪਰ੍ਹੇ ਦੀ ਹੈ ਅੱਜਕਲ੍ਹ ਦੇ ਬੰਦਿਆਂ ਦੇ ਕਿਉਂਕਿ ਹੁਣ ਤਾਂ ਉਰਦੂ ਵੀ ਭੁੱਲ ਗਏ ਫਾਰਸੀ ਤਾਂ ਇਕ ਪਾਸੇ ਰਹੀ। ਉਹ ਬਾਣੀ ਸਾਡੇ ਪ੍ਰਮਾਣਾਂ ਵਾਸਤੇ ਪੜ੍ਹੀ ਜਾਂਦੀ ਹੈ, ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਤਿਕਾਰ ਦਿੰਦੇ ਹਾਂ, ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਵੀ ਅਸੀਂ ਸਤਿਕਾਰ ਦਿੰਦੇ ਹਾਂ। ਕਿਉਂ? ਕਿਉਂਕਿ ਉਨ੍ਹਾਂ ਦੇ ਲਿਖੇ ਹੋਏ ਚਾਰ-ਪੰਜ ਗ੍ਰੰਥ ਗੁਰੂ ਦਸ਼ਮੇਸ਼ ਪਿਤਾ ਦੀ ਜਦੋਂ ਭੇਟਾ ਹੋਏ, ਮਹਾਰਾਜ ਨੇ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਜਿਥੇ ਉਨ੍ਹਾਂ ਨੇ ਬੰਦਗੀਨਾਮਾ ਲਿਖਿਆ ਉਥੇ ਆਪ ਨੇ ਕੱਟ ਕੇ

ਜ਼ਿੰਦਗੀਨਾਮਾ ਆਪ ਨੇ ਕਰ ਦਿਤਾ। ਪੜ੍ਹੇ ਹੋਏ ਗ੍ਰੰਥ approve ਕਰੇ ਹੋਏ।

ਸੋ ਉਨ੍ਹਾਂ ਦਾ ਆਉਣਾ ਹੀ ਸੰਸਾਰ ਦੇ ਉਤੇ ਭੁੱਲੇ ਭਟਕੇ ਜੀਵ ਜੋ ਨਰਕਾਂ ਵਲ ਨੂੰ ਤੁਰੇ ਜਾ ਰਹੇ ਨੇ, ਪਾਪਾਂ ਦੇ ਰਾਹ ਪਏ ਹੋਏ ਨੇ, ਪ੍ਰਮੇਸ਼ਰ ਤੋਂ ਟੁੱਟੇ ਹੋਏ ਨੇ, ਉਨ੍ਹਾਂ ਨੂੰ ਜੋੜ ਕੇ ਪ੍ਰਮੇਸ਼ਰ ਦੇ ਰਾਹ ਪਾ ਦੇਣਾ। ਸੰਤ ਕਦੇ ਨਹੀਂ ਕਹਿੰਦੇ ਕਿ ਤੂੰ ਸ਼ਰਾਬ ਪੀਆ ਕਰ, ਮਾਸ ਖਾਇਆ ਕਰ, ਚੁਗਲੀਆਂ ਕਰਿਆ ਕਰ, ਨਿੰਦਿਆ ਕਰਿਆ ਕਰ, ਝੂਠ ਬੋਲਿਆ ਕਰ, ਛਲ ਕਰਿਆ ਕਰ, ਕਪਟ ਕਰਿਆ ਕਰ, ਰਿਸ਼ਵਤ ਲਿਆ ਕਰ ਫੇਰ ਸਾਨੂੰ ਵੀ ਦਿਆ ਕਰ। ਸੰਤ ਨਹੀਂ ਕਦੇ ਵੀ ਕਹਿੰਦੇ। ਸੰਤਾਂ ਦਾ ਕੰਮ ਹੁੰਦਾ ਹੈ ਉਸ ਦੀਆਂ ਭੁੱਲਾਂ ਕੱਢਣੀਆਂ, ਜਿਸ ਜਿਸ ਥਾਂ ਤੋਂ ਉਹ ਉਕਾਈ ਖਾਂਦਾ ਹੈ, ਉਸ ਉਕਾਈ ਨੂੰ ਜੀਵਨ 'ਚੋਂ ਕੱਢਣਾ ਤੇ ਸਿੱਧੇ ਰਾਹ ਪਾ ਦੇਣਾ। ਸਮ ਉਪਦੇਸ਼ ਹੋਇਆ ਕਰਦਾ ਹੈ। ਫੁਰਮਾਨ ਕਰਦੇ ਨੇ ਕਿ –

*ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ।*
*ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਸੰਤਾਂ ਦਾ ਆਉਣਾ ਸੰਸਾਰ ਦੇ ਉਤੇ ਜਿਹੜੇ ਗੁੰਮ ਹੋ ਗਏ, ਗੁੰਮਸ਼ੁਦਾ, ਭੁੱਲ ਗਏ ਰਸਤਾ, ਉਨ੍ਹਾਂ ਨੂੰ ਰਾਹ ਦੱਸਣ ਵਾਸਤੇ ਸੰਸਾਰ ਤੇ ਆਉਂਦੇ ਨੇ।

*'ਗੋਯਾ' ਅਗਰ ਈਂ ਚਸ਼ਮਿ ਤੌ ਮੁਸ਼ਤਾਕਿ ਖ਼ੁਦਾ ਅਸਤ।*
*ਮਰਦਾਨਿ ਖ਼ੁਦਾ ਖ਼ੁਦਾਨਾਮਾ ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਕਹਿੰਦੇ ਹੇ ਨੰਦਲਾਲ! ਜੇ ਤੈਨੂੰ ਲੋੜ ਹੈ, ਜੇ ਤੇਰੇ ਵਿਚ ਚਾਹ ਹੈ ਕਿ ਮੈਂ ਵਾਹਿਗੁਰੂ ਦੇ ਦਰਸ਼ਨ ਇਹਨਾਂ ਅੱਖਾਂ ਦੇ ਨਾਲ ਕਰ ਲਵਾਂ, ਤਾਂ ਸੁਣ ਲੈ ਜਿਹੜੇ ਸੰਤ ਨੇ ਉਨ੍ਹਾਂ ਵਿਚ ਦੇ ਪ੍ਰਮੇਸ਼ਰ ਵਿਚ ਭੇਦ ਨਹੀਂ ਹੋਇਆ ਕਰਦਾ। ਇਹ ਗੱਲ ਤੂੰ ਮੇਰੇ ਤੋਂ ਸੁਣ ਲੈ। ਉਹ ਆਉਂਦੇ ਹੀ ਇਸ ਕਰਕੇ ਨੇ ਕਿ ਸੰਸਾਰ ਦੇ ਭੁੱਲੇ-ਭਟਕਿਆਂ ਨੂੰ ਰਸਤੇ ਪਾ ਦਿਤਾ ਜਾਵੇ। ਸੋ ਗੁਰੂ ਮਹਾਰਾਜ ਅੰਦਰ ਵੀ ਫੁਰਮਾਨ ਹੈ –

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥*
*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥*
*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥*
*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥*
*ਅੰਗ – ੩੨੦*

ਮਹਾਰਾਜ ਨੇ ਉਨ੍ਹਾਂ ਦੀਆਂ ਨੀਸ਼ਾਨੀਆਂ ਦੱਸ ਦਿਤੀਆਂ ਕਿ ਨਿਸ਼ਾਨੀ ਇਹ ਹੁੰਦੀ ਹੈ ਕਿ ਜਿਹਦੇ ਨਾਲ ਮਿਲ ਕੇ ਆਦਮੀ ਸੰਸਾਰ ਤੋਂ ਤਰ ਜਾਵੇ, ਉਹ ਸਾਧੂ ਦੀ ਨੀਸ਼ਾਨੀ ਹੈ। ਜਿਹਨੂੰ ਮਿਲ ਕੇ 'ਜਮਕੰਕਰ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ' ਦੁਬਾਰਾ ਮੌਤ ਨਾ ਹੋਵੇ ਤੇ ਜਮਾਂ ਦਾ ਜੋ ਡਰ ਹੈ ਉਹ ਨੇੜੇ ਨਾ ਆਵੇ, ਜਿਹੜਾ ਬਿਹੁ ਦਾ ਜ਼ਹਿਰ ਦਾ, ਸੰਸਾਰ ਰੂਪੀ ਭਵਸਾਗਰ ਹੈ ਇਹਨੂੰ ਪਾਰ ਉਤਰ ਜਾਵੇ। ਵਾਹਿਗੁਰੂ ਦੇ ਨਾਮ ਦਾ ਭੰਡਾਰਾ ਮਨ ਵਿਚ ਭਰੇ, ਜਿਸ ਨਾਲ ਸਾਰੀ ਮੈਲ ਦੂਰ ਹੋ ਜਾਂਦੀ ਹੈ। ਭਾਵੇਂ ਬਾਲਮੀਕ ਨੂੰ ਸਾਧੂ ਮਿਲੇ, ਉਨ੍ਹਾਂ ਨੂੰ ਵੀ ਤਾਰਿਆ। ਬਚਨ ਸੀ ਉਨ੍ਹਾਂ ਦਾ, ਇਕ ਬਚਨ ਨੇ ਹੀ ਤਾਰ ਦਿਤਾ। ਕਹਿਣ ਲੱਗੇ, ਬਾਲਮੀਕ! ਇਹ ਠੀਕ ਹੈ ਕਿ ਤੂੰ ਚੋਰੀਆਂ ਕਰਦਾ ਹੈਂ, ਡਾਕੇ ਮਾਰਦਾ ਹੈਂ, ਬੰਦੇ ਮਾਰਦਾ ਹੈਂ ਪਰ ਤੂੰ ਇਹ ਤਾਂ ਦੱਸ ਇਹ ਤੂੰ ਕਾਹਦੇ ਵਾਸਤੇ ਕਰਦਾ ਹੈਂ, ਇਹ ਜੀਵ ਨੂੰ ਲੇਖਾ ਦੇਣਾ ਪੈਣਾ ਹੈ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*
*ਅੰਗ – ੬੫੬*

ਇਹ ਤਾਂ ਲੇਖੇ ਤੈਨੂੰ ਦੇਣੇ ਪੈਣੇ ਨੇ, ਜਾਹ ਘਰ ਪੁੱਛ ਕੇ ਆ, ਕੋਈ ਤਿਆਰ ਹੈ ਤੇਰੇ ਨਾਲ ਲੇਖੇ ਦੇਣ ਨੂੰ। ਉਹ ਹਸਦੇ ਨੇ, ਪਿਆਰ ਨਾਲ ਬੁਲਾਉਂਦੇ ਨੇ, ਪਰ ਉਹ ਕਹਿੰਦੇ ਕਿ ਜਿਹੜਾ ਤੇਰੇ ਅੰਤ ਸਮੇਂ ਦਾ ਪਾਪਾਂ ਦਾ ਬੋਝ ਹੈ ਉਹ ਨਹੀਂ ਅਸੀਂ ਵੰਡਾ ਸਕਦੇ। ਮਹਾਂਪੁਰਸ਼ਾਂ ਕੋਲ ਆ ਗਿਆ। ਕਹਿਣ ਲੱਗੇ, ਕਿਉਂ? ਕਹਿਣ ਲੱਗਿਆ, ਕੋਈ ਨਹੀਂ ਸਹਾਇਤਾ ਕਰਦਾ। ਕਹਿੰਦੇ, ਫੇਰ ਤੈਨੂੰ ਹੀ ਸਹਿਣੇ ਪੈਣੇ ਨੇ ਸਾਰੇ ਦੁੱਖ। ਬਚਨ ਕਰ ਦਿਤਾ।

ਕਹਿਣ ਲੱਗਿਆ ਮਹਾਰਾਜ! ਮੈਨੂੰ ਤਾਰ ਦਿਓ। ਮਹਾਂਪੁਰਸ਼ਾਂ ਨੇ ਕਿਹਾ ਕਿ ਤਾਰਨ ਦਾ ਇਕੋ ਹੀ ਤਰੀਕਾ ਹੈ ਕਿ ਤੂੰ ਰਾਮ ਰਾਮ ਰਾਮ ਦੀ ਜਗ੍ਹਾ ਮਰਾ ਮਰਾ ਮਰਾ ਕਰੀ ਜਾਹ ਇਹ ਪਲਟ ਕੇ ਰਾਮ-ਰਾਮ ਹੋ ਜਾਏਗਾ, ਹਟੀ ਨਾ। ਇਕ ਦਿਨ ਗੱਲ ਕਹਿ ਕੇ ਸੰਤ ਚਲੇ ਗਏ, ਐਡਾ ਡੂੰਘਾ ਘਾਵ ਪਿਆ ਉਹਦੇ ਹਿਰਦੇ ਦੇ ਅੰਦਰ, ਕੁਹਾੜਾ ਸੁੱਟ ਦਿਤਾ, ਘਰ ਜਾਣਾ ਛੱਡ ਦਿਤਾ, ਜੰਗਲ ਵਿਚ ਰਹਿਣਾ ਸ਼ੁਰੂ ਕਰ ਦਿਤਾ। ਕਹਿਣ ਲੱਗਿਆ, ਘਰ ਦੇ ਤਾਂ ਪੁੱਠੀ ਮਤ ਦਿੰਦੇ ਨੇ ਮੈਨੂੰ। ਮੇਰੀ ਸਹਾਇਤਾ ਕਿਸੇ ਨੇ ਨਹੀਂ ਕਰਨੀ ਤੇ ਟਕ ਪ੍ਰਮੇਸ਼ਰ ਦਾ ਨਾਮ ਜਪਦਾ ਹੈ, ਚੌਦਾਂ ਸਾਲ ਤੋਂ ਬਾਅਦ ਮਹਾਤਮਾ ਫੇਰ ਆਉਂਦੇ ਨੇ, ਜਦੋਂ ਦੇਖਦੇ ਨੇ ਉਹਦੇ ਰੋਮ ਰੋਮ ਦੇ ਵਿਚੋਂ ਆਵਾਜ਼ ਆ ਰਹੀ ਹੈ, ਰਾਮ-ਰਾਮ-ਰਾਮ ਰਾਮ, ਜਿੰਨੀ ਆਲੇ ਦੁਆਲੇ ਪ੍ਰਕਿਰਤੀ ਹੈ, ਦਰਖਤਾਂ 'ਚੋਂ, ਹਰ ਚੀਜ਼ 'ਚੋਂ, ਰਾਮ ਦੇ ਨਾਮ ਦੀ ਐਨੀ ਸਮਾਈ ਹੋ ਗਈ, ਪੱਤੇ-ਪੱਤੇ ਦੇ ਵਿਚੋਂ ਰਾਮ ਦੇ ਨਾਮ ਦੀ ਆਵਾਜ਼ ਸੰਤਾਂ ਨੂੰ

ਸੁਣ ਰਹੀ ਹੈ। ਸੰਤਾਂ ਨੇ ਦੇਖਿਆ ਕਿ ਇਹ ਤਾਂ ਵਾਤਾਵਰਣ ਹੀ ਸਾਰਾ ਪਵਿੱਤਰ ਹੋ ਗਿਆ ਤੇ ਕਿੱਡਾ ਵੱਡਾ ਹੋ ਗਿਆ, ਪੂਜਨੀਕ ਹੋ ਗਿਆ। ਛੋਟੀ ਜਿਹੀ ਜਾਤ ਸੀ ਮਹਾਰਾਜ ਕਹਿੰਦੇ ਨੇ ਕਿ ਨਿੱਕੀ ਤੋਂ ਨਿੱਕੀ ਜਾਤ ਸੀ ਉਹਦੀ। ਕਿਹੜੀ ਜਾਤ ਤੋਂ ਕਿੱਡਾ ਵੱਡਾ ਪਦ ਉਸਨੇ ਪ੍ਰਾਪਤ ਕੀਤਾ। ਸੋ ਰਾਮ ਦੇ ਨਾਮ ਦੀ ਮਹਿਮਾ ਕਿੰਨੀ ਵੱਡੀ ਹੈ। ਸੋ ਮਹਾਤਮਾ ਨੇ ਭੁੱਲੇ ਨੂੰ ਰਾਹ ਪਾ ਦਿਤਾ।

ਜੇ ਗਨਕਾ ਦੇ ਪਾਸ ਜਾਂਦੇ ਨੇ, ਤੋਤਾ ਦੇ ਦਿਤਾ, ਕਹਿਣ ਲੱਗੇ ਬੀਬਾ ਐਹਦੇ ਨਾਲ ਤਰ ਜਾਏਂਗੀ, ਤੂੰ ਰਾਮ-ਰਾਮ ਕਹਾਈ ਜਾਹ। ਕਹਾਈ ਗਈ, ਰੋਜ਼ ਪੜ੍ਹਾਉਂਦੀ ਹੈ –

***ਲਿਵਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।***
***ਭਾਈ ਗੁਰਦਾਸ ਜੀ, ਵਾਰ 10/21***

ਪਾਪਾਂ ਦਾ ਭਰਿਆ ਹੋਇਆ ਸਰੀਰ, ਜਿਹੜਾ ਬਿਲਕੁਲ ਹੀ ਪਾਪ ਦਾ ਰੂਪ ਹੋ ਗਿਆ ਸੀ –

***ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਇਕੋ ਬਚਨ ਕਿਹਾ ਹੈ ਕਿ ਰਾਮ-ਰਾਮ ਕਰੀ ਜਾਈਂ, ਉਹਨੇ ਮੰਨ ਲਿਆ, ਉਹ ਹਟੀ ਨਹੀਂ ਹੈ, ਸਵਾਲ ਇਥੇ ਆ ਜਾਂਦਾ ਹੈ ਕਿ ਬਚਨ ਤਾਂ ਗੁਰੂ ਗ੍ਰੰਥ ਸਾਹਿਬ ਬੇਅੰਤ ਕਰਦੇ ਨੇ, ਪਰ ਅਸੀਂ ਮੰਨਦੇ ਨਹੀਂ ਹਾਂ। ਆਹੀ ਸਾਡੇ 'ਚ ਨੁਕਸ ਹੈ –

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥***
***ਅੰਗ - ੧੩੭੨***

ਕਹਿੰਦੇ ਅੰਨ੍ਹਿਆਂ ਨੂੰ ਲਗਦੀ ਨਹੀਂ ਹੈ ਜਿਵੇਂ ਬਾਂਸ ਵਿਚ ਫੂਕ ਸਾਰ-ਪਾਰ ਲੰਘ ਜਾਂਦੀ ਹੈ, ਕੋਈ ਆਵਾਜ਼ ਨਹੀਂ ਕਰਦੀ, ਇਸੇ ਤਰ੍ਹਾਂ ਦੇ ਨਾਲ ਐਹ ਮਨੁੱਖਾਂ ਦਾ ਹਾਲ ਹੈ, ਸੰਸਾਰ ਦਾ ਹਾਲ ਹੈ। ਦਿਨ ਰਾਤ ਅਖੰਡਪਾਠ ਹੁੰਦੇ ਨੇ, ਕੀਰਤਨ ਹੁੰਦੇ ਨੇ, ਬੇਅੰਤ ਰਾਗੀ ਢਾਡੀ ਲੱਗੇ ਰਹਿੰਦੇ ਨੇ, ਸਾਧੂ ਮਹਾਂਪੁਰਸ਼ ਹਾਕਾਂ ਮਾਰੀ ਜਾਂਦੇ ਨੇ। ਲੇਕਿਨ ਇਹ ਜੀਵ ਇਕ ਬਚਨ ਵੀ ਨਹੀਂ ਸੁਣਦਾ, ਇਕ ਵੀ। ਗੁਰੂ ਸਾਹਿਬ ਤਾਂ ਬਹੁਤ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਨੇ ਕਿ-

***ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥***
***ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥***
***ਅੰਗ - ੧੩੭੬***

ਕਰਕੇ ਦੇਖ ਲਓ। ਢਾਈ ਤਿੰਨ ਸਾਲ ਲਗਾਤਾਰ ਵਾਹਿਗੁਰੂ ਵਾਹਿਗੁਰੂ ਕਰ ਲਓ, ਕਿਤੇ ਬੈਠ ਕੇ ਕਰ ਲਓ, ਲਗਾਤਾਰ ਕਰ ਲਓ, ਹਟੋ ਨਾ ਕਦੇ ਵੀ, ਜੇ ਕਹੋ ਕਿ ਮੇਰੀ ਜੀਭ ਥੱਕ ਜਾਏਗੀ, ਜੀਭ ਨੇ ਤਾਂ ਆਪੇ ਹਟ ਜਾਣਾ ਹੈ, ਬੋਲਣੀ ਹੀ ਨਹੀਂ ਹੈ, ਇਹ ਵਾਹਿਗੁਰੂ-ਵਾਹਿਗੁਰੂ ਕਰਦੇ ਵਾਹਿਗੁਰੂ ਅੰਦਰ ਚਲਿਆ ਜਾਣਾ ਹੈ। ਜੀਭ ਮਾੜੀ ਮਾੜੀ ਹਿੱਲਣ ਲਗ ਜਾਣੀ ਹੈ, ਬੋਲ ਨੇ ਬੰਦ ਹੋ ਜਾਣਾ ਹੈ। ਕੰਠ ਵਿਚ ਚਲਿਆ ਜਾਣਾ ਹੈ, ਕੰਠ ਨੇ ਹਰਕਤ ਕਰਨੀ ਹੈ, ਮੂੰਹ ਬੰਦ ਹੈ। ਹਿਰਦੇ ਵਿਚ ਚਲਿਆ ਜਾਣਾ ਹੈ, ਉਹਦੇ ਵਿਚ vibration ਹੋਣੀ ਹੈ, ਨਾਭੀ ਵਿਚ ਚਲਿਆ ਜਾਣਾ ਹੈ, ਮਹਾਨ ਚੁੱਪ ਦੇ ਅੰਦਰ, ਆਗਿਆ ਚੱਕਰ ਵਿਚ ਆ ਜਾਣਾ ਹੈ ਉਸ ਥਾਂ ਦੇ ਉਤੇ ਨਾਲ ਅਨਹਦ ਨਾਦ ਵੱਜਣੇ ਸ਼ੁਰੂ ਹੋ ਜਾਣੇ ਨੇ। ਲੰਘਦੇ-ਲੰਘਦੇ ਰੋਮ-ਰੋਮ ਵਿਚ ਨਾਮ ਆ ਜਾਣਾ ਹੈ, ਫੇਰ ਨਾਮ ਭੁੱਲਿਆ ਨਹੀਂ ਕਰਦਾ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***
***ਅੰਗ - ੧੨੬੫***

ਸਾਰੇ ਪ੍ਰਮੇਸ਼ਰ ਦਾ ਨਾਮ ਸੁਣਨਾ ਸ਼ੁਰੂ ਹੋ ਜਾਂਦਾ ਹੈ, ਟਰੈਕਟਰ ਚੱਲ ਰਿਹਾ ਹੈ, ਤਾਂ ਨਾਮ ਚੱਲ ਰਿਹਾ ਹੈ। ਪਹਿਲੇ ਨੂੰ ਤਾਂ ਉਹ ਦੁਖੀ ਕਰਦਾ ਹੈ, ਕਹਿੰਦਾ ਹੈ ਕਿ ਆਵਾਜ਼ ਨਹੀਂ ਬੰਦ ਹੁੰਦੀ, ਮੈਨੂੰ ਸੁਣਦੀ ਨਹੀਂ, ਜਿਹੜਾ ਲੰਘ ਗਿਆ ਉਹ ਕਹਿੰਦਾ ਹੈ ਕਿ ਇਹ ਤਾਂ ਵਾਹਿਗੁਰੂ-ਵਾਹਿਗੁਰੂ ਕਰਦਾ ਹੈ, ਜੇ ਇੰਜਣ ਕਰ ਰਿਹਾ ਹੈ ਟਿਊਬਵੈਲ ਦੇ ਉਤੇ ਤਾਂ ਵੀ ਵਾਹਿਗੁਰੂ-ਵਾਹਿਗੁਰੂ ਕਰ ਰਿਹਾ ਹੈ, ਉਹਨੂੰ ਸਾਰੇ ਪਾਸੇ ਸੁਣਨ ਲਗ ਜਾਂਦਾ ਹੈ –

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***
***ਅੰਗ - ੧੪੨੦***

ਤੇ ਕਰਦੇ-ਕਰਦੇ ਵਾਹਿਗੁਰੂ ਸਮਾਅ ਜਾਂਦਾ ਹੈ ਸਰੀਰ ਵਿਚ, ਫੇਰ ਚਾਹੇ ਕਰੋ, ਚਾਹੇ ਨਾ ਕਰੋ, ਆਪੇ ਹੀ ਹੋਈ ਜਾਂਦਾ ਹੈ। ਨਾਮ ਤਾਂ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਬਾਹਰੋਂ ਨਹੀਂ ਆਉਣਾ, ਲੇਕਿਨ ਬਾਹਰੋਂ ਜਪ ਜਪ ਕੇ ਅਸੀਂ ਉਹਦੇ ਨਾਲ ਜਾ ਕੇ ਕਨੈਕਸ਼ਨ ਜੋੜਨਾ ਹੈ, ਜਦੋਂ ਕਨੈਕਸ਼ਨ ਜੁੜ ਗਿਆ ਫੇਰ ਨਾਮ ਆਪਣੇ ਆਪ ਬਾਹਰ ਉਭਲ ਵਾਂਗੂੰ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਫੇਰ vibration ਹੁੰਦੀ ਹੈ, ਉਚੀਆਂ ਬਿਰਤੀਆਂ ਹੋ ਜਾਂਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਕੋਈ ਵੀ ਜਪ ਲਓ ਏਸ ਨੇ ਜਪ ਲਿਆ।

ਜਦੋਂ ਨਾਮ ਹਿਰਦੇ 'ਚ ਵਸ ਗਿਆ, ਸਰੀਰ ਵਿਚ ਵਸ ਗਿਆ, ਫੇਰ ਸਰੀਰ ਪਵਿੱਤਰ ਹੋ ਜਾਂਦਾ ਹੈ। ਨਾਮ

ਜਪਣ ਵਾਲਾ ਜਿੱਥੇ ਚਰਣ ਧਰ ਦੇਵੇ ਉਹ ਧੂੜਾ ਪਵਿੱਤਰ ਹੋ ਜਾਂਦੀ ਹੈ ਤੇ ਮਹਾਰਾਜ ਕਹਿੰਦੇ ਇਹ ਧੂੜੀ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਹਨੂੰ ਦਾਨ ਦੇ ਰੂਪ ਵਿਚ ਪ੍ਰਮੇਸ਼ਰ ਤੋਂ ਮੰਗ ਕਰਦੇ ਨੇ।

*ਦਾਨੁ ਮਹਿੰਡਾ ਤਲੀ ਖਾਕੁ*
*ਜੇ ਮਿਲੈ ਤ ਮਸਤਕਿ ਲਾਈਐ ॥ ਅੰਗ - ੪੬੮*

ਜੇ ਕਿਤੇ ਮਿਲ ਜਾਵੇ ਐਹੋ ਜਿਹੇ ਪਿਆਰਿਆਂ ਦੀ ਧੂੜ ਤਾਂ ਮਸਤਕ ਨਾਲ ਲਾ ਲਈਏ ਪਰ ਮਹਾਰਾਜ ਕਹਿੰਦੇ ਮਿਲਦੀ ਨਹੀਂ ਹੈ -

*ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥*
*ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥*
*ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥*
*ਮਤਿ ਥੋੜੀ ਸੇਵ ਗਵਾਈਐ ॥ ਅੰਗ - ੪੬੮*

ਪਹਿਲਾਂ ਪੂਰਬ ਲਿਖਿਆ ਹੋਵੇ ਮੱਥੇ ਵਿਚ ਤਾਂ ਸੰਤਾਂ ਦੀ ਧੂੜੀ ਮਿਲਦੀ ਹੈ। ਚਾਹੇ ਚਰਨ ਦੀ ਧੂੜੀ ਹੈ, ਚਾਹੇ ਮੁਖ ਦੀ ਧੂੜੀ ਹੈ। ਸੋ ਇਸ ਤਰ੍ਹਾਂ ਗਨਕਾ ਨੇ ਕਮਾਈ ਕਰਨ ਲਈ ਨਾਮ ਦੀ, ਕਮਾਈ ਕਰਕੇ ਸਰੀਰ ਦੇ ਵਿਚੋਂ ਮੈਲ ਨਿਕਲ ਗਈ ਪਾਪਾਂ ਦੀ ਸਾਰੀ। ਜਿਵੇਂ ਚੁਵੱਚਾ ਹੋਵੇ ਟਿਊਬਵੈਲ ਦਾ, ਉਹਦੇ ਵਿਚ ਸਾਬਣ ਵਾਲੇ ਕੱਪੜੇ ਵੀ ਨਿਚੋੜ ਦਿਤੇ ਹੋਣ ਤੇ ਡੀਜ਼ਲ ਵਾਲੇ ਹੱਥ ਵਿਚ ਧੋ ਦਿਤੇ ਹੋਣ, ਉਹ ਵੀ ਕੂੜ ਕਬਾੜ ਧੋ ਲਿਆ ਹੋਵੇ ਇਹਦੇ ਵਿਚ, ਉਹ ਪਾਣੀ ਸਾਫ ਤਾਂ ਹੁੰਦਾ ਹੈ ਜੇ ਟਿਊਬਵੈਲ ਚਲਾ ਕੇ ਉਹਦੇ ਵਿਚ ਪਾਣੀ ਪੈਣਾ ਸ਼ੁਰੂ ਹੋ ਜਾਵੇ। ਆਪਣੇ ਆਪ ਹੀ ਕੁੱਛ ਘੰਟਿਆਂ ਬਾਅਦ ਨਿਰਮਲ ਜਲ ਹੋ ਜਾਇਆ ਕਰਦਾ ਹੈ। ਕੋਈ ਸ਼ੱਕ ਨਹੀਂ ਰਹਿੰਦਾ, ਸਾਰੀ ਮੈਲ ਧੋ ਕੇ ਕੱਢ ਦਿੰਦਾ ਹੈ। ਐਸੇ ਤਰ੍ਹਾਂ ਦੇ ਨਾਲ ਉਹਦੀ ਵੀ ਪ੍ਰਮੇਸ਼ਰ ਦਾ ਨਾਮ ਜਪਦੇ-ਜਪਦੇ ਜਿਹੜੀ ਖੋਟੀ ਮਤ ਸੀ ਉਹ ਸਾਰੀ ਉਹਦੀ ਦੂਰ ਹੋ ਗਈ। ਫੇਰ ਉਚੀ ਵੱਡੀ ਪਰਮਗਤੀ ਨੂੰ ਪ੍ਰਾਪਤ ਹੋ ਗਈ।

ਸੋ ਇਨ੍ਹਾਂ ਜੋ ਸਾਧੂਆਂ ਦੀ ਮਹਿਮਾ ਹੈ ਮਹਾਰਾਜ ਕਹਿੰਦੇ ਉਹ ਬਹੁਤੀ ਉਚੀ ਹੈ। ਤਿੰਨ ਗੁਣ - ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਰਹਿਣ ਵਾਲੀ ਦੁਨੀਆਂ ਇਹਨੂੰ ਨਹੀਂ ਪਤਾ ਲੱਗਦਾ ਉਨ੍ਹਾਂ ਦੀ ਮਹਿਮਾ ਦਾ। ਵੇਦ ਜਿਹੜਾ ਰਚਿਆ ਗਿਆ ਹੈ ਉਹ ਤਿੰਨਾਂ ਗੁਣਾਂ ਵਿਚ ਹੈ-

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ*
*ਤਤੈ ਸਾਰ ਨ ਜਾਣੀ ॥ ਅੰਗ - ੯੨੦*

ਤੱਤ ਦੀ ਸਾਰ ਨਹੀਂ ਜਾਣਦੇ, ਤਿੰਨ ਗੁਣਾਂ ਦੀ ਵਿਆਖਿਆ ਕਰ ਸਕਦੇ ਨੇ। ਸਾਧੂ ਜਿਹੜਾ ਹੈ ਉਹ ਤਿੰਨ ਗੁਣਾਂ ਤੋਂ ਉਪਰ ਚੌਥੇ ਪਦ ਵਿਚ ਨਿਵਾਸ ਰੱਖਦਾ ਹੈ। ਇਸ ਕਰਕੇ ਇਹਦੀ ਮਹਿਮਾ ਨੂੰ ਮਹਾਰਾਜ ਕਹਿੰਦੇ ਇਹ ਦੂਰ ਹੈ, ਉਚੀ ਹੈ ਬਹੁਤੀ।

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥*
*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਐਸੇ ਜੋ ਪ੍ਰਮੇਸ਼ਰ ਦੇ ਨਾਲ ਅਭੇਦ ਅਵਸਥਾ ਦੇ ਸਾਧੂ, ਗੁਰਸਿੱਖ, ਗੁਰਮੁਖ, ਸੰਤ ਕੋਈ ਨਾਉਂ ਦੇ ਲਓ। ਨਾਉਂ ਦਾ ਨਹੀਂ ਫਰਕ ਹੋਇਆ ਕਰਦਾ, ਉਹਨਾਂ ਦੀ ਮਹਿਮਾ ਤਿੰਨੋ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਦੂਰ ਹੋਣ ਕਰਕੇ, ਉਹਦੀ ਮਹਿਮਾ ਨੂੰ ਵੇਦ ਨਹੀਂ ਜਾਣਦੇ।

ਇਕ ਰਾਜੇ ਨੇ ਇਸ ਗੱਲ ਦੇ ਉਤੇ ਸ਼ੰਕਾ ਪ੍ਰਗਟ ਕੀਤੀ। ਕਹਿਣ ਲੱਗੇ, ਸੰਤ ਜੀ! ਵੇਦ ਤਾਂ ਅਕਾਲ ਪੁਰਖ ਦੀ ਬਾਣੀ ਹੈ, ਪ੍ਰਮੇਸ਼ਰ ਦੀ ਬਾਣੀ। ਉਹ ਬਾਣੀ ਤਾਂ ਬਹੁਤ ਉਚੀ ਹੈ, ਉਹ ਮਹਿਮਾ ਕਿਉਂ ਨਹੀਂ ਜਾਣਦੇ? ਮਹਾਤਮਾ ਕਹਿਣ ਲੱਗੇ ਕਿ ਵੇਦ ਬਾਣੀ ਜੋ ਹੈ ਉਹ ਤਿੰਨਾਂ ਗੁਣਾਂ ਦਾ ਵਿਚਾਰ ਕਰਦੀ ਹੈ। ਚੌਥੇ ਪਦ ਦਾ ਵਿਚਾਰ ਵੇਦ ਕੋਲ ਨਹੀਂ ਹੁੰਦਾ, ਚੌਥੇ ਪਦ ਦਾ ਵਿਚਾਰ ਸੰਤਾਂ ਕੋਲ ਹੋਇਆ ਕਰਦਾ ਹੈ। ਵੇਦਾਂ ਸਾਸ਼ਤਰਾਂ ਵਿਚ ਨਹੀਂ ਹੁੰਦਾ, ਉਹ ਅਨੁਭਵ ਦੀ ਚੀਜ਼ ਹੈ ਲਿਖੀ ਨਾ ਜਾਣ ਵਾਲੀ ਚੀਜ਼ ਹੈ ਉਹ। ਉਹਨੂੰ ਸਾਧੂ ਹੀ ਜਾਣਦੇ ਨੇ ਹੋਰ ਕੋਈ ਜਾਣਦਾ ਨਹੀਂ। ਏਸ ਕਰਕੇ ਸਾਧੂ ਦੀ ਮਹਿਮਾ ਨਹੀਂ ਜਾਣਦਾ ਕਿਉਂਕਿ ਜਿਥੇ ਸਾਧੂ ਰਹਿੰਦੇ ਨੇ ਉਥੇ ਵੇਦ ਦੀ ਪਹੁੰਚ ਨਹੀਂ ਹੈ। ਵੇਦ ਨੇ ਦੁਨੀਆਂ ਦੀ ਗੱਲ ਕਰਨੀ ਹੈ, ਦੁਨੀਆਂ ਵਾਸਤੇ ਰਚੇ ਗਏ ਨੇ, ਸਾਧੂ ਜਿਹੜੇ ਨੇ ਉਹ ਚੌਥੇ ਪਦ ਵਿਚ ਰਹਿੰਦੇ ਨੇ ਏਸ ਕਰਕੇ ਉਹਦੀ ਮਹਿਮਾ ਨੂੰ ਜਾਣਦਾ ਨਹੀਂ ਕੋਈ ਵੀ। ਬਾਰ-ਬਾਰ ਜਦੋਂ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤੇਰੇ ਨਾਲ ਨਹੀਂ ਹਠ ਕਰਦੇ, ਤੇਰਾ ਪੁੱਤਰ ਤੈਨੂੰ ਦੱਸੇਗਾ ਇਸ ਬਾਰੇ। ਹੈਰਾਨ ਹੋ ਗਿਆ ਕਹਿੰਦਾ ਸੰਤ ਜੀ! ਮੈਂ ਬਚਨ ਕਰਨਾ ਚਾਹੁੰਦਾ ਹਾਂ। ਬੇਨਤੀ ਕਰਨੀ ਹੈ। ਕਹਿਣ ਲੱਗਿਆ, ਮਹਾਰਾਜ! ਵੇਦ ਦਾ ਜੋ ਜੋਤਿਸ਼ ਸਾਸ਼ਤਰ ਹਿੱਸਾ ਹੋਇਆ ਕਰਦਾ ਹੈ, ਉਹਦੇ ਮੁਤਾਬਿਕ ਮੇਰੇ ਤਾਂ ਪੁੱਤਰ ਹੋਣਾ ਹੀ ਨਹੀਂ ਏਸ ਜਨਮ ਦੇ ਅੰਦਰ? ਤੁਸੀਂ ਇਹ ਕਹਿੰਦੇ ਓਂ ਕਿ ਤੇਰਾ ਪੁੱਤਰ ਦੱਸੇਗਾ? ਕਹਿੰਦੇ ਤਾਂ ਮਹਿਮਾ ਸਾਧਾਂ ਦੀ ਦਾ ਪਤਾ ਲੱਗੇਗਾ, ਵੇਦ ਨੇ ਜਿਹੜੀ ਗੱਲ ਕਹਿ ਦਿਤੀ ਸਾਧੂ ਉਲਟਾ ਦਿੰਦੇ ਨੇ। ਕਹਿਣ ਲੱਗਿਆ ਉਹ

ਕਿਵੇਂ? ਕਹਿੰਦਾ ਜਦੋਂ ਸਿਆਹੀ ਤਿਆਰ ਕਰੀ ਸੀ ਨਾ ਵੇਦਾਂ ਦੀ, ਹਿਮਾਲੀਆਂ ਪਰਬਤ ਤੋਂ ਬਹੁਤ ਸੋਧ-ਸੋਧ ਕੇ ਚੀਜ਼ਾਂ ਲਿਆਂਦੀਆਂ ਸੀ ਤੇ ਜਿਹੜੀਆਂ ਕਲਮਾਂ ਲਿਆਂਦੀਆਂ ਸੀ ਲਿਖਣ ਵਾਲੀਆਂ ਉਹ ਵੀ ਬਹੁਤ ਸ਼ੁੱਧ ਥਾਂ ਤੋਂ ਲਿਆਂਦੀਆਂ ਸੀ। ਫੇਰ ਉਨ੍ਹਾਂ ਨੂੰ ਮੰਤ੍ਰ-ਮੰਤ੍ਰ ਕੇ ਸ਼ੁੱਧ ਕਰਿਆ ਗਿਆ। ਬੜੀ ਦੇਰ ਤੱਕ ਜਗ ਹੁੰਦਾ ਰਿਹਾ ਤੇ ਮੰਤਰੀਆਂ ਗਈਆਂ ਤਾਂ ਜਾ ਕੇ, ਕਿਉਂਕਿ ਪ੍ਰਮੇਸ਼ਰ ਦਾ ਨਾਮ ਲਿਖਣਾ ਸੀ। ਨਾਮ ਬੇਅੰਤ ਸ਼ੁੱਧ ਸੀ ਉਹ ਬੇਅੰਤ ਸ਼ੁੱਧ ਚੀਜ਼ ਨਾਲ ਲਿਖਿਆ ਜਾਵੇ ਤਾਂ ਠੀਕ ਹੁੰਦਾ ਹੈ। ਉਸ ਵੇਲੇ ਲਿਖਦੇ ਗਏ ਤੇ ਜਦੋਂ ਚਾਰੋ ਵੇਦ ਲਿਖੇ ਗਏ, ਉਸ ਤੋਂ ਬਾਅਦ ਕੁੱਝ ਸਿਆਹੀ ਬਚ ਗਈ ਪ੍ਰਭੂ ਨੂੰ ਬੇਨਤੀ ਕੀਤੀ ਗਈ ਕਿ ਇਹ ਜੋ ਪਵਿੱਤਰ ਸਿਆਹੀ ਬਚੀ ਹੋਈ ਹੈ ਇਹਦੇ ਨਾਲ ਕੀ ਲਿਖੀਏ, ਕਿੱਥੇ ਰੱਖੀਏ? ਉਹ ਕਹਿੰਦੇ ਦੇ ਦਿਓ, ਪੰਜਵਾਂ ਵੇਦ ਜੋ ਹੈ ਉਹ ਲਿਖਿਆ ਜਾਏਗਾ, ਉਹ ਸੰਤਾਂ ਦੀ ਜ਼ੁਬਾਨ ਹੋਏਗੀ ਤੇ ਉਹ ਪੰਜਵਾਂ ਵੇਦ ਹੈ ਜਿੱਥੇ ਸੰਤ ਬੋਲਣਗੇ, ਚਾਰ ਵੇਦ ਦੁਨੀਆਂ ਵਾਸਤੇ ਨੇ ਤੇ ਸੰਤ ਇਸ ਤੋਂ ਉਪਰ ਨੇ। ਕਹਿਣ ਲੱਗੇ, ਠੀਕ ਹੈ ਚਾਰਾਂ ਵੇਦਾਂ ਨੇ ਨਹੀਂ ਲਿਖਿਆ ਕਿ ਤੇਰੇ ਓਲਾਦ ਹੋਏਗੀ, ਜੋਤਸ਼ ਨੇ ਤੇ ਹੁਣ ਓਲਾਦ ਹੋਏਗੀ ਤੇ ਨੌਂ ਸਾਲ ਤੋਂ ਬਾਅਦ ਉਹਦੀ ਉਮਰ ਵੀ ਸਮਾਪਤ ਹੋਣੀ ਹੈ ਤੇ ਤੈਨੂੰ ਉਹ ਦੱਸ ਜਾਏਗਾ ਕਿ ਮਹਿਮਾ ਕੀ ਹੁੰਦੀ ਹੈ ਸੰਤਾਂ ਦੀ। ਨੌਂ ਸਾਲ ਗਿਆਰ੍ਹਾਂ ਦਿਨ ਦੀ ਉਮਰ ਹੋਏਗੀ, ਦਿਨ ਵੀ ਦੱਸ ਦਿਤੇ, ਪਹਿਰ ਵੀ ਦੱਸ ਦਿਤੇ। ਰਾਜਾ ਹੈਰਾਨ ਹੁੰਦਾ ਹੈ, ਜੋਤਸ਼ੀ ਬੁਲਾਏ ਕਹਿਣ ਲੱਗਿਆ, ਵਿਚਾਰ ਤਾਂ ਕਰੋ ਕਿ ਸੰਤ ਕਹਿ ਗਏ ਕਿ ਤੇਰੇ ਪੁੱਤਰ ਹੋ ਜਾਏਗਾ, ਮੇਰਾ ਤਾਂ ਪੁੱਤਰ ਹੋਣਾ ਨਹੀਂ। ਕਹਿਣ ਲੱਗੇ ਕਿ ਮਹਾਰਾਜ! ਅਸੀਂ ਫੇਰ ਹਿਸਾਬ ਸੋਧ ਕੇ ਪੂਰੀ ਤਰ੍ਹਾਂ ਲਾਇਆ ਹੈ, ਕਿਤੇ ਗਲਤੀ ਨਾ ਰਹਿ ਗਈ ਹੋਵੇ ਪਰ ਤੁਹਾਡੇ ਪੁੱਤਰ ਨਹੀਂ ਹੋਣਾ। ਲੇਕਿਨ ਨੌਂ ਮਹੀਨਿਆਂ ਤੋਂ ਬਾਅਦ ਉਹਦੇ ਘਰ ਓਲਾਦ ਹੋ ਗਈ। ਲੜਕਾ ਹੋ ਗਿਆ, ਉਸ ਦੇ ਪੁੱਤਰ ਤਾਂ ਹੋ ਗਿਆ, ਹੁਣ ਜਿਹੜਾ ਸੰਤਾਂ ਦਾ ਅਗਲਾ ਬਚਨ ਹੈ ਉਹ ਵੀ ਪੂਰਾ ਹੋਣਾ ਹੈ, ਨੌਂ ਸਾਲ ਗਿਆਰ੍ਹਾਂ ਦਿਨ ਦੀ ਉਮਰ ਹੈ ਇਹਦੀ ਤੇ ਹੁਣ ਮੈਨੂੰ ਮੋਹ ਮਾਇਆ ਤੋਂ ਬਚਾਓ। ਜੇ ਮੈਂ ਪੁੱਤਰ ਦਾ ਦਰਸ਼ਨ ਕਰ ਲਿਆ ਤੇ ਮੇਰੇ ਹਿਰਦੇ ਵਿਚ ਬੈਠ ਜਾਣਾ ਹੈ। ਉਹਨੇ ਚਲੇ ਜਾਣਾ ਹੈ ਤੇ ਮੈਨੂੰ ਬਹੁਤ ਪੀੜਾ ਹੋਏਗੀ। ਚੰਗਾ ਇਹ ਹੈ ਕਿ ਉਹਨੂੰ ਨੌਂ ਸਾਲ ਗਿਆਰ੍ਹਾਂ ਦਿਨ ਬਾਹਰ ਰੱਖ ਕੇ ਪਾਲਿਆ ਜਾਵੇ, ਜੇ ਉਸ ਤੋਂ ਵਧ ਗਿਆ ਮੇਰੇ ਰਾਜ ਵਿਚ ਲੈ ਆਉਣਾ। ਜੰਗਲ ਦੇ ਅੰਦਰ ਬਣਾ ਦਿਤਾ ਗਿਆ ਮਹਿਲ, ਪਾਲਣ ਦਾ ਬੰਦੋਬਸਤ ਕਰ ਦਿਤਾ। ਅਖੀਰ ਜਦੋਂ ਦਿਨ ਪੂਰੇ ਹੋਣ ਤੇ ਆਏ ਤਾਂ ਉਹਦੀ ਜਿਹੜੀ ਦਾਈ ਸੀ ਉਹਨੂੰ ਪਾਲਣ ਵਾਲੀ ਉਹ ਉਸ ਨੂੰ ਕਹਿਣ ਲੱਗੀ ਮੈਂ ਤੇਰੀ ਮਾਂ ਨਹੀਂ ਹਾਂ ਮੈਂ ਤਾਂ ਤੈਨੂੰ ਪਾਲਣਾ ਹੈ। ਕਹਿਣ ਲੱਗਿਆ ਕੀ ਗੱਲ? ਸਾਰੀ ਗੱਲ ਦੱਸ ਦਿਤੀ ਕਿ ਤੇਰੇ ਪਿਤਾ ਨਾਲ ਸੰਤਾਂ ਦਾ ਬਚਨ ਹੋਇਆ ਸੀ, ਉਹ ਕਹਿੰਦੇ ਨੇ ਵੇਦ ਜਾਣਦੇ ਨੇ ਵੇਦਾਂ ਦੀ ਮਹਿਮਾ ਪਰ ਸੰਤ ਕਹਿੰਦੇ ਨਾ, ਸੰਤਾਂ ਨੂੰ ਨਹੀਂ ਪਤਾ। ਇਹ ਤਾਂ ਪਾਰਬ੍ਰਹਮ ਪ੍ਰਮੇਸ਼ਰ ਹੀ ਜਾਣਦਾ ਹੈ ਹੋਰ ਨਹੀਂ ਕੋਈ ਵੀ ਜਾਣਦਾ ਕਿਉਂਕਿ ਉਹਦੇ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੁੰਦਾ।

***ਸਾਧ ਕੀ ਸੋਭਾ ਸਾਧ ਬਨਿ ਆਈ ॥***
***ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨***

ਕਹਿਣ ਲੱਗਿਆ, ਕੋਈ ਤਰੀਕਾ? ਕਹਿਣ ਲੱਗੀ ਕਿ ਮਹਾਤਮਾ ਆਏ ਹੋਏ ਨੇ ਉਥੇ ਚੱਲ ਕੇ ਅਰਦਾਸ ਕਰਦੇ ਹਾਂ। ਮਹਾਤਮਾ ਆ ਗਏ, ਬੱਚੇ ਨੇ ਜਾ ਕੇ ਨਮਸਕਾਰ ਕਰੀ, ਮਹਾਂਪੁਰਸ਼ਾਂ ਨੇ ਅਸ਼ੀਰਵਾਦ ਦਿਤੀ, ਜਦੋਂ ਉਸ ਬੱਚੇ ਨੇ ਬੇਨਤੀ ਕਰੀ ਕਿ ਮਹਾਰਾਜ! ਮੇਰੀ ਉਮਰ ਖਤਮ ਹੋਣ ਵਿਚ ਥੋੜ੍ਹੇ ਜਿਹੇ ਦਿਨ ਰਹਿ ਗਏ, ਇਕ ਮਹਾਤਮਾ ਨੇ ਮੈਨੂੰ ਉਮਰ ਐਨੀ ਬਖਸ਼ੀ ਸੀ, ਮੈਂ ਆਪਣੇ ਪਿਉ ਦੇ ਘਰ ਉਸਨੂੰ ਇਕ ਅਰਥ ਸਿਖਾਉਣ ਵਾਸਤੇ ਆਇਆ ਸੀ -

***ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਅੰਗ - ੨੭੨***

ਤੇ ਮੈਨੂੰ ਤਾਂ ਇਹ ਸਮਝ ਨਹੀਂ ਆਈ ਹੈ, ਮੈਂ ਮਹਿਮਾ ਉਹਨੂੰ ਕਿਵੇਂ ਦੱਸਾਂ? ਕਹਿੰਦੇ, ਮਹਿਮਾ ਤਾਂ ਸੰਤਾਂ ਨੇ ਹੀ ਦੱਸ ਦਿਤੀ ਸੀ। ਪਰ ਚੱਲ ਤੈਨੂੰ ਅਸੀਂ ਸੌ ਸਾਲ ਦੀ ਉਮਰ ਹੋਰ ਦਿੰਦੇ ਹਾਂ, ਜਾਹ ਜਾ ਕੇ ਆਪਣੇ ਪਿਤਾ ਕੋਲ ਚਲਿਆ ਜਾਹ। 109 ਸਾਲ ਗਿਆਰ੍ਹਾਂ ਦਿਨ ਦੀ ਤੇਰੀ ਉਮਰ ਹੋਏਗੀ। ਉਹਨੂੰ ਦੱਸ ਦੇਈਂ ਕਿ ਸਾਧਾਂ ਦੀ ਮਹਿਮਾ ਇਹ ਹੁੰਦੀ ਹੈ। ਸੋ ਮਹਾਰਾਜ ਕਹਿੰਦੇ ਕਿ ਸੰਤ ਨੇ ਤਾਰਨ ਵਾਸਤੇ ਆਇਆ ਕਰਦੇ ਨੇ ਸੰਸਾਰ ਨੂੰ।

ਗੁਰੂ ਮਹਾਰਾਜ ਸੰਤਾਂ ਦੀ ਮਹਿਮਾ ਦੱਸ ਦੇ ਹੋਏ ਸਾਨੂੰ ਦੱਸਣ ਵਾਸਤੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਅੰਗ - ੪੮੭***

ਗੋਬਿੰਦ-ਗੋਬਿੰਦ ਜਪਦੇ ਦਾ ਨਾਮਦੇਵ ਦਾ ਮਨ ਵਾਹਿਗੁਰੂ ਵਿਚ ਲੀਨ ਹੋ ਗਿਆ। ਮਨ, ਅਮਨ ਹੋ ਗਿਆ, ਉਨਮਨ ਹੋ ਗਿਆ, ਆਤਮ ਮੰਡਲ ਵਿਚ ਪ੍ਰਵੇਸ਼ ਕਰ ਗਿਆ। ਜਦੋਂ ਪ੍ਰਵੇਸ਼ ਕੀਤਾ -

***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥***
***ਅੰਗ - ੪੮੭***

ਜਿਸ ਤਰ੍ਹਾਂ ਦੇ ਨਾਲ ਬੈਂਕ ਸਾਡੀ ਹੈਸੀਅਤ ਨਾਪਦੇ ਨੇ ਕਿ ਆਹ ਬੰਦੇ ਦੀ ਐਨੀ ਹੈਸੀਅਤ ਹੈ ਕਿ ਇਹਨੂੰ ਐਨੇ ਹਜ਼ਾਰ ਕਰਜ਼ਾ ਦੇ ਦਿਓ। ਕਿਸਾਨ ਵੀ ਜਾਣਦੇ ਨੇ,

ਫੈਕਟਰੀਆਂ ਵਾਲੇ ਵੀ ਜਾਣਦੇ, ਇੰਡਸਟਰੀਆਂ ਵਾਲੇ ਜਾਣਦੇ ਨੇ ਕਿ ਐਨੀ ਲਿਮਟ ਮੇਰੀ ਫਿਕਸ ਹੋਈ ਹੈ, ਐਨਾ ਕਰਜ਼ਾ ਮੈਂ ਚੁੱਕ ਸਕਦਾ ਹਾਂ ਬੈਂਕ ਵਿਚੋਂ, ਜ਼ਮੀਨ ਜਾਇਦਾਦ ਦਾ ਹਿਸਾਬ ਲਾ ਕੇ, ਲਿਮਟ ਬੰਨ੍ਹ ਦਿੰਦੇ ਨੇ। ਏਸੇ ਤਰ੍ਹਾਂ ਸੰਸਾਰ ਵੀ ਜਾਣਦਾ ਹੈ ਜਦੋਂ ਕੋਈ ਗੱਲ ਕਰਦਾ ਹੈ ਕਿ ਕਹੇਗਾ ਉਹਦੀ ਗੱਲ ਨਾ ਕਰ, ਉਹ ਤਾਂ ਟਕੇ ਦਾ ਬੰਦਾ ਹੈ। ਉਹਦੀ ਹੈਸੀਅਤ ਨਹੀਂ ਬਹੁਤੀ ਵੱਡੀ, ਉਹ ਮਾਮੂਲੀ ਬੰਦਾ ਹੈ। ਸਾਧਾਰਣ ਹੈ। ਮਹਾਰਾਜ ਕਹਿੰਦੇ, ਜਦੋਂ ਸੰਸਾਰ ਉਹਨੂੰ ਆਪਣੇ ਗਜ਼ ਨਾਲ ਤੋਲਦਾ ਸੀ, ਉਹ 'ਆਢ ਦਾਮ ਕੋ ਛੀਪਰੋ' ਹੀ ਨਿਕਲਦਾ ਸੀ। ਕਿਉਂਕਿ ਮਿਹਨਤ ਕਰਕੇ ਖਾਂਦਾ ਸੀ। ਕੱਪੜੇ ਧੋਣੇ, ਚੰਦੇ ਠਾਪਣੇ, ਏਸ ਤਰ੍ਹਾਂ ਦੇ ਨਾਲ ਉਹਦੇ ਘਰ ਦਾ ਗੁਜ਼ਾਰਾ ਚਲਦਾ ਸੀ।

ਅੱਜਕਲ੍ਹ ਤਾਂ ਮੈਂ ਕਿਤਾਬਾਂ ਦੇਖੀਆਂ ਨੇ ਜਿਹਦੇ ਵਿਚ ਲਿਖਿਆ ਸੀ ਕਿ ਨਾਮਦੇਵ ਤਾਂ ਬਹੁਤ ਵੱਡਾ ਧਨੀ ਸੀ। ਵੱਡਾ ਅਮੀਰ ਸੀ। ਕਿਉਂਕਿ ਇਥੇ ਕੋਈ ਖਿੱਚਾ-ਖਿੱਚੀ ਜਿਹੀਆਂ ਪਈਆਂ ਹੋਈਆਂ ਨੇ, ਹੋਰ ਹੀ ਤਰ੍ਹਾਂ ਦੇ ਨਾਲ ਗੱਲਾਂ ਕਰਨੀਆਂ ਸੰਸਾਰ ਨੇ ਸ਼ੁਰੂ ਕਰ ਦਿਤੀਆਂ। ਕਲਜੁਗ ਹੈ, ਉਹਦੇ ਵਿਚ ਆਪਣੇ ਮਨ ਦੀ ਮਨੌਤ ਕਰੀ ਜਾਂਦੇ ਨੇ ਕਿ ਮੈਂ ਉਨ੍ਹਾਂ ਦੇ ਕੁਲ ਨਾਲ ਸਬੰਧ ਰੱਖਦਾ ਹਾਂ ਜੇ ਮੈਂ ਉਹਨੂੰ ਕਰੋੜਾਂਪਤੀ ਕਹਾਂਗਾ ਤਾਂ ਮੇਰੀ ਇੱਜ਼ਤ ਹੋਏਗੀ ਨਹੀਂ ਤਾਂ ਮੈਨੂੰ ਵੀ ਕਉਡੀ ਦਾ ਸਮਝਣਗੇ।

***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥***
***ਅੰਗ - ੪੮੭***

ਕਿੱਡਾ ਵੱਡਾ ਹੋਇਆ ਉਹ, ਜੋ ਹਿੰਦੁਸਤਾਨ ਦਾ ਬਾਦਸ਼ਾਹ ਸੀ ਸਲੇਮਸ਼ਾਹ। ਉਸ ਨੇ ਨਾਮਦੇਵ ਫੜ ਲਿਆ, ਗਊ ਮਰੀ ਤੇ ਕਿਹਾ ਕਿ ਇਹਨੂੰ ਜੀਉਂਦੀ ਕਰ ਦੇਹ। ਨਾਮਦੇਵ ਕਹਿਣ ਲੱਗਿਆ ਕਿ ਬਾਦਸ਼ਾਹ ਐਸਾ ਕਿਉਂ ਹੋਵੇ।

***ਬਿਸਮਿਲਿ ਕੀਆ ਨ ਜੀਵੈ ਕੋਇ ॥***
***ਮੇਰਾ ਕੀਆ ਕਛੂ ਨ ਹੋਇ ॥ ਅੰਗ - ੧੧੬੫***

ਐਸੀ ਕਿਉਂ ਹੋ ਜਾਏਗੀ? ਮਾਰਿਆ ਹੋਇਆ ਵੀ ਕਦੇ ਜੀਉਂਦਾ ਹੋਇਐ? ਅਖੀਰ ਉਹਨੇ ਜਦੋਂ ਬਹੁਤ ਜ਼ਿਆਦਾ ਤਕਰਾਰ ਕਰਿਆ ਤਾਂ ਇਥੇ ਤੱਕ ਕਹਿ ਦਿਤਾ ਕਿ ਜੇ ਅੱਜ ਦੁਪਿਹਰ ਤਕ ਜੀਉਂਦੀ ਨਹੀਂ ਕਰੀ, ਪਹਿਰ ਦੀ ਘੜਿਆਲ ਵੱਜਦੀ ਸਾਰ ਤੇਰੀ ਗਰਦਨ ਦੇ ਉਤੇ ਤਲਵਾਰ ਹੋਵੇਗੀ ਤੇ ਤੇਰਾ ਸਿਰ ਵੀ ਨਾਲ ਹੀ ਪਿਆ ਹੋਵੇਗਾ। ਪ੍ਰਮੇਸ਼ਰ ਨੇ ਆ ਕੇ ਗਊ ਜੀਉਂਦੀ ਕਰ ਦਿਤੀ। ਬਾਦਸ਼ਾਹ ਮਹਿਲਾਂ ਨੂੰ ਚਲਿਆ ਗਿਆ, ਮਹਿਲਾਂ ਵਿਚ ਜਾਂਦੇ ਸਾਰ ਐਸਾ ਇਹਦੇ ਦਰਦ ਉਠਿਆ ਕਿ ਪਤਾ ਲੱਗ ਗਿਆ ਕਿ ਮੈਂ ਭਗਤ ਦੀ ਅਵਗਿਆ ਕਰੀ ਹੈ। ਉਸ ਵੇਲੇ ਭੇਜਦਾ ਹੈ ਕਾਜ਼ੀਆਂ ਤੇ ਮੁਲਾਂ ਨੂੰ, ਨਾਮਦੇਵ ਜੀ ਨੂੰ ਬੁਲਾਉਂਦੇ ਨੇ। ਆਪ ਜਾਂਦੇ ਨੇ, ਬਾਦਸ਼ਾਹ ਘਾਹ ਮੂੰਹ ਵਿਚ ਪਾ ਕੇ ਫਿਰਦਾ ਹੈ, ਗੱਲ ਵਿਚ ਪੱਲਾ ਪਾਇਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਸੀਂ ਗਲ ਵਿਚ ਪੱਲਾ ਕਿਉਂ ਪਾਉਂਦੇ ਹਾਂ। ਅਸੀਂ ਹੱਦ ਤੋਂ ਜ਼ਿਆਦਾ ਨਿਮਰਤਾ ਵਿਚ ਆਉਂਦੇ ਹਾਂ ਉਸ ਵੇਲੇ। ਪੱਲਾ ਪਾਇਆ ਹੋਇਆ ਨੀਸ਼ਾਨੀ ਹੋਇਆ ਕਰਦੀ ਹੈ ਨਿਮਰਤਾ ਦੀ। ਸੋ ਨਿਮਰਤਾ ਦੇ ਨਾਲ ਮੂੰਹ ਵਿਚ ਘਾਹ ਲੈ ਕੇ ਨਾਮਦੇਵ ਜੀ ਨੂੰ ਮਿਲਦਾ ਹੈ, ਨਾਲ ਇਹ ਕਹਿੰਦਾ ਹੈ ਕਿ -

***ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ - ੧੧੬੬***

ਐ ਨਾਮਦੇਵ ਤੂੰ ਮੈਨੂੰ ਬਖਸ਼ ਦੇ, ਤੂੰ ਮੈਨੂੰ ਕਾਲੀ ਗਊ ਸਮਝ ਕੇ ਬਖਸ਼ ਦੇ। ਕਿਉਂਕਿ ਦਰਦ ਉਠ ਰਿਹਾ ਹੈ, ਉਹ ਬਾਦਸ਼ਾਹ ਨਾਮਦੇਵ ਦੇ ਅੱਗੇ ਖੜ੍ਹਾ ਹੈ ਜਿਹਨੂੰ 'ਆਢ ਦਾਮ ਕੋ ਛੀਪਰੋ ਹੋਇਓ ਲਖੀਣਾ' ਕਹਿੰਦੇ ਨੇ।

ਆਪ ਇਕ ਵਾਰੀ ਬਾਹਰ ਗਏ ਹੋਏ ਨੇ ਤੇ ਜਿਸ ਵਕਤ ਆ ਰਹੇ ਨੇ, ਮੰਦਰ ਕੋਲ ਦੀ ਲੰਘਣ ਲੱਗੇ, ਉਸ ਅਸਥਾਨ ਦੇ ਉਤੇ ਪ੍ਰਮੇਸ਼ਰ ਦੇ ਭਜਨ ਗਾਏ ਜਾ ਰਹੇ ਨੇ, ਕੀਰਤਨ ਹੋ ਰਿਹਾ ਹੈ। ਜਦੋਂ ਨਾਮਦੇਵ ਜੀ ਦੇ ਕੰਨ ਵਿਚ ਕੀਰਤਨ ਦੀ ਆਵਾਜ਼ ਪਈ ਉਸ ਵੇਲੇ ਚਿੱਤ ਬਿਹਬਲ ਹੋ ਗਿਆ, ਕਾਹਲਾ ਹੋ ਗਿਆ, ਦੌੜ ਪਏ ਉਥੋਂ।

ਕਿਉਂਕਿ ਇਹ ਇਕ ਅਵਸਥਾ ਹੋਇਆ ਕਰਦੀ ਹੈ, ਸਾਰਿਆਂ ਨੂੰ ਨਹੀਂ ਪਤਾ, ਜਿਹਦੇ ਨਾਲ ਬੀਤੀਆਂ ਹੋਣ ਉਨ੍ਹਾਂ ਨੂੰ ਪਤਾ ਹੁੰਦਾ ਹੈ। ਜਿਹੜੇ ਰਸੀਏ ਨੇ ਹਰੀ ਦੇ ਜਸ ਦੇ ਜੇ ਆਵਾਜ਼ ਆ ਜਾਵੇ, ਵਾਜੇ ਦੀ ਢੋਲਕ ਦੀ ਵਜਦੀ ਦੀ, ਉਨ੍ਹਾਂ ਪੈਰ ਕਦੇ ਟਿਕ ਨਹੀਂ ਸਕਦੇ ਥੱਲਿਓਂ, ਧਰਤੀ ਹਿੱਲਣ ਲਗ ਜਾਂਦੀ ਹੈ ਉਨ੍ਹਾਂ ਦੇ ਤੇ ਉਹ ਛੇਤੀ ਤੋਂ ਛੇਤੀ ਉਥੇ ਪਹੁੰਚਣਾ ਚਾਹੁੰਦੇ ਨੇ। ਮਰੇ ਹੋਏ ਬੰਦਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਲਗਦਾ, ਜੀਉਂਦਿਆਂ ਨੂੰ ਏਸ ਗੱਲ ਦਾ ਪਤਾ ਹੈ, ਜਿਨ੍ਹਾਂ ਅੰਦਰ ਜੀਵਨ ਦੀ ਰੌ ਰੁਮਕਦੀ ਹੈ ਉਹ ਜਾਣਦੇ ਨੇ ਕਿ ਕੀਰਤਨ ਛੱਡਣਾ ਬੜਾ ਮੁਸ਼ਕਲ ਹੁੰਦਾ ਹੈ, ਦੂਸਰਿਆਂ ਨੂੰ ਇਸ ਗੱਲ ਦੀ ਸੋਝੀ ਨਾ ਆਉਣ ਕਰਕੇ, ਉਹ ਤਾਂ ਚਾਹੇ ਕੋਲ ਹੋਈ ਜਾਵੇ ਤਾਂ ਵੀ ਨਹੀਂ ਜਾਂਦੇ।

ਸੋ ਨਾਮਦੇਵ ਜੀ ਨਾਲ ਐਸਾ ਹੀ ਸਮਾਂ ਵਰਤਿਆ ਤੇ ਆਪ ਉਸੇ ਤਰ੍ਹਾਂ ਦੇ ਨਾਲ ਮੰਦਰ ਵਿਚ ਚਲੇ ਗਏ, ਝੋਲਾ ਕੋਲ ਸੀ, ਝੋਲੇ ਦੇ ਵਿਚ ਉਨ੍ਹਾਂ ਨੇ ਆਪਣਾ ਜੋੜਾ ਵੀ ਪਾਇਆ ਹੋਇਆ ਸੀ, ਇਹ ਭੁੱਲ ਹੀ ਗਿਆ ਕਿ ਮੈਂ ਝੋਲਾ ਬਾਹਰ ਰੱਖ ਦੇਵਾਂ, ਜੋੜਾ ਇਹਦੇ ਵਿਚ ਹੈ ਤੇ ਉਸੇ ਤਰ੍ਹਾਂ ਮਸਤੀ ਦੇ ਵਿਚ ਪਹਿਲਾਂ ਝੂਮਦੇ ਰਹੇ ਫੇਰ ਜਦੋਂ ਤਾਲ ਦੇ ਉਤੇ ਆ ਕੇ ਹੱਥ ਵੱਜਣ ਲੱਗੇ, ਤਾਲੀ ਵੱਜਣ ਲੱਗੀ

ਖਿਆਲ ਆਇਆ ਕਿ ਮੈਂ ਆਪਣੇ ਤਾਲ ਕੱਢ ਲਵਾਂ, ਤਾਲ ਕੱਢਣ ਦੀ ਥਾਂ ਤੇ ਜਿਹੜੇ ਟੁੱਟੇ ਹੋਏ ਛਿੱਤਰ ਸੀ ਉਹ ਨਿਕਲ ਗਏ ਉਨ੍ਹਾਂ ਨੂੰ ਹੀ ਵਜਾਉਣਾ ਸ਼ੁਰੂ ਕਰ ਦਿਤਾ। ਜਦੋਂ ਵਜਾਇਆ ਉਨ੍ਹਾਂ ਨੇ ਕਿਹਾ ਕਿ ਇਹ ਕੌਣ ਆ ਗਿਆ। ਕਿਸੇ ਨੇ ਦੱਸ ਦਿਤਾ ਕਿ ਇਹ ਨਾਮਦੇਵ ਹੈ, ਕਹਿੰਦੇ ਉਲਟੀਆਂ ਗੱਲਾਂ ਕਰਦਾ ਹੈ, ਇਸ ਮੰਦਰ ਵਿਚ ਇਹ ਵੜਿਆ ਕਿਉਂ ਹੈ, ਇਹ ਵੱਡੀਆਂ ਜਾਤੀਆਂ ਦਾ ਮੰਦਰ ਹੈ, ਇਥੇ ਤਾਂ ਇਹਨੂੰ ਵੜਨਾ ਹੀ ਨਹੀਂ ਸੀ ਚਾਹੀਦਾ। ਉਸ ਵੇਲੇ ਨਾਮਦੇਵ ਨੂੰ ਬਾਂਹ ਤੋਂ ਫੜ ਕੇ ਖਿੱਚ ਲਿਆ ਦੋ ਚਾਰ ਬੰਦਿਆਂ ਨੇ ਤੇ ਨਾਲ ਧੱਕੇ ਮਾਰਨੇ ਸ਼ੁਰੂ ਕਰ ਦਿਤੇ। ਕਹਿਣ ਲੱਗਿਆ ਕਿ ਓ ਪ੍ਰੇਮੀਓ! ਮੈਂ ਹਰੀ ਦਾ ਜਸ ਸੁਣਦਾ ਹਾਂ। ਮੈਨੂੰ ਸੁਣ ਲੈਣ ਦਿਓ ਹਰੀ ਦਾ ਜਸ। ਕਹਿੰਦੇ, ਦੇਖ ਤੂੰ ਹੈਂ ਛੋਟੀ ਜਾਤ ਦਾ, ਇਹ ਹੈ ਸਵਰਨ ਹਿੰਦੂਆਂ ਦਾ ਮੰਦਰ, ਇਥੇ ਤਾਂ ਤੂੰ ਬੈਠ ਹੀ ਨਹੀਂ ਸਕਦਾ, ਅੰਦਰ ਕਿਵੇਂ ਆ ਗਿਆ? ਧੱਕੇ ਮਾਰ ਕੇ ਬਾਹਰ ਕੱਢ ਦਿਤਾ ਤੇ ਨਾਮਦੇਵ ਜੀ ਇਸ ਘਟਨਾ ਨੂੰ ਆਪਣੇ ਅੱਖਰਾਂ ਵਿਚ ਬਾਣੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਨੇ -

***ਹਸਤ ਖੇਲਤ ਤੇਰੇ ਦੇਹੁਰੇ ਆਇਆ ॥***
***ਭਗਤਿ ਕਰਤ ਨਾਮਾ ਪਕਰਿ ਉਠਾਇਆ ॥***
***ਅੰਗ - ੧੧੬੪***

ਧੱਕੇ ਮਾਰ ਕੇ ਬਾਹਰ ਕੱਢ ਦਿਤਾ। ਪਿਛੇ ਚਲਿਆ ਗਿਆ, ਹੇ ਪ੍ਰਭੂ! ਤੇਰੇ ਦਰ ਤੇ ਵੀ ਜਾਤਾਂ ਪਾਤਾਂ ਨੇ, ਸਾਰੇ ਹੀ ਸਰੀਰ ਪੰਜਾਂ ਤੱਤਾਂ ਦੇ ਬਣੇ ਹੋਏ ਨੇ, ਪਾਣੀ ਦੀ ਜਾਤ ਕੋਈ ਨਹੀਂ, ਮਿੱਟੀ ਦੀ ਜਾਤ ਕੋਈ ਨਹੀਂ, ਹਵਾ ਦੀ ਜਾਤ ਕੋਈ ਨਹੀਂ, ਆਕਾਸ਼ ਦੀ ਜਾਤ ਕੋਈ ਨਹੀਂ, ਜਿਹੜੀ ਹਵਾ ਵਿਚ ਸ਼ੂਦਰ ਸਾਹ ਲੈਂਦਾ ਹੈ, ਉਸੇ ਵਿਚ ਬ੍ਰਾਹਮਣ ਲੈਂਦਾ ਹੈ। ਜਿਹੜੇ ਪਾਣੀ ਨੂੰ ਪੀ ਕੇ ਬ੍ਰਾਹਮਣ ਪਿਆਸ ਬੁਝਾਉਂਦਾ ਹੈ ਉਸੇ ਨੂੰ ਪੀ ਕੇ ਸ਼ੂਦਰ ਪਿਆਸ ਬੁਝਾਉਂਦਾ ਹੈ, ਤੇਰੀ ਜੋਤ ਵਿਚ ਕੋਈ ਜਾਤ ਨਹੀਂ ਤੂੰ ਬਗੈਰ ਜਾਤ ਤੋਂ ਹੈਂ ਤੇ ਆਹ ਜਾਤ ਪਾਤ ਕਿਥੋਂ ਆ ਗਈ, ਪ੍ਰਭੂ ਕਿਹਨੇ ਬਣਾ ਦਿਤੀ? ਕੀ ਛੋਟੀਆਂ ਜਾਤਾਂ ਨੂੰ ਤੇਰੇ ਨਾਲ ਪਿਆਰ ਕਰਨ ਦਾ ਹੱਕ ਨਹੀਂ ਹੈ, ਕੀ ਤੂੰ ਹੀ ਬੰਦ ਕਰਿਆ ਹੋਇਆ ਹੈ ਕਿ ਮੇਰੇ ਨਾਲ ਛੋਟੀ ਜਾਤ ਦਾ ਪਿਆਰ ਨਹੀਂ ਕਰ ਸਕਦਾ। ਜਾਤ ਬਣ ਕਿਥੋਂ ਬਣ ਗਈ ਪ੍ਰਭੂ?

ਉਸ ਵੇਲੇ ਕਹਿੰਦੇ ਕਿ ਜੇ ਤੂੰ ਬਣਾ ਦਿਤੀਆਂ ਸੀ ਤਾਂ ਮੇਰੀ ਜਾਤ ਹੀਣੀ ਬਣਾ ਦਿਤੀ ਸੀ, ਛੋਟੀ ਬਣਾ ਦਿਤੀ ਸੀ, ਫੇਰ ਤੂੰ ਮੈਨੂੰ ਇਸ ਜਾਤ ਵਿਚ ਭੇਜਦਾ ਹੀ ਨਾ -

***ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥***
***ਛੀਪੇ ਕੇ ਜਨਮਿ ਕਾਹੇ ਕਉ ਆਇਆ ॥***
***ਲੈ ਕਮਲੀ ਚਲਿਓ ਪਲਟਾਇ ॥***
***ਦੇਹੁਰੈ ਪਾਛੈ ਬੈਠਾ ਜਾਇ ॥ ੨ ॥ ਅੰਗ - ੧੧੬੪***

ਕੰਬਲੀ ਚੁੱਕ ਲਈ, ਨਿਰਾਦਰ ਬਹੁਤਾ ਕਰ ਦਿਤਾ, ਧੱਕੇ ਮਾਰ, ਬੋਲ-ਕੁਬੋਲ ਬੋਲੇ, ਪਿਛੇ ਚਲਿਆ ਗਿਆ, ਭਗਵਾਨ! ਤੂੰ ਤਾਂ ਹਰ ਥਾਂ ਦੇ ਉਤੇ ਹੀ ਹੈਂ।

***ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥***
***ਭਗਤ ਜਨਾਂ ਕਉ ਦੇਹੁਰਾ ਫਿਰੈ ॥ ਅੰਗ - ੧੧੬੪***

**ਭਾਈ ਸਾਹਿਬ ਭਾਈ ਨੰਦ ਲਾਲ ਜੀ**

ਜਿਉਂ ਜਿਉਂ ਹਰੀ ਦੇ ਗੁਣ ਉਚਾਰਦਾ ਹੈ, ਇਕ ਚਿੱਤ ਹੋ ਕੇ, ਦੇਹੁਰਾ ਘੁੰਮਣਾ ਸ਼ੁਰੂ ਹੋ ਗਿਆ, ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਜਿਹੜੇ ਢੋਲਕੀਆਂ ਛੈਣੇ ਵਜਾ ਕੇ ਉਚੀ-ਉਚੀ ਗਾ ਰਹੇ ਸੀ, ਘੜਿਆਲਾਂ ਸੀ, ਹੋਰ ਬਹੁਤ ਕੁਛ ਸੀ, ਸੰਖ ਵਜਾ ਰਹੇ ਸੀ, ਉਹ ਕੀ ਦੇਖਦੇ ਨੇ ਮੰਦਰ ਦੀ ਪਿੱਠ ਉਨ੍ਹਾਂ ਵਲ ਹੋ ਗਈ ਤੇ ਮੂੰਹ ਉਥੇ ਹੋ ਗਿਆ ਜਿੱਥੇ ਨਾਮਦੇਵ ਜੀ ਬੈਠੇ ਸੀ। ਕਿਉਂਕਿ ਪ੍ਰਮੇਸ਼ਰ ਨੂੰ ਨਹੀਂ ਇਹ ਗੱਲਾਂ ਭਾਉਂਦੀਆਂ, ਵਾਹਿਗੁਰੂ ਜੀ ਤਾਂ ਸਰਬ ਕਲਾ ਸਮਰੱਥ ਨੇ ਸਾਧਸੰਗਤ ਜੀ! ਕੋਈ ਐਵੇਂ ਸੁੰਨ-ਮੁੰਨ ਚੀਜ਼ ਨਹੀਂ ਹਨ, ਉਹ ਤਾਂ ਹਾਜ਼ਰ ਨਾਜ਼ਰ ਪੂਰੀਆਂ ਸ਼ਕਤੀਆਂ ਵਾਲੇ ਹਰੇਕ ਬੰਦੇ ਨੂੰ ਹਰ ਵਕਤ ਦੇਖਦੇ ਨੇ। ਜਿਵੇਂ ਸੂਰਜ ਹੈ ਨਾ, ਇਹ ਸ਼ੀਸ਼ਾ ਲੈ ਲਓ ਉਹਦੇ ਕਰੋੜਾਂ ਹੀ ਟੁਕੜੇ

ਬਣਾ ਦਿਓ ਛੋਟੇ ਜਿਹੇ, ਉਹ ਇਕ ਟੁਕੜਾ ਚੁੱਕ ਲਓ ਕੋਈ ਵੀ, ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਉਂਦਾ ਹੈ। ਸੋ ਉਹ ਸੰਭਾਲ ਕਰਦਾ ਹੈ ਸਭ ਦੀ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ - ੬੭੭*

ਉਹ ਤਾਂ ਸਾਸ-ਸਾਸ ਦੀ ਸੰਭਾਲ ਕਰਦਾ ਹੈ। ਲੇਕਿਨ ਨਾਲ ਦੂਜਾ ਉਹਦਾ ਇਹ ਹੈ ਕਿ ਆਪਣੇ ਸੰਤਾਂ ਨੂੰ, ਜਿਹੜੇ ਆਪਣੇ ਆਪ ਨੂੰ ਮਾਣ ਤੋਂ ਰਹਿਤ ਗਿਣਦੇ ਨੇ ਕਿ ਅਸੀਂ ਤਾਂ ਮਾੜੇ ਹਾਂ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਮੈਨੂੰ ਛੱਡ ਦਿਓ ਬਾਕੀ ਸਾਰਾ ਸੰਸਾਰ ਭਲਿਆਂ ਦਾ ਹੈ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ –

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮*

ਕਿਉਂਕਿ ਮਾਣ ਨਹੀਂ ਲੇਕਿਨ ਪ੍ਰਮੇਸ਼ਰ ਜਿਹੜਾ ਉਹਦੀ ਬਖਸ਼ਿਸ਼ ਐਡੀ ਹੈ, ਐਡੀ ਵਡਿਆਈ ਹੈ ਉਹਦੀ ਕਿ ਜਿਹੜੇ ਮਾਣ ਤੋਂ ਰਹਿਤ ਨੇ ਉਨ੍ਹਾਂ ਨੂੰ ਮਾਣ ਦਿਵਾਉਂਦਾ ਹੈ। ਜੋ ਮਾਣ ਨਹੀਂ ਕਰਦੇ ਕਿਸੇ ਗੱਲ ਦਾ ਵੀ ਉਨ੍ਹਾਂ ਨੂੰ ਦਰਗਾਹ ਦੇ ਵਿਚ ਵਡਿਆਈ ਮਿਲਿਆ ਕਰਦੀ ਹੈ। ਸੰਤਾਂ ਨੂੰ ਮਿਲ ਕੇ ਪਿਆਰ ਦੇ ਨਾਲ ਭਗਤੀ ਵਿਚ ਲਿਵ ਲਗ ਗਈ। ਖਤਰੀ ਬ੍ਰਾਹਮਣਾਂ ਦਾ ਦੇਹੁਰਾ ਸੀ ਉਥੇ ਬੈਠੇ ਆਪਣੀਆਂ ਜਾਤਾਂ ਨੂੰ ਵਡਿਆ ਰਹੇ ਸੀ, ਜੋ ਬ੍ਰਾਹਮਣ ਹੈ ਬ੍ਰਹਮਾ ਦੇ ਮੁਖ ਤੋਂ ਪੈਦਾ ਹੋਇਆ ਹੈ, ਖਤਰੀ ਕਹਿੰਦਾ ਹੈ ਕਿ ਉਹ ਡੋਲਿਆਂ ਤੋਂ ਪੈਦਾ ਹੋਇਆ ਹੈ, ਬਾਕੀ ਜਾਤਾਂ ਕੁਛ ਨਹੀਂ ਹਨ ਤੇ ਨਾਮਦੇਵ ਵੀ ਉਥੇ ਬਹਿ ਗਿਆ।

ਫੜ ਕੇ ਕੱਢ ਦਿਤਾ। ਹੁਣ ਵਾਹਿਗੁਰੂ ਨੂੰ ਭਗਤ ਵਛਲ ਕਹਿੰਦੇ ਨੇ। ਭਗਤਾਂ ਦੇ ਉਤੇ ਸਦਾ ਹੀ ਦਇਆ ਕਰਦਾ ਹੈ। ਫੇਰ ਉਹਨੇ ਕੀ ਕਰਿਆ, ਆਪਣੇ ਨਾਮ ਦੀ ਪੈਜ ਰਖਾ ਦਿਤੀ। ਦੇਹੁਰੇ ਦਾ ਮੂੰਹ ਘੁੰਮਾ ਦਿਤਾ। ਜਿਸਨੇ ਵੀ ਨਾਮ ਜਪਿਆ ਹੈ ਉਹਦੇ ਚਾਰੇ ਵਰਣ ਚਰਨਾਂ ਤੇ ਆ ਕੇ ਪਏ ਨੇ। ਜਿਵੇਂ ਨੀਵੇਂ ਥਾਉਂ ਨੂੰ ਪਾਣੀ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਸਾਰਿਆਂ ਨੂੰ ਉਨ੍ਹਾਂ ਦੇ ਚਰਨਾਂ ਤੇ ਪੈਣਾ ਪੈਂਦਾ ਹੈ।

**ਭਗਤ ਬਾਲਮੀਕ ਜੀ**

ਜਿਨ੍ਹਾਂ ਦਾ ਅੱਜ ਮਨਾਇਆ ਜਾ ਰਿਹਾ ਹੈ ਦਿਨ ਭਗਤ ਰਵਿਦਾਸ ਜੀ ਦਾ। ਨਾਮਦੇਵ ਜੀ ਦੀ ਤਾਂ ਫੇਰ ਕੁਛ ਉਚੀ ਜਾਤ ਸੀ। ਉਨ੍ਹਾਂ ਦੀ ਤਾਂ ਜਾਤ ਐਸੀ ਸੀ ਜਿਹਨੂੰ ਅਛੂਤ ਕਹਿੰਦੇ ਸੀ ਕਿ ਉਹਨੂੰ ਛੋਹਿਆ ਨਹੀਂ ਜਾ ਸਕਦਾ, ਹੱਥ ਨਹੀਂ ਲਾਇਆ ਜਾ ਸਕਦਾ। ਉਹਨੂੰ ਨਾਮ ਨਹੀਂ ਦਿੱਤਾ ਜਾ ਸਕਦਾ।

ਜਿਸ ਵਕਤ ਕਬੀਰ ਸਾਹਿਬ ਨੇ ਰਾਮਾਨੰਦ ਜੀ ਨੇ ਨਾਮ ਦੇ ਦਿਤਾ, ਬੜੀ ਵਿਰੋਧਤਾ ਹੋਈ ਕਿ ਤੂੰ ਬ੍ਰਾਹਮਣ ਹੋ ਕੇ ਕਰਿਆ ਕੀ ਹੈ, ਜਦੋਂ ਰਵਿਦਾਸ ਜੀ ਨੂੰ ਦੇ ਦਿਤਾ ਫੇਰ ਤਾਂ ਬੜੀ ਹੀ ਭਾਰੀ ਵਿਰੋਧਤਾ ਹੋਈ। ਲੇਕਿਨ ਉਨ੍ਹਾਂ ਨੇ ਨਾਮ ਨੂੰ ਐਉਂ ਨਹੀਂ ਸਮਝਿਆ, ਅੰਮ੍ਰਿਤ ਤਾਂ ਅਸੀਂ ਵੀ ਛਕਾਉਂਦੇ ਹਾਂ ਸਾਰਿਆਂ ਨੂੰ ਛਕਾਉਂਦੇ ਹਾਂ, ਛਕਣ ਤੋਂ ਬਾਅਦ ਚਲਦਾ ਤਾਂ ਕੋਈ ਨਹੀਂ ਹੈ, ਪਤਾ ਨਹੀਂ ਜਾਂ ਅੰਮ੍ਰਿਤ ਨਹੀਂ ਠੀਕ ਜਾਂ ਫੇਰ ਛਕਣ ਵਾਲਿਆਂ ਦੀ ਰੁਚੀ ਨਹੀਂ ਹੈ। ਪਹਿਲੇ ਜ਼ਮਾਨਿਆਂ ਵਿਚ ਇਹ ਗੱਲ ਨਹੀਂ ਸੀ ਹੁੰਦੀ।

ਸੰਤ ਮਹਾਰਾਜ ਜੀ ਦੇ ਵੇਲੇ, ਪਹਿਲਾਂ ਪਹਿਲਾਂ ਮਹਾਰਾਜ ਜੀ, ਜਿਸ ਕਿਸੇ ਨੇ ਕਹਿਣਾ ਕਿ ਮੈਂ ਅੰਮ੍ਰਿਤ ਛਕਣਾ ਹੈ ਮਹਾਰਾਜ। ਉਨ੍ਹਾਂ ਨੇ ਕਹਿਣਾ ਕਿ ਪ੍ਰੇਮੀਆਂ! ਪਹਿਲਾਂ ਛੇ ਮਹੀਨੇ ਤੂੰ ਸਵਾ ਲੱਖ ਪਾਠ ਕਰ ਮੂਲਮੰਤ੍ਰ ਦਾ।

ਕਰਦਾ ਹੀ ਰਹਿ, ਤੇ ਛੇ ਮਹੀਨੇ ਬਾਅਦ ਸਾਨੂੰ ਮਿਲੀ ਫੇਰ ਅਸੀਂ ਤੈਨੂੰ ਦੱਸਾਂਗੇ ਕਿ ਅੰਮ੍ਰਿਤ ਛਕਾਉਣਾ ਹੈ ਕਿ ਨਹੀਂ। ਜਦ ਉਹਨੇ ਕਰ ਲੈਣੇ, ਚਾਰ-ਪੰਜ ਲੱਖ ਪਾਠ ਹੋ ਗਿਆ ਸਮਝੋ, ਐਨਾ ਪਾਠ ਕਰਕੇ ਜਦੋਂ ਆਉਣਾ। ਪੁਛਣਾ ਕਿ ਕਰ ਲਿਆ ਭਾਈ? ਉਹਨੇ ਕਹਿਣਾ ਹਾਂ ਜੀ। ਤਾਂ ਮਹਾਰਾਜ ਜੀ ਨੇ ਕਹਿਣਾ ਕਿ ਜਾਹ ਹੁਣ ਅੰਮ੍ਰਿਤ ਛਕ ਲੈ ਭਾਈ। ਅੰਮ੍ਰਿਤ ਛਕ ਲਿਆ, ਪੰਜ ਪਿਆਰਿਆਂ ਨੇ ਨਾਮ ਦੇ ਦਿਤਾ, ਕਹਿਣਾ ਕਿ ਮਹਾਰਾਜ! ਹੁਣ ਮੈਨੂੰ ਜੁਗਤ ਸਮਝਾ ਦਿਓ, ਹੁਣ ਮੈਂ ਕਿਵੇਂ ਨਾਮ ਜਪਿਆ ਕਰਾਂ। ਕਿਉਂਕਿ ਜਿਹੜੀ ਜੁਗਤ ਹੈ, ਜੋਤ ਹੈ ਗੁਰੂ ਗ੍ਰੰਥ ਸਾਹਿਬ, ਜੁਗਤ ਹੈ ਸੰਤਾਂ ਮਹਾਂਪੁਰਸ਼ਾਂ ਦੇ ਕੋਲ ਕਿ ਕਿਸ ਢੰਗ ਨਾਲ ਜਪਣਾ ਹੈ। ਜੇ ਗੁਰੂ ਗ੍ਰੰਥ ਸਾਹਿਬ ਦੱਸਦੇ ਨੇ ਤਾਂ ਉਹਦੇ ਅਰਥ ਹੀ ਹੋਰ ਤਰ੍ਹਾਂ ਕੱਢਣੇ ਸ਼ੁਰੂ ਕਰ ਦਿੰਦੇ ਨੇ। ਗੁਰੂ ਮਹਾਰਾਜ ਕਹਿੰਦੇ ਨੇ -

***ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ਅੰਗ - ੯੯੧***

ਚਿਤੌੜਗੜ੍ਹ ਦੀ ਰਾਣੀ ਝਾਲਾਬਾਈ ਭਗਤ ਰਵਿਦਾਸ ਜੀ ਨੂੰ ਗੁਰੂ ਧਾਰਨ ਲਈ ਉਨ੍ਹਾਂ ਕੋਲ ਪਹੁੰਚਦੀ ਹੋਈ।

ਕਹਿੰਦੇ ਜੀ ਇਹ ਤਾਂ ਮਹਾਰਾਜ ਨੇ ਜੋਗੀਆਂ ਦੀ ਗੱਲ ਕਰੀ ਹੈ। ਸਾਡੀ ਗੱਲ ਨਹੀਂ ਹੈ। ਉਥੇ ਸ਼ੰਕਾ ਪਾ ਦਿਤਾ। ਅਰਥ ਪੜ੍ਹਨ ਵਾਲਾ ਸ਼ੰਕੇ ਵਿਚ ਆ ਜਾਂਦਾ ਹੈ, ਨਾ ਉਧਰ ਨਾ ਓਧਰ, ਪਤਾ ਹੀ ਨਹੀਂ ਲਗਦਾ। ਉਹਦੀ ਜੁਗਤ ਜਿਹੜੀ ਹੈ ਨਾਮ ਜਪਣ ਵਾਲਿਆਂ ਨੂੰ ਪਤਾ ਹੁੰਦਾ ਹੈ ਜਿਹੜਾ ਤੈਰ ਕੇ ਜਾਂਦਾ ਹੈ ਨਾ ਮਗਰਮੱਛਾਂ 'ਚੋਂ ਕਿਸੇ ਨਹਿਰ ਜਾਂ ਦਰਿਆ 'ਚੋਂ ਲੰਘ ਕੇ, ਉਹਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਡੂੰਮਾਂ ਵਿਚ ਮਗਰਮੱਛ ਨੇ, ਇਥੇ ਨਾ ਜਾਈਂ, ਇਧਰ ਪੇਤਲਾ ਪਾਣੀ ਹੈ ਇਥੇ ਘੱਟ ਆਉਂਦੇ ਨੇ। ਉਹ ਜੁਗਤ ਦੱਸੀ ਜਾਂਦਾ ਕਿ ਹੁਣ ਤੂੰ ਇਧਰ ਨੂੰ ਹੋ ਜਾ, ਇਧਰ ਨੂੰ ਹੋ ਜਾ। ਕਿਉਂਕਿ ਜੁਗਤ ਤੋਂ ਬਿਨਾਂ ਤਾਂ ਇਕ ਸਵਾਲ ਨਹੀਂ ਨਿਕਲਦਾ, ਬੱਚਿਆਂ ਨੂੰ ਕਹਿ ਦਿਓ। ਆਹ ਲਘੂਤਮ ਦਾ ਸਵਾਲ ਕੱਢਣ ਲਗ ਜਾਣ, ਜੇ ਜੁਗਤ ਨਾ ਦੱਸੋ, ਸਵਾਲ ਦਾ ਜਵਾਬ ਹੀ ਨਹੀਂ ਆਉਂਦਾ। ਸੋ ਇਸ ਤਰ੍ਹਾਂ ਹਰ ਚੀਜ਼ ਦਾ ਫਾਰਮੂਲਾ ਹੋਇਆ ਕਰਦਾ ਹੈ। ਸੋ ਫੇਰ ਮਹਾਰਾਜ ਨੇ ਜੁਗਤ ਦੱਸ ਦੇਣੀ ਕਿ ਐਉਂ ਨਾਮ ਜਪ ਲੈ, ਭਾਈ! ਫੇਰ ਦੱਸੀ ਕਿ ਜਿਹੜਾ ਕੁਛ ਤੈਨੂੰ ਪ੍ਰਗਟ ਹੋਏਗਾ। ਹੌਲੀ-ਹੌਲੀ ਸੁਰਤੀਆਂ ਚੁੱਕ ਕੇ ਉਪਰ ਨੂੰ ਲਈ ਜਾਣੀਆਂ। ਬਥੇਰੇ ਨਾਮ ਜਪਣ ਵਾਲੇ ਹੋਏ ਨੇ।

ਬਾਬਾ ਕਰਮ ਸਿੰਘ ਜੀ ਉਹ ਬਹੁਤ ਹੀ ਘੱਟ ਅੰਮ੍ਰਿਤ ਛਕਾਉਂਦੇ ਸੀ। ਜੋ ਛਕਾਉਂਦੇ ਸੀ ਉਹ ਬ੍ਰਹਮਗਿਆਨੀ ਤੋਂ ਘੱਟ ਨਹੀਂ ਰਿਹਾ, 101 ਬ੍ਰਹਮਗਿਆਨੀ ਉਨ੍ਹਾਂ ਤੋਂ ਹੋਏ ਨੇ, ਬਾਬਾ ਕਰਮ ਸਿੰਘ ਜੀ ਤੋਂ। ਪੂਰੇ ਹੋਇਆ ਕਰਦੇ ਸੀ।

ਸੋ ਜਦੋਂ ਨਾਮ ਮਿਲ ਗਿਆ ਕਬੀਰ ਸਾਹਿਬ ਨੂੰ ਤੇ ਰਵਿਦਾਸ ਜੀ ਨੂੰ ਫੇਰ ਇਹ ਪੂਰੇ ਹੀ ਹੋਏ ਨੇ ਤੇ ਉਨ੍ਹਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਏਸ ਗੱਲ ਨਾਲ ਕੀਤੀ ਗਈ ਹੈ ਕਿ ਭਗਤ ਰਵਿਦਾਸ ਜੀ ਦੇ ਉਤੇ ਮਾਇਆ ਦਾ ਅਸਰ ਹੀ ਨਹੀਂ ਹੋਇਆ ਕੋਈ ਵੀ ਤੇ ਉਨ੍ਹਾਂ ਨੇ ਮਾਇਆ ਦਾ ਤਿਆਗ ਕਰਕੇ ਰੱਖਿਆ, ਨਾ ਆਪ ਆਏ ਉਸ ਦੇ ਅਸਰ ਦੇ ਥੱਲੇ ਨਾ ਮਾਇਆ ਉਨ੍ਹਾਂ ਨੂੰ ਕਾਬੂ ਕਰ ਸਕੀ। ਉਹਦੇ ਬਾਰੇ ਫੁਰਮਾਨ ਹੈ -

***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ਅੰਗ - ੪੮੭***

ਜਦੋਂ ਕਬੀਰ ਸਾਹਿਬ ਨੇ ਛੋਟੀ ਜਾਤ ਵਿਚ ਹੁੰਦਿਆਂ ਹੋਇਆਂ ਵੀ ਪ੍ਰਮੇਸ਼ਰ ਦਾ ਨਾਮ ਜਪਿਆ। ਸਾਢੇ ਸੱਤ ਕਰੋੜ ਬੰਦੇ ਦਾ ਕਬੀਰ ਸਾਹਿਬ ਨੇ ਉਧਾਰ ਕਰਿਆ। ਡੇਢ ਸੌ ਸਾਲ ਦੀ ਉਮਰ ਸੀ। ਵੱਡੇ-ਵੱਡੇ ਦੇਵਤਾ ਬ੍ਰਹਮਾ, ਵਿਸ਼ਨੂੰ, ਮਹੇਸ਼ ਵਗੈਰਾ ਕਬੀਰ ਸਾਹਿਬ ਦੇ ਦਰਸ਼ਨ ਨੂੰ ਆਏ।

***ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਅੰਗ - ੪੮੭***

ਕਹਿਣ ਲੱਗੇ, ਰਵਿਦਾਸ ਜੀ ਦਾ ਕੀ ਕੰਮ ਸੀ, ਮਰੇ ਹੋਏ ਡੰਗਰ ਚੁੱਕ ਕੇ ਬਾਹਰ ਡੁਡਲੀ ਵਿਚ ਸੁੱਟ ਆਉਣੇ, ਉਨ੍ਹਾਂ ਦਾ ਚਮੜਾ ਲਾਹ ਲੈਣਾ ਤੇ ਉਹਨੂੰ ਲਿਆ ਕੇ ਧੋ

ਲੈਣਾ, ਧੋ ਕੇ ਬਾਕਾਇਦਾ ਤਰੀਕੇ ਨਾਲ ਉਹਨੂੰ ਰੰਗ ਵਗੈਰਾ ਦੇ ਕੇ, ਸੁਕਾ ਕੇ ਫੇਰ ਉਹਦੇ ਜੋੜੇ ਬਣਾਉਣੇ ਤੇ ਜੋੜੇ ਗੰਢਣੇ। ਆਹ ਕੰਮ ਰਵਿਦਾਸ ਜੀ ਕਰਦੇ ਸੀ।

ਹੁਣ ਵਾਲੇ ਬੰਦਿਆਂ ਦੀਆਂ ਮੈਂ ਕਿਤਾਬਾਂ ਪੜ੍ਹੀਆਂ ਨੇ ਉਹ ਕਹਿੰਦੇ ਨੇ ਜੀ ਉਹ ਤਾਂ ਬਹੁਤ ਅਮੀਰ ਬੰਦੇ ਸੀ, ਬੜਾ ਪੈਸਾ ਸੀ ਉਨ੍ਹਾਂ ਕੋਲ। ਹੋਰ ਹੀ ਕੁਛ ਲਿਖਣਾ ਸ਼ੁਰੂ ਕਰ ਦਿਤਾ। ਗੁਰੂ ਮਹਾਰਾਜ ਨੇ ਜੋ ਕੁਛ ਫੁਰਮਾਇਆ ਹੈ, ਇਹ ਸਾਢੇ ਤਿੰਨ ਸੌ ਸਾਲ ਪਹਿਲਾਂ ਦੀ ਗੱਲ ਹੈ, ਜੋ ਮਹਾਰਾਜ ਨੇ ਲਿਖੀ ਹੈ।

ਗਰੀਬੀ ਦੀ ਹਾਲਤ ਵਿਚ ਹੁੰਦੇ ਹੋਏ ਵੀ, ਮਾਇਆ ਵਲ ਅੱਖ ਚੁਕ ਕੇ ਵੀ ਨਹੀਂ ਦੇਖੀ ਤੇ ਕਹਿੰਦੇ ਨੇ –

*ਪਰਗਟੁ ਹੋਆ ਸਾਧਸੰਗਿ*
*ਹਰਿ ਦਰਸਨੁ ਪਾਇਆ ॥*
*ਅੰਗ - ੪੮੭*

ਸੰਤਾਂ ਦੀ ਸੰਗਤ ਵਿਚ ਪ੍ਰਗਟ ਹੋ ਗਏ ਤੇ ਵਾਹਿਗੁਰੂ ਦਾ ਦਰਸ਼ਨ ਰੋਜ਼ ਹੀ ਕਰਦੇ ਰਹੇ ਤੇ ਪੂਰੇ ਵੱਡੇ ਮਹਾਂਪੁਰਸ਼ਾਂ ਦੇ ਵਿਚ ਗਿਣੇ ਗਏ।

ਰਵਿਦਾਸ ਜੀ ਚੁਰਾਹੇ ਵਿਚ ਬੈਠੇ ਹੋਏ, ਘਰਦਿਆਂ ਨੇ ਅੱਡ ਕਰ ਦਿਤੇ ਕਿਉਂਕਿ ਆਪ ਜੋ ਕੁਛ ਕਮਾਉਂਦੇ ਸੀ, ਸਾਧੂ ਸੰਤਾਂ ਦੇ ਵਾਸਤੇ ਖਰਚ ਦਿਆ ਕਰਦੇ ਸੀ। ਖਾਣ ਪੀਣ ਨੂੰ ਮੰਗਾ ਦਿੰਦੇ ਸੀ, ਸੰਤਾਂ ਦੀ ਸੇਵਾ ਕਰਨੀ ਖਾਲੀ ਨਾ ਕੋਈ ਜਾਣ ਦੇਣਾ। ਘਰਵਾਲੇ ਇਸ ਗੱਲ ਤੋਂ ਤੰਗ ਪੈ ਗਏ ਕਿ ਲਿਆਂਦਾ ਤਾਂ ਕੁਛ ਹੈ ਨਹੀਂ, ਸਗੋਂ ਕਰਜ਼ਾ ਚਾੜ੍ਹ ਦਿੰਦਾ ਹੈ ਜਿਹੜਾ ਸਾਨੂੰ ਦੇਣਾ ਪੈਂਦਾ ਹੈ। ਇਕ ਝੌਂਪੜੀ ਪਾ ਦਿਤੀ ਕਹਿਣ ਲੱਗੇ, ਰਵਿਦਾਸ ਤੂੰ ਸਾਡੇ ਤੋਂ ਅੱਡ ਹੋ ਜਾ, ਜੇ ਤੂੰ ਇਹ ਕੰਮ ਕਰਨੇ ਨੇ। ਅੱਡ ਹੋ ਗਏ, ਚੁਰਾਹੇ ਦੇ ਉਤੇ ਝੌਂਪੜੀ ਪਾ ਲਈ, ਉਹਦੇ ਵਿਚ ਹੀ ਪਿਛਲੇ ਹਿੱਸੇ ਵਿਚ ਘਰਵਾਲੀ ਰਹਿਣ ਲੱਗ ਗਈ ਤੇ ਅਗਲੇ ਹਿੱਸੇ ਵਿਚ ਆਪ ਨੇ ਆਪਣਾ ਅੱਡਾ ਬਣਾ ਲਿਆ ਛੋਟਾ ਜਿਹਾ। ਬੋਰੀ ਵਿਛਾ ਲਈ ਤੇ ਉਥੇ ਬੈਠ ਕੇ ਜੋੜੇ ਗੰਢਣੇ ਸ਼ੁਰੂ ਕਰ ਦਿਤੇ। ਗੰਢਦੇ ਹੋਏ, ਖਰਚ ਬਹੁਤ ਹੋਣ ਲਗ ਗਿਆ, ਆਪ ਜੇ ਮਿਲ ਗਿਆ ਤਾਂ ਛਕ ਲਿਆ, ਨਾ ਮਿਲਿਆ ਤਾਂ ਚੁੱਪ ਕਰਕੇ ਉਸੇ ਤਰ੍ਹਾਂ ਪਾਣੀ ਪੀ ਕੇ ਸੌਂ ਜਾਂਦੇ ਸੀ, ਉਹ ਵੀ ਵਿਚਾਰੀ ਐਨੀ ਚੰਗੀ ਸੀ ਕਦੇ ਨਹੀਂ ਸੀ ਕੋਈ ਗੱਲ ਕਹਿੰਦੀ।

ਸੋ ਹੁੰਦੇ-ਹੁੰਦੇ ਇਕ ਵਾਰੀ ਪ੍ਰਮੇਸ਼ਰ ਆਪ ਸਾਧੂ ਦਾ ਰੂਪ ਧਾਰ ਕੇ ਆ ਗਏ। ਆ ਕੇ ਕਹਿਣ ਲੱਗੇ, ਭਗਤ ਜੀ! ਮੇਰਾ ਜੋੜਾ ਗੰਢ ਦਿਓ, ਬੜਾ ਟੁੱਟਿਆ ਹੋਇਆ ਹੈ, ਚੁੱਕ ਕੇ ਸਾਰੇ ਪਾਸੇ ਤੋਂ ਦੇਖਿਆ ਕਿ ਕਿੱਥੋਂ ਗੰਢਣਾ ਸ਼ੁਰੂ ਕਰਾਂ, ਇਹਦੇ ਵਿਚ ਤਾਂ ਟਾਕੀਆਂ ਹੀ ਬੇਅੰਤ ਨੇ। ਕਿਸੇ ਪਾਸਿਓ ਵੀ ਸਾਬਤ ਨਹੀਂ ਕਿ ਮੈਂ ਇਥੋਂ ਧਾਗਾ ਪਾਵਾਂ ਤੇ ਜੋੜਾ ਰਹਿ ਜਾਏਗਾ। ਉਨ੍ਹਾਂ ਨੇ ਪੱਚਰਾਂ ਕੱਟ-ਕੱਟ ਕੇ, ਕੁੱਟ-ਕੁੱਟ ਕੇ ਜੋੜੇ ਨੂੰ ਐਨ ਵਧੀਆ ਬਣਾ ਦਿਤਾ। ਉਹ ਵੀ ਦੇਖਦੇ ਰਹੇ ਬੈਠੇ ਤੇ ਇਨ੍ਹਾਂ ਨੇ ਬੜੇ ਪਿਆਰ ਤੇ ਲਗਨ ਨਾਲ ਜੋੜਾ ਗੱਠ ਦਿਤਾ, ਗੱਠਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਲੈ ਲਿਆ ਤਾਂ ਕਹਿੰਦੇ ਭਗਤ ਜੀ! ਆਹ ਦਿਖਾਇਓ ਤਾਂ ਜ਼ਰਾ ਆਰ ਤੇ ਰੰਬੀ ਦੋਵੇਂ ਚੀਜ਼ਾਂ ਦਿਖਾਓ ਤੇ ਬੁੱਕਲ ਦੇ ਵਿਚੋਂ, ਝੋਲੇ ਦੇ ਵਿਚੋਂ ਇਕ ਪੱਥਰ ਜਿਹਾ ਕੱਢਿਆ ਨਾਲ ਲਾ ਦਿਤਾ ਦੋਵੇਂ ਸੋਨੇ ਦੀਆਂ ਬਣਾ ਦਿਤੀਆਂ। ਭਗਤ ਜੀ ਨੂੰ ਵਾਪਸ ਕਰ ਦਿਤੀਆਂ। ਜਦੋਂ ਚਮੜਾ ਕੱਟਣ ਲੱਗੇ, ਸੋਨਾ ਨਰਮ ਹੁੰਦਾ ਹੈ ਲੋਹੇ ਨਾਲੋਂ, ਮੁੜ੍ਹ ਗਿਆ ਉਹਦਾ। ਕਹਿਣ ਲੱਗੇ, ਸੰਤੋ! ਆਹ ਕੀ ਕਰ ਦਿਤਾ ਤੁਸੀਂ। ਮੇਰੀ ਤਾਂ ਆਰ ਵੀ ਕਮਜ਼ੋਰ ਪੈ ਗਈ, ਰੰਬੀ ਵੀ ਗਲਤ ਹੋ ਗਈ। ਮੈਂ ਤਾਂ ਚਮੜਾ ਕੱਟਣਾ ਸੀ। ਕਹਿੰਦੇ, ਭਗਤ ਜੀ! ਇਹ ਸੋਨੇ ਦੀ ਬਣ ਗਈ ਹੈ, ਤੁਹਾਨੂੰ ਜੋੜਿਆਂ ਵਾਸਤੇ ਚਮੜਾ ਕੱਟਣ ਦੀ ਲੋੜ ਨਹੀਂ ਹੈ, ਆਹ ਲਓ ਆਹ ਪਾਰਸ ਦੀ ਵੱਟੀ ਹੈ, ਲੋਹੇ ਨਾਲ ਲਾ ਲਓ ਤੇ ਸੋਨਾ ਬਣ ਜਾਂਦੀ ਹੈ। ਲੰਗਰ ਚਲਦਾ ਹੈ ਤੁਹਾਡਾ, ਵੇਚ ਆਇਆ ਕਰੋ ਤੇ ਆ ਕੇ ਖੁਲ੍ਹੇ ਦਿਲ ਨਾਲ ਲੰਗਰ ਦਿਨ ਰਾਤ ਚਲਾਓ। ਕਹਿੰਦੇ ਨਾ, ਮੈਂ ਤਾਂ ਮਿਹਨਤ ਦੇ ਨਾਲ ਜੋ ਕਮਾਉਂਦਾ ਹਾਂ,

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਨਾਲ ਆਪ ਜੀ ਦੇ ਚਾਰ ਸਾਹਿਬਜ਼ਾਦੇ

ਉਹਦੇ ਵਿਚੋਂ ਵੰਡ ਕੇ ਛਕ ਲੈਂਦੇ ਹਾਂ ਜਿੰਨਾ ਕੁ ਹੁੰਦਾ ਹੈ। ਮੈਂ ਵੱਡਾ ਕੰਮ ਕੋਈ ਨਹੀਂ ਕਰਨਾ। ਮੈਨੂੰ ਪੈਸੇ ਦੀ ਲੋੜ ਨਹੀਂ ਹੈ। ਕਹਿਣ ਲੱਗੇ ਫੇਰ ਐਉਂ ਕਰੋ ਅਸੀਂ ਜਾਣਾ ਹੈ ਤੀਰਥ ਯਾਤਰਾ 'ਚ ਕਿਤੇ ਐਸਾ ਨਾ ਹੋਵੇ ਗੁਆਚ ਜਾਵੇ ਤੇ ਤੁਸੀਂ ਇਸਨੂੰ ਸੰਭਾਲ ਕੇ ਰੱਖ ਲਓ ਤੇ ਨਾਲੇ ਵਰਤੀ ਜਾਇਓ, ਮੈਂ ਫੇਰ ਹੱਥ ਜੋੜ ਕੇ ਬੇਨਤੀ ਕਰਦਾ ਹਾਂ, ਸਾਧੂ ਸੰਤਾਂ ਦੇ ਕੋਲ ਇਹ ਆਮ ਹੋਇਆ ਕਰਦੇ ਨੇ ਤੇ ਉਹ ਪਰਉਪਕਾਰ ਦੇ ਕੰਮ ਕਰੀ ਜਾਂਦੇ ਨੇ ਇਹਦੇ ਨਾਲ। ਉਸ ਵੇਲੇ ਰਵਿਦਾਸ ਜੀ ਨੂੰ ਦਿਤਾ ਤਾਂ ਰਵਿਦਾਸ ਜੀ ਨੇ ਕਿਹਾ ਕਿ ਤੁਸੀਂ ਇਥੇ ਆਪ ਹੀ ਰੱਖ ਦਿਓ, ਜਿਥੇ ਰੱਖਣਾ ਹੈ ਉਨ੍ਹਾਂ ਨੇ ਲੀਰ ਵਿਚ ਵਲੇਟਿਆ ਤੇ ਛੱਪਰ ਵਿਚ ਟੰਗ ਦਿਤਾ। ਨਾਲ ਕਿਹਾ ਕਿ ਭਗਤ ਜੀ ਆਹ ਪਿਆ ਹੈ। ਖਿਆਲ ਸੀ ਕਿ ਇਹ ਸਾਡੇ ਜਾਣ ਤੋਂ ਬਾਅਦ ਇਸ ਤਰ੍ਹਾਂ ਕਰ ਲਏਗਾ ਤੇ ਜਦੋਂ ਅਸੀਂ ਆਉਣਾ ਹੈ ਆਉਂਦਿਆਂ ਨੂੰ ਇਥੇ ਮੰਦਰ ਬਣੇ ਹੋਣਗੇ, ਵਧੀਆ ਮਕਾਨ ਬਣੇ ਹੋਣਗੇ।

ਜਿਸ ਵਕਤ ਇਕ ਸਾਲ ਤੋਂ ਬਾਅਦ ਆਉਂਦੇ ਨੇ ਕੀ ਦੇਖਦੇ ਨੇ ਛੱਪਰੀ ਟੁੱਟੀ ਹੋਈ ਹੈ ਤੇ ਉਹਦੀ ਮੁਰੰਮਤ ਵੀ ਨਹੀਂ ਕਰਾ ਸਕੇ, ਉਥੇ ਹੀ ਬੈਠੇ ਨੇ ਉਵੇਂ ਜਿਵੇਂ। ਆਉਂਦਿਆਂ ਨੂੰ ਕਿਹਾ ਕਿ ਭਗਤ ਜੀ! ਮੈਨੂੰ ਪਛਾਣ ਲਿਆ। ਕਹਿੰਦੇ ਹਾਂ ਜੀ ਪਛਾਣ ਤਾਂ ਲਿਆ। ਕਹਿਣ ਲੱਗੇ, ਉਹ ਪਾਰਸ ਗੁਆਚ ਗਿਆ ਤੁਹਾਡੇ ਤੋਂ? ਕਹਿੰਦੇ ਨਹੀਂ। ਮੈਂ ਤਾਂ ਦੇਖਿਆ ਹੀ ਨਹੀਂ, ਤੁਸੀਂ ਉਥੇ ਟੋਲ੍ਹ ਲਓ। ਜਦੋਂ ਉਸ ਥਾਂ ਤੇ ਜਾ ਕੇ ਦੇਖਿਆ, ਉਵੇਂ ਜਿਵੇਂ ਹੀ ਪਿਆ ਹੈ ਬੰਨ੍ਹਿਆ ਹੋਇਆ। ਕਹਿਣ ਲੱਗੇ ਤੁਸੀਂ ਇਹ ਲੈ ਲਓ। ਰਵਿਦਾਸ ਜੀ ਨੇ ਕਿਹਾ ਕਿ ਸੰਤੋ! ਸਾਨੂੰ ਏਸ ਚੀਜ਼ ਦੀ ਲੋੜ ਨਹੀਂ ਕਿਉਂਕਿ ਸਾਨੂੰ ਕੋਈ ਵਿਸ਼ੇਸ਼ਤਾ ਨਹੀਂ ਇਸ ਗੱਲ ਦੇ ਵਿਚ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸਾਧੂਆਂ ਦੀ ਅਵਸਥਾ, ਜੀਵਨ ਮੁਕਤੀ ਦੀ ਅਵਸਥਾ ਮਹਾਰਾਜ ਫੁਰਮਾਨ ਕਰਦੇ ਨੇ। ਖੁਸ਼ੀ ਆ ਜਾਵੇ, ਗਮੀ ਆ ਜਾਵੇ ਇਕੋ ਜਿਹੀ ਅਵਸਥਾ ਰਖਦੇ ਨੇ। ਡੋਲਦੇ ਨਹੀਂ।

ਭਾਈ ਭਿਖਾਰੀ ਦੇ ਘਰ ਖੁਸ਼ੀ ਵੀ ਆ ਗਈ, ਲੜਕੇ ਨੂੰ ਵਿਆਹੁਣ ਚਲੇ ਗਏ, ਜਦੋਂ ਵਿਆਹ ਕੇ ਆਏ ਲੜਕਾ ਚੜ੍ਹਾਈ ਕਰ ਗਿਆ, ਗਮੀ ਵੀ ਆ ਗਈ। ਜਿਸ ਤਰ੍ਹਾਂ ਪਹਿਲਾਂ ਸੀ ਉਸੇ ਤਰ੍ਹਾਂ ਫੇਰ ਰਹੇ। ਭਾਈ ਗੁਰਮੁਖ ਹੈਰਾਨ ਹੋ ਗਿਆ, ਕਹਿਣ ਲੱਗਿਆ ਕਿ ਭਾਈ ਭਿਖਾਰੀ ਜੀ! ਪਹਿਲਾਂ ਵੀ ਤੁਹਾਡੀ ਬਿਰਤੀ ਓਹੀ ਸੀ, ਤੁਸੀਂ ਖੁਸ਼ੀ ਵਿਚ ਖੁਸ਼ੀ ਨਹੀਂ ਮਨਾਈ ਤੇ ਹੁਣ ਗਮੀ ਵਿਚ ਵੀ ਗਮੀ ਨਹੀਂ ਮਨਾਈ, ਪ੍ਰਮੇਸ਼ਰ ਦਾ ਸ਼ੁਕਰ ਹੀ ਕਰ ਰਹੇ ਓਂ। ਇਹ ਗੱਲ ਕੀ ਹੈ? ਕਹਿੰਦੇ ਭਾਈ ਗੁਰਮੁਖਾ! ਆਪਾਂ ਨੂੰ ਦਿਤਾ ਹੋਇਆ ਕਿਸਨੇ ਹੈ ਸਭ ਕੁਛ? ਪ੍ਰਮੇਸ਼ਰ ਨੇ ਹੀ ਦਿਤਾ ਹੈ, ਇਕ ਸਾਖੀ ਸੁਣਾਈ ਉਨ੍ਹਾਂ ਨੇ ਕਿ ਇਕ ਕੋਈ ਬੰਦਾ ਸੀ, ਕਾਰੋਬਾਰ ਕਰਦਾ, ਕਾਰੋਬਾਰ ਕਰਦੇ ਨੂੰ ਪੈਸਿਆਂ ਨੂੰ ਦੀ ਲੋੜ ਪਈ, ਜਿਸ ਦੇਸ਼ ਵਿਚ ਰਹਿੰਦਾ ਸੀ ਕਿਸੇ ਨੇ ਵੀ ਉਸਦੀ ਮਦਦ ਨਾ ਕੀਤੀ। ਕਿਸੇ ਨੇ ਪੈਸੇ ਨਾ ਦਿਤੇ ਤੇ ਬੜਾ ਪਰੇਸ਼ਾਨ ਹੋ ਗਿਆ ਕਿ ਮੈਂ ਪੈਸੇ ਕਿਸੇ ਥਾਂ ਤੋਂ ਜਾ ਕੇ ਲਵਾਂ। ਅੱਗੇ ਚਲਿਆ ਗਿਆ ਤਾਂ ਕਿਸੇ ਨੇ ਦੱਸਿਆ ਕਿ ਆਹ ਜਿਹੜਾ ਨਾਲ ਦਾ ਹੈ ਦੇਸ਼ ਇਥੇ ਪੈਸੇ ਬਿਨਾਂ ਲਿਖਤ ਪੜ੍ਹਤ ਤੋਂ ਹੀ ਮਿਲ ਜਾਂਦੇ ਨੇ, ਆਪ ਬਾਰਡਰ ਪਾਰ ਕਰ ਜਾ, ਉਥੋਂ ਲੈ ਲੈ ਤੇ ਫੇਰ ਮੋੜ ਦੇਈਂ ਉਨ੍ਹਾਂ ਨੂੰ। ਉਥੇ ਚਲਿਆ ਜਾਂਦਾ, ਜਿਸ ਵਕਤ ਉਥੇ ਗਿਆ ਕੀ ਦੇਖਦਾ ਹੈ ਕਿਸੇ ਦਾ ਜੁਆਨ ਲੜਕਾ ਸੀ ਚੜ੍ਹਾਈ ਕਰ ਗਿਆ, ਉਹ ਜਿਹੜੇ ਪ੍ਰੇਮੀ ਨੇ ਹਲ ਚਲਾ ਰਿਹਾ ਹੈ ਜਿੰਮੀਦਾਰ, ਉਹਦਾ ਲੜਕਾ ਚੜ੍ਹਾਈ ਕਰ ਗਿਆ। ਇਹ ਚਲਿਆ ਗਿਆ ਜਾ ਕੇ ਕਹਿਣ ਲੱਗਿਆ ਕਿ ਮੈਂ ਫਲਾਣੇ ਬੰਦੇ ਨੂੰ ਮਿਲਣਾ ਹੈ ਤੇ ਨਾਲ ਦੇਖਣ ਲੱਗ ਗਿਆ ਕਿ ਲੜਕਾ ਇਹਦਾ ਚੜ੍ਹਾਈ ਕਰ ਗਿਆ, ਇਹ ਹਾਲੇ ਵੀ ਹੱਲ ਵਾਹੀ ਜਾਂਦਾ ਹੈ, ਇਹਨੂੰ ਚੁੱਕ ਕੇ ਇਹਨੇ ਪਾਸੇ ਕਰ ਦਿਤਾ, ਨਾ ਰੋਇਆ, ਨਾ ਕੁਛ ਕਿਹਾ, ਕੁਛ ਵੀ ਨਹੀਂ ਕਰਿਆ। ਦੇਖਦਾ ਰਿਹਾ, ਦੇਖਦਾ ਰਿਹਾ ਉਸ ਤੋਂ ਬਾਅਦ ਇਹਨੇ ਕਿਹਾ ਕਿ ਭਾਈ, ਮੈਂ ਤਾਂ ਫਲਾਣੇ ਨੂੰ ਮਿਲਣਾ ਹੈ, ਮੈਨੂੰ ਰਸਤਾ ਦੱਸ। ਕਹਿੰਦੇ, ਇਸੇ ਪਿੰਡ ਵਿਚ ਰਹਿੰਦਾ ਹੈ ਉਹ, ਐਸ ਪਾਸੇ ਚਲਿਆ ਜਾਈਂ, ਸਾਡੇ ਘਰ ਕੋਲ ਦੀ ਤੂੰ ਲੰਘ ਕੇ ਜਾਣਾ ਹੈ, ਤੂੰ ਐਉਂ ਕਰੀ ਆਹ ਸਾਡਾ ਘਰ ਹੈ, ਆਹ ਮੇਰਾ ਨਾਮ ਹੈ, ਮੇਰੇ ਘਰ ਸੁਨੇਹਾ ਦੇ ਦੇਈਂ, ਮੇਰੀ ਨੂੰਹ ਨੇ ਸਾਡੀ ਦੋਹਾਂ ਦੀ ਰੋਟੀ ਲੈ ਕੇ ਆਉਣੀ ਹੈ ਉਹਨੂੰ ਕਹਿ ਦੇਈਂ ਕਿ ਇਕ ਦੀ ਲੈ ਆਵੇ। ਦੋਹਾਂ ਦੀ ਨਾ ਲਿਆਵੇ।

ਚਲਿਆ ਗਿਆ, ਅੱਗੇ ਉਹ ਬੀਬੀ ਪ੍ਰਸ਼ਾਦੇ ਲੈ ਕੇ ਘਰੋਂ ਨਿਕਲ ਚੁੱਕੀ ਸੀ। ਜਦੋਂ ਦੇਖਿਆ ਇਹਨੇ ਕਿ ਪ੍ਰਸ਼ਾਦੇ ਚੁੱਕੇ ਹੋਏ ਨੇ ਸੀਸ ਦੇ ਉਤੇ, ਇਨੂੰ ਲਾਇਆ ਹੋਇਆ ਹੈ ਤੇ ਲੱਸੀ ਦਾ ਝਕਰਾ ਵੀ ਰੱਖਿਆ ਹੋਇਆ ਹੈ ਤੇ ਨਾਲ

ਪ੍ਰਸ਼ਾਦੇ ਵੀ ਨੇ। ਕਹਿਣ ਲੱਗਿਆ, ਬੀਬੀ ਤੂੰ ਜਿਹੜੇ ਹੱਲ ਚਲਾਉਂਦੇ ਨੇ ਉਨ੍ਹਾਂ ਦੀ ਰੋਟੀ ਲੈ ਕੇ ਚੱਲੀ ਹੈਂ, ਕਹਿੰਦੀ ਹਾਂ ਵੀਰਾ! ਮੈਂ ਉਥੇ ਚੱਲੀ ਹਾਂ। ਕਹਿੰਦੇ ਮੈਂ ਇਕ ਸੁਨੇਹਾ ਦੇਣਾ ਹੈ। ਕਹਿੰਦੀ ਦਿਓ। ਇਸਨੇ ਕਿਹਾ ਕਿ ਜਿਹੜਾ ਤੇਰਾ ਪਤੀ ਹੈ ਨਾ, ਐਨਾ ਕਹਿ ਕੇ ਗੱਲ ਨਾ ਅੱਗੇ ਕਹਿ ਹੋਵੇ। ਉਹ ਕਹਿੰਦੀ, ਵੇ ਵੀਰਾ! ਸੁਨੇਹਾ ਕਿਉਂ ਨਹੀਂ ਦਿੰਦਾ ਤੂੰ। ਕਹਿੰਦਾ, ਬੀਬੀ ਜਿਹੜਾ ਤੇਰਾ ਪਤੀ ਹੈ ਨਾ, ਇਥੇ ਆ ਕੇ ਫੇਰ ਰੁਕ ਗਿਆ, ਅੱਗੇ ਗੱਲ ਨਹੀਂ ਕਹਿ ਹੁੰਦੀ ਇਸ ਤੋਂ। ਤੀਸਰੀ ਵਾਰੀ ਉਹਨੇ ਫੇਰ ਕਰ ਗੱਲ ਕਰੀ ਕਿ ਬੀਬੀ ਮੇਰੇ ਤੋਂ ਕਹਿ ਨਹੀਂ ਹੁੰਦੀ, ਜਿਹੜਾ ਤੇਰਾ ਪਤੀ ਹੈ ਨਾ......? ਕਹਿਣ ਲੱਗੀ, ਚੜ੍ਹਾਈ ਕਰ ਗਿਆ? ਕਹਿੰਦਾ, ਹਾਂ। ਕਹਿੰਦੀ, ਹੁਣੇ ਕਰ ਗਿਆ। ਪਾਸੇ ਹੋ ਕੇ ਬਹਿ ਗਈ, ਫੇਰ ਕੀ ਸੁਨੇਹਾ ਹੈ? ਕਹਿੰਦਾ, ਬਜ਼ੁਰਗ ਨੇ ਸੁਨੇਹਾ ਦਿਤਾ ਹੈ ਕਿ ਮੇਰੀ ਇੱਕਲੇ ਦੀ ਹੀ ਰੋਟੀ ਲਿਆਵੇ। ਕਹਿਣ ਲੱਗੀ, ਠੀਕ ਹੈ! ਮੈਨੂੰ ਵੀ ਭੁੱਖ ਲੱਗੀ ਹੋਈ ਹੈ ਮੈਂ ਆਪਣੀ ਰੋਟੀ ਇਥੇ ਹੀ ਖਾ ਲੈਂਦੀ ਹਾਂ। ਪ੍ਰਸ਼ਾਦਾ ਛਕਣ ਲੱਗ ਗਈ।

ਇਹਨੇ ਸੋਚਿਆ ਕਿ ਇਹ ਤਾਂ ਪੱਥਰਾਂ ਦੇ ਬਣੇ ਹੋਏ ਬੰਦੇ ਨੇ। ਐਹੋ ਜਿਹੇ ਮਾੜੇ ਬੰਦੇ। ਪੁੱਤਰ ਮਰ ਜਾਏ, ਇਹਦਾ ਪਤੀ ਮਰ ਗਿਆ ਤੇ ਇਹ ਰੋਟੀ ਖਾਣ ਲੱਗੀ ਹੋਈ ਹੈ। ਬੜਾ ਅਫਸੋਸ ਹੋਇਆ ਇਹਦੇ ਮਨ ਵਿਚ। ਉਹਨੇ ਆਪਣੇ ਪ੍ਰਸ਼ਾਦਾ ਛਕਿਆ ਤੇ ਆਪਣੇ ਪਿਤਾ ਦਾ ਪ੍ਰਸ਼ਾਦਾ ਲੈ ਕੇ ਚਲੀ ਗਈ। ਇਹ ਪ੍ਰੇਮੀ ਜਾਂਦਾ-ਜਾਂਦਾ ਉਸ ਬੰਦੇ ਕੋਲ ਚਲਿਆ ਗਿਆ ਉਹਨੂੰ ਕਹਿਣ ਲੱਗਿਆ ਕਿ ਮੈਨੂੰ ਪੈਸਿਆਂ ਦੀ ਲੋੜ ਹੈ, ਮੈਂ ਨਾਲ ਦੇ ਦੇਸ਼ ਵਿਚੋਂ ਆਇਆ ਹਾਂ। ਉਸਨੇ ਪੁਛਿਆ ਕਿ ਕੀ ਕੰਮ ਕਰਨਾ ਹੈ? ਕਹਿਣ ਲੱਗਿਆ, ਮੈਂ ਵਪਾਰ ਕਰਨਾ ਹੈ, ਮੈਨੂੰ ਕਿਤੋਂ ਪੈਸਾ ਨਹੀਂ ਮਿਲਦਾ ਤੇ ਮੈਨੂੰ ਪਤਾ ਲੱਗਿਆ ਸੀ ਕਿ ਤੁਹਾਡੇ ਦੇਸ਼ ਵਲ ਪੈਸਾ ਦੇ ਦਿੰਦੇ ਨੇ। ਉਹ ਕਹਿਣ ਲੱਗਿਆ ਕਿ ਕਿੰਨਾ ਪੈਸਾ ਚਾਹੀਦਾ ਹੈ? ਇਸ ਨੇ ਕਿਹਾ ਕਿ ਦੱਸ ਹਜ਼ਾਰ ਮਿਲ ਜਾਏ। ਉਹਨੇ ਨੌਕਰ ਨੂੰ ਕਿਹਾ ਕਿ ਐਉਂ ਕਰ ਦੱਸ ਹਜ਼ਾਰ ਦੀ ਥੈਲੀ ਚੁੱਕ ਲਿਆ। ਉਹ ਥੈਲੀ ਚੁੱਕ ਲਿਆਇਆ ਇਹਨੇ ਗੱਲ ਚਲਾ ਲਈ ਇਹ ਕਹਿਣ ਲੱਗਿਆ, ਸੇਠ ਜੀ! ਮੈਂ ਇਕ ਅਜੀਬ ਗੱਲ ਦੇਖੀ ਹੈ, ਮੈਂ ਤੁਰਿਆ ਆਉਂਦਾ ਸੀ ਉਥੇ ਹਲ ਚਲਾਉਂਦੇ ਸੀ ਦੋ ਜਣੇ, ਇਕ ਪਿਉ ਸੀ ਇਕ ਪੁੱਤਰ ਸੀ। ਪੁੱਤਰ ਨੂੰ ਪਤਾ ਨਹੀਂ ਕੀ ਹੋਇਆ, ਉਹ ਗਿਰਦੇ ਸਾਰ ਮਰ ਗਿਆ। ਉਹਦੇ ਪਿਤਾ ਨੇ ਮੈਨੂੰ ਸੁਨੇਹਾ ਦਿਤਾ ਕਿ ਘਰ ਕਹਿ ਦੇਈਂ ਕਿ ਮੇਰੀ ਇੱਕਲੇ ਦੀ ਰੋਟੀ ਲਿਆਵੇ ਤੇ ਆਪਣੇ ਪਤੀ ਦੀ ਨਾ ਲਿਆਵੇ, ਨੂੰਹ ਨੂੰ ਸੁਨੇਹਾ ਦਿਤਾ। ਕਹਿੰਦਾ ਮੈਂ ਹੈਰਾਨ ਹੋ ਗਿਆ ਕਿ ਬਜ਼ੁਰਗ ਰੋਇਆ ਹੀ ਨਹੀਂ ਤੇ ਉਵੇਂ ਜਿਵੇਂ ਪੁੱਤਰ ਨੂੰ ਪਰ੍ਹੇ ਚੁੱਕ ਕੇ ਕਰ ਦਿਤਾ। ਬਲਦ ਪਰ੍ਹੇ ਬੰਨ੍ਹ ਦਿਤੇ ਤੇ ਆਪ ਹਲ ਚਲਾਉਣ ਲਗ ਪਿਆ। ਕਹਿੰਦਾ, ਜਦੋਂ ਮੈਂ ਸੁਨੇਹਾ ਦੇਣ ਲੱਗਿਆ, ਨੂੰਹ ਪ੍ਰਸ਼ਾਦੇ ਲਈ ਜਾਂਦੀ ਸੀ ਤਾਂ ਮੈਂ ਉਸਨੂੰ ਸੁਨੇਹਾ ਦਿਤਾ, ਉਸ ਨੇ ਸੁਣਦੇ ਸਾਰ ਕਹਿਣ ਲੱਗੀ ਕਿ ਤਾਂ ਫੇਰ ਮੈਂ ਆਪਣਾ ਪ੍ਰਸ਼ਾਦਾ ਇਥੇ ਹੀ ਛਕ ਲੈਂਦੀ ਹਾਂ ਅੱਜ ਮੈਂ ਖਾ ਕੇ ਨਹੀਂ ਸੀ ਆਈ। ਕਹਿੰਦਾ, ਬੜੇ ਪੱਥਰਾਂ ਦੇ ਦਿਲ ਲੱਗੇ ਹੋਏ ਨੇ ਇਨ੍ਹਾਂ ਦੇ।

ਉਸ ਨੇ ਕਿਹਾ ਕਿ ਤੁਸੀਂ ਕੀ ਕਰਦੇ ਹੁੰਦੇ ਓਂ? ਕਹਿਣ ਲੱਗਿਆ, ਸਾਡੇ ਜੇ ਹੋ ਜਾਏ ਅਸੀਂ ਤਾਂ ਰੋਟੀ ਹੀ ਨਹੀਂ ਖਾਂਦੇ, ਪਿੱਟ-ਪਿੱਟ ਮਰ ਜਾਂਦੇ ਹਾਂ, ਛਾਤੀਆਂ ਪਿਟਦੇ ਹਾਂ, ਸਿਆਪੇ ਕਰਦੇ ਹਾਂ ਬਹੁਤ, ਕਿੰਨੇ ਦਿਨ ਸੋਗ ਪਿਆ ਰਹਿੰਦਾ ਹੈ, ਸਾਡੇ ਤਾਂ ਆਹ ਰਿਵਾਜ ਹੈ। ਜੇ ਬਜ਼ੁਰਗ ਵੀ ਚਲਿਆ ਜਾਵੇ ਤਾਂ ਵੀ ਅਸੀਂ ਰੋਟੀ ਨਹੀਂ ਖਾਂਦੇ। ਇਹ ਤਾਂ ਜੁਆਨ ਮੌਤ ਹੋਈ ਹੈ। ਅਸੀਂ ਤਾਂ ਫੇਰ ਕਿਸੇ ਨੂੰ ਹਰੀ ਦਾ ਜਸ ਵੀ ਨਹੀਂ ਕਰਨ ਦਿੰਦੇ, ਨਾ ਭਾਈ ਬਾਣੀ ਨਾ ਪੜ੍ਹ ਕੀਰਤਨ ਵੀ ਨਾ ਕਰ। ਇਥੇ ਮੌਤ ਹੋ ਗਈ ਹੈ ਸਾਡੇ ਪੜੋਸ ਵਿਚ। ਨੌਕਰ ਨੂੰ ਉਹਨੇ ਇਸ਼ਾਰਾ ਕਰਿਆ ਕਿ ਆਹ ਪੈਸੇ ਚੁੱਕ ਕੇ ਲੈ ਜਾ। ਉਹ ਪੈਸੇ ਚੁੱਕ ਕੇ ਲੈ ਗਿਆ ਜਿਹੜੇ ਉਹਨੂੰ ਦੇਣ ਲੱਗਿਆ ਸੀ ਦੱਸ ਹਜ਼ਾਰ ਰੁਪਿਆ।

ਕਾਫੀ ਦੇਰ ਬੈਠਾ ਰਿਹਾ ਕਹਿਣ ਲੱਗਿਆ, ਸੇਠ ਜੀ! ਤੁਸੀਂ ਪੈਸੇ ਨਹੀਂ ਦਿੱਤੇ? ਕਹਿੰਦਾ, ਪ੍ਰੇਮੀਆ! ਅਸੀਂ ਤੈਨੂੰ ਪੈਸੇ ਨਹੀਂ ਦੇਣੇ। ਕਹਿੰਦਾ ਕਿਉਂ? ਉਹ ਕਹਿੰਦਾ, ਤੁਸੀਂ ਪ੍ਰਮੇਸ਼ਰ ਦੀ ਦਿਤੀ ਹੋਈ ਦਾਤ ਜੇ ਤੁਸੀਂ ਉਹਨੂੰ ਵਾਪਸ ਕਰਨ ਵੇਲੇ ਐਨਾ ਚੱਕਰ ਪਾਉਂਦੇ ਓਂ, ਐਨਾ ਰੋਂਦੇ ਓਂ, ਪਿਟਦੇ ਓਂ –

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥*
*ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥*
*ਸਰਬ ਸੂਖ ਤਾਹੂ ਮਨਿ ਵੂਠਾ ॥*
*ਜਿਸੁ ਜਨ ਅਪਨਾ ਹੁਕਮੁ ਮਨਾਇਆ ॥*
*ਸਰਬ ਥੋਕ ਨਾਨਕ ਤਿਨਿ ਪਾਇਆ ॥*

*ਅੰਗ – ੨੬੮*

ਪੁੱਤਰ ਤੁਹਾਡਾ ਹੁੰਦੈ? ਉਹ ਤਾਂ ਵਾਹਿਗੁਰੂ ਦਾ ਦਿਤਾ ਹੋਇਆ ਹੈ, ਵਾਹਿਗੁਰੂ ਨੇ ਆਪਣਾ ਦਿਤਾ ਵਾਪਸ ਮੰਗ ਲਿਆ, ਉਹ ਖੁਸ਼ੀ ਨਾਲ ਦੇਣਾ ਚਾਹੀਦਾ ਹੈ ਕਿ ਪਿੱਟ-ਪਿੱਟ ਕੇ ਦੇਣਾ ਚਾਹੀਦਾ ਹੈ। ਤੁਸੀਂ ਤਾਂ ਬੜੇ ਮਾੜੇ ਬੰਦੇ

ਓਂ, ਫੇਰ ਮੇਰਾ ਉਧਾਰ ਤੂੰ ਕਿਥੋਂ ਮੋੜ ਦਏਂਗਾ। ਉਧਾਰ ਮੋੜਨ ਵੇਲੇ ਤੂੰ ਰੌਲਾ ਪਾਏਂਗਾ, ਜਾਹ ਤੈਨੂੰ ਨਹੀਂ ਅਸੀਂ ਦਿੰਦੇ।

ਸੋ ਭਾਈ ਭਿਖਾਰੀ ਕਹਿਣ ਲੱਗਿਆ, ਗੁਰਮੁਖਾ! ਇਹ ਤਾਂ ਦਾਤ ਸੀ ਪ੍ਰਮੇਸ਼ਰ ਦੀ। ਦਿਤੀ ਸੀ ਤਾਂ ਵੀ ਉਹਦੀ ਦਾਤ ਸੀ, ਸਾਨੂੰ ਉਹਦੀ ਖੁਸ਼ੀ ਕਾਹਦੀ ਹੈ, ਸਾਡਾ ਫਰਜ਼ ਸੀ, ਪੁੱਤਰ ਆਇਆ ਇਹਨੂੰ ਪਾਲਾ ਪੋਸਾਂਗੇ ਠੀਕ ਹੈ। ਹੁਣ ਉਹਨੇ ਵਾਪਸ ਲੈ ਲਈ ਤਾਂ ਹੁਣ ਰੋਣਾ ਕਿਹੜੀ ਗੱਲ ਦਾ ਹੋਇਆ? ਇਹ ਤਾਂ ਵਾਹਿਗੁਰੂ ਦੀ ਦਾਤ ਵਾਹਿਗੁਰੂ ਨੇ ਲੈ ਲਈ ਹੁਣ ਰੌਲਾ ਰੱਪਾ ਤਾਂ ਕੋਈ ਹੈ ਨਹੀਂ ਨਾ।

***ਦਸ ਬਸਤੂ ਲੇ ਪਾਛੈ ਪਾਵੈ ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥***
***ਅੰਗ - ੨੬੮***

ਜੇ ਸਾਰੇ ਹੀ ਲੈ ਲਏ ਫੇਰ ਅਸੀਂ ਕੀ ਕਰ ਸਕਦੇ ਹਾਂ। ਸੋ ਮਹਾਰਾਜ ਕਹਿੰਦੇ –

***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥ ਅੰਗ - ੨੭੫***

ਅਨੰਦ ਦੀ ਬਿਰਤੀ ਵਿਚ ਰਹਿੰਦੇ ਨੇ।

ਭਾਈ ਗੜ੍ਹੀਆ ਗੁਰੂ ਛੇਵੇਂ ਪਾਤਸ਼ਾਹ ਨੇ ਭੇਜ ਦਿਤਾ, ਭਾਈ ਗੜ੍ਹੀਆਂ ਕਸ਼ਮੀਰ ਜਾਹ, ਕਈ ਸਾਲਾਂ ਦਾ ਉਥੋਂ ਦਸਵੰਧ ਨਹੀਂ ਆਇਆ, ਸੁਨੇਹੇ ਆ ਰਹੇ ਨੇ, ਤੇ ਤੂੰ ਜਾ ਕੇ ਦਸਵੰਧ ਲੈ ਆ ਤੇ ਨਾਲੇ ਉਥੇ ਰਹਿ ਸਿੱਖੀ ਦਾ ਪ੍ਰਚਾਰ ਕਰੀ ਜਾਹ। ਉਥੇ ਜਾ ਕੇ ਭਾਈ ਗੜ੍ਹੀਆ ਪੀਰ ਦੌਲੇ ਕੋਲ ਚਲਿਆ ਗਿਆ, ਗੁਜ਼ਰਾਤ ਦਾ ਪੀਰ, ਬੜਾ ਕਰਾਮਾਤੀ ਪੀਰ ਸੀ। ਉਹਦਾ ਇਕ ਚੇਲਾ ਸੀ ਜਹਾਂਗੀਰ, ਉਹ ਬਹੁਤੀਆਂ ਹੀ ਕਰਾਮਾਤਾਂ ਦਿਖਾਉਂਦਾ ਸੀ, ਸਾਰੀ ਦੁਨੀਆਂ ਪਿਛੇ ਲਾਈ ਹੋਈ ਸੀ ਸ਼ਕਤੀਆਂ ਦਿਖਾ-ਦਿਖਾ ਕੇ। ਉਥੇ ਰਿਹਾ ਤਾਂ ਪੀਰ ਦੌਲੇ ਨੂੰ ਪਤਾ ਲਗਿਆ ਕਿ ਗੁਰੂ ਦਾ ਸਿੱਖ ਆਇਆ ਹੈ। ਬੜੇ ਪਿਆਰ ਤੇ ਆਦਰ ਸਤਿਕਾਰ ਨਾਲ ਉਸਨੇ ਆਪਣੇ ਡੇਰੇ ਵਿਚ ਰਹਿਣ ਨੂੰ ਥਾਉਂ ਦਿਤਾ, ਪ੍ਰਸ਼ਾਦ ਪਾਣੀ ਜਲ ਦੀ ਸਭ ਸੇਵਾ ਕਰਦਾ ਰਿਹਾ। ਵਸਤਰ ਧੁਆਏ ਉਨ੍ਹਾਂ ਦੇ ਹੋਰ ਥਕੇਵਾਂ ਲਾਹਿਆ ਤੇ ਸੁਖਮਨੀ ਸਾਹਿਬ ਰੋਜ਼ ਸੁਣਿਆ ਕਰੇ ਉਨ੍ਹਾਂ ਤੋਂ। ਜਦੋਂ ਉਹ ਜਾਣ ਉਦੋਂ ਹੀ ਕਹਿਣ ਕਿ ਮੇਰਾ ਸੁਖਮਨੀ ਸਾਹਿਬ ਦਾ ਨੇਮ ਟੁੱਟ ਜਾਏਗਾ। ਮੈਨੂੰ ਸੁਖਮਨੀ ਸਾਹਿਬ ਸੁਣਾਓ। ਸੋ ਸੁਖਮਨੀ ਸਾਹਿਬ ਕਈ ਦਿਨ ਰਹਿ ਕੇ ਸੁਣਾਉਂਦੇ ਰਿਹਾ, ਹੋਰ ਬਾਣੀ ਦੀ ਵਿਚਾਰ ਚਲਦੀ ਰਹੀ। ਜਦੋਂ ਜਾਣ ਲੱਗੇ ਤਾਂ ਇਹ ਪੀਰ ਦੌਲੇ ਸ਼ਾਹ ਛੱਡਣ ਵਾਸਤੇ ਬਾਹਰ ਆਇਆ, ਕੱਚੇ ਰਾਹ ਸੀ ਤੇ ਇਨ੍ਹਾਂ ਦੀ ਜੁੱਤੀ ਦੀ ਅੱਡੀ ਟੁਟੀ ਹੋਈ ਸੀ ਤੇ ਪਿਛੋਂ ਛਿੱਤਰ ਬਣਿਆ ਹੋਇਆ ਸੀ ਜਦੋਂ ਇਹ ਤੁਰਨ ਅੱਡੀ ਦੇ ਵਿਚੋਂ ਮਿੱਟੀ ਪੈ ਜਾਵੇ, ਜਦੋਂ ਇਹ ਪੈਰ ਪੁੱਟਣ ਉਹ ਚੁੱਕ ਕੇ ਉਤੇ ਮਾਰੇ। ਪਿਛਲੇ ਪਾਸੇ ਧੂੜ ਹੀ ਧੂੜ ਭਰ ਗਈ। ਮਨ ਵਿਚ ਖਿਆਲ ਆਇਆ ਕਿ ਗੁਰੂ ਦੇ ਸਿੱਖ ਨੂੰ ਗੁਰੂ ਨੇ ਕੁਛ ਕਪੜੇ ਲੀੜੇ ਦਿਤੇ ਨਹੀਂ ਹਨ। ਪੁਰਾਣੇ ਕੱਪੜਾ ਪਾਈ ਫਿਰਦਾ ਹੈ, ਟੁੱਟੀ ਹੋਈ ਜੁੱਤੀ ਪਾਈ ਹੈ। ਜੇ ਮੈਂ ਕੋਈ ਮਾਇਆ ਦੇ ਦੇਵਾਂ ਤਾਂ ਇਹਦਾ ਕੋਈ ਕੰਮ ਚਲ ਜਾਵੇ। ਉਸ ਵੇਲੇ ਕਹਿਣ ਲੱਗਿਆ ਕਿ ਭਾਈ ਗੜ੍ਹੀਆ ਤੂੰ ਮੈਨੂੰ ਦੱਸਣਾ ਸੀ, ਇਥੇ ਜੋੜਿਆਂ ਦਾ ਕੋਈ ਘਾਟਾ ਹੈ, ਸਾਡੇ ਕੋਲ ਤਾਂ ਬੇਅੰਤ ਨੇ। ਨਵਾਂ ਜੋੜਾ ਤੇ ਵਸਤਰ ਤੈਨੂੰ ਦੇ ਦਿੰਦੇ, ਮੈਂ ਵੀ ਧਿਆਨ ਨਹੀਂ ਕਰਿਆ। ਮੈਨੂੰ ਹੁਣੇ ਧਿਆਨ ਆਇਆ। ਐਉਂ ਕਰ ਆਹ ਸਾਮ੍ਹਣੇ ਦੇਖ ਹਲ ਵਾਹਿਆ ਪਿਆ ਹੈ, ਆਹ ਜਿਹੜਾ ਡਲਾ ਹੈ ਚੁੱਕ ਲੈ। ਭਾਈ ਗੜ੍ਹੀਏ ਨੇ ਜਦੋਂ ਦੇਖਿਆ ਕਿ ਡਲਾ ਸੋਨੇ ਦਾ ਬਣਾ ਦਿਤਾ ਉਹਨੇ। ਦੇਖਿਆ, ਦੇਖ ਕੇ ਧਿਆਨ ਹੀ ਨਾ ਦਿਤਾ। ਕਹਿੰਦਾ, ਭਾਈ! ਗੜ੍ਹੀਆ! ਮੇਰੀ ਬੇਨਤੀ ਸੁਣ, ਆਹ ਡਲਾ ਚੁੱਕ ਲੈ, ਇਹਦੇ ਵਸਤਰ ਲੈ ਲਈਂ, ਜੋੜੇ ਲੈ ਲਈਂ, ਸਵਾਰੀ ਵਾਸਤੇ ਘੋੜਾ ਲੈ ਲਈਂ ਹੋਰ ਵਰਤ ਲਈਂ ਜਿੱਥੇ ਵਰਤਣਾ ਹੈ ਤੂੰ। ਭਾਈ ਗੜ੍ਹੀਆ ਕਹਿੰਦਾ ਕਿ ਲੋੜ ਨਹੀਂ ਸਾਨੂੰ। ਕਹਿੰਦਾ ਲੋੜ ਕਿਉਂ ਨਹੀਂ ਹੈ? ਉਸ ਨੇ ਕਿਹਾ ਕਿ ਸਾਨੂੰ ਜ਼ਰੂਰਤ ਨਹੀਂ ਹੈ ਇਸ ਚੀਜ਼ ਦੀ, ਠੀਕ ਹੈ ਅਸੀਂ ਆਪਣੀ ਮੌਜ ਵਿਚ ਮਸਤ ਹਾਂ ਜਿਵੇਂ ਹੈਗੇ, ਹੈਗੇ। ਉਸ ਵਕਤ ਭਾਈ ਗੜ੍ਹੀਏ ਨੇ ਕਿਹਾ ਪੀਰ ਜੀ! ਕਿਹੜੇ ਡਲੇ ਦੀ ਗੱਲ ਕਰਦੇ ਓਂ ਤੁਸੀਂ, ਕਿਹੜਾ ਚੁੱਕਣਾ ਹੈ ਦੱਸੋ ਤਾਂ ਸਹੀ। ਜਦੋਂ ਪੀਰ ਨੇ ਉਸ ਡਲੇ ਵਲ ਨੂੰ ਦੇਖਣ ਦਾ ਜਤਨ ਕਰਿਆ, ਹੈਰਾਨ ਹੋ ਗਿਆ ਕਿ ਇਹ ਤਾਂ ਸਾਰੇ ਹੀ ਡਲੇ ਜਿੰਨੇ ਵੀ ਪਏ ਨੇ ਇਹ ਤਾਂ ਸਾਰੇ ਹੀ ਸੋਨੇ ਨਾਲ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੁਣ ਕਿਹੜਾ ਦੱਸੇ ਕਿ ਆਹ ਚੁੱਕ ਲੈ। ਉਹਨੇ ਦੇਖ ਲਿਆ ਕਿ ਸਿੱਖ ਵਿਚ ਐਨੀ ਸ਼ਕਤੀ ਹੈ, ਮੈਂ ਤਾਂ ਇਕ ਡਲਾ ਹੀ ਸੋਨੇ ਦਾ ਬਣਾਇਆ ਹੈ, ਇਹਨੇ ਦ੍ਰਿਸ਼ਟੀ ਕਰਕੇ ਸਾਰਾ ਖੇਤ ਹੀ ਸੋਨੇ ਦਾ ਬਣਾ ਦਿਤਾ। ਸੋ ਕਹਿੰਦੇ ਲੋੜ ਨਹੀਂ ਹੈ, ਇਹ ਵੀ ਮਿੱਟੀ ਹੈ ਉਹ ਵੀ ਮਿਟੀ ਹੈ –

***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਅੰਗ - ੨੭੫***

ਬਾਬਾ ਖੁਦਾ ਸਿੰਘ ਜੀ ਮਹਾਰਾਜ ਪਟਿਆਲੇ ਗਏ ਹੋਏ ਨੇ ਆਪ ਉਥੇ ਆਪ ਦੇ ਦੀਵਾਨ ਲਗਦੇ ਨੇ, ਉਥੇ ਕਥਾ ਹੁੰਦੀ ਹੈ, ਮਹਾਰਾਜਾ ਕਥਾ ਸੁਣਨ ਵਾਸਤੇ ਆਉਂਦਾ ਹੈ, ਉਥੇ ਜਿਹੜੇ ਪਹਿਲੇ ਰਾਜੇ ਸੀ ਸਿੱਖ ਰਾਜੇ, ਇਨ੍ਹਾਂ ਦੇ ਦਰਬਾਰ ਵਿਚ ਬ੍ਰਾਹਮਣ, ਸੰਸਕ੍ਰਿਤ ਨੂੰ ਜਾਨਣ ਵਾਲੇ, ਵੱਡੇ-ਵੱਡੇ ਬ੍ਰਾਹਮਣ ਕਵੀ ਇਹ ਰੱਖਿਆ ਕਰਦੇ ਸੀ, ਉਹ ਆਪਣੇ ਅਸਰ ਵਿਚ ਰੱਖਿਆ ਕਰਦੇ ਸੀ ਰਾਜੇ ਨੂੰ। ਉਨ੍ਹਾਂ ਨੂੰ ਸੁਣਾਉਂਦੇ ਰਹਿੰਦੇ ਸੀ ਆਪਣੇ ਹਿਸਾਬ ਦੀਆਂ ਗੱਲਾਂ। ਇਸੇ ਕਰਕੇ ਸਿੱਖੀ ਇਨ੍ਹਾਂ ਦੇ ਵੇਲੇ ਨਿਖਰੀ ਨਹੀਂ ਸੀ। ਗੁਰੂ

ਗ੍ਰੰਥ ਸਾਹਿਬ ਦੇ ਅਰਥਾਂ ਦੇ ਵਿਚ ਰਲਾਅ ਹੋ ਜਾਂਦਾ ਸੀ, ਸਾਖੀਆਂ ਦੇ ਵਿਚ ਰਲਾਅ ਕਰ ਦਿਤੇ ਬਹੁਤ, ਵਹਿਮ ਪ੍ਰਸਤੀ ਵਿਚ ਪਾ ਦਿਤਾ। ਕਿਉਂਕਿ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਜੀ ਤੋਂ ਬਾਅਦ 25-26 ਸਾਲ ਅਣਛਪਿਆ ਪਿਆ ਰਿਹਾ, ਉਹਦੇ ਵਿਚ ਵਿਦਵਾਨਾਂ ਨੇ ਬੜੀਆਂ ਗੱਲਾਂ ਪਾ ਦਿਤੀਆਂ। ਕਿਤੇ ਐਹੋ ਜਿਹੀਆਂ ਗੱਲਾਂ ਪਾ ਦਿਤੀਆਂ ਕਿ ਸਾਹਿਬਜ਼ਾਦੇ ਜਾਂਦੇ ਨੇ ਯੁੱਧ ਨੂੰ ਛੋਟੇ, ਹੈ ਤਾਂ ਬਹਾਦਰੀ ਚੌਦਾਂ ਸਾਲ ਦੀ ਉਮਰ ਦੇ ਵਿਚ ਐਨੇ ਲੱਖਾਂ ਫੌਜ ਦੇ ਨਾਲ ਮੁਕਾਬਲਾ ਕਰਨ ਜਾਣਾ, ਮਾਮੂਲੀ ਗੱਲ ਹੈ? ਲੇਕਿਨ ਉਹਦੇ ਵਿਚ ਮਿਲਾਵਟ ਕੀ ਕਰੀ ਕਿ ਜਦੋਂ ਦੁਸ਼ਮਣ ਨੂੰ ਦੇਖਿਆ ਤਾਂ ਸਾਹ ਸੁੱਕ ਗਿਆ ਉਨ੍ਹਾਂ ਦਾ ਤੇ ਉਹਨੂੰ ਪਾਣੀ ਦੀ ਪਿਆਸ ਲੱਗ ਆਈ। ਗੁਰੂ ਮਹਾਰਾਜ ਦੇ ਕੋਲ ਨੂੰ ਪਿਛੇ ਮੁੜ ਕੇ ਗਏ, ਮਹਾਰਾਜ ਨੇ ਆਵਾਜ਼ ਦਿਤੀ ਕਿ ਤੂੰ ਕਿਉਂ ਮੁੜਿਆ ਆਉਂਦਾ ਹੈਂ, ਕਹਿੰਦਾ ਮੈਨੂੰ ਪਾਣੀ ਦੀ ਪਿਆਸ ਲੱਗੀ ਹੈ, ਮਹਾਰਾਜ ਨੇ ਕਿਹਾ ਕਿ ਪਾਣੀ ਤਾਂ ਤੇਰੇ ਭਰਾ ਕੋਲ ਭਰਿਆ ਪਿਆ ਹੈ, ਉਥੇ ਜਾਹ। ਗੱਲ ਤਾਂ ਬੜੀ ਛੁਪਾ ਕੇ ਕਰੀ ਹੋਈ ਹੈ ਇਹ।

ਸਾਨੂੰ ਬੜਾ ਦਰਦ ਆਉਂਦਾ ਹੈ ਕਿ ਜਦੋਂ ਇਹ ਗੱਲ ਸੁਣਦੇ ਕਿ ਮਹਾਰਾਜ ਨੇ ਪਾਣੀ ਨਾ ਦਿਤਾ। ਪਰ ਦੂਜੀ ਗੱਲ ਵੀ ਦੇਖੋ ਕਿ ਸਾਹਿਬਜ਼ਾਦਾ ਡਰ ਗਿਆ, ਡਰ ਕੇ ਸਾਹ ਸੁੱਕ ਗਿਆ। ਸੋ ਵਿੱਥ ਪਾ ਦਿਤੀ ਇਹੋ ਜਿਹੀਆਂ ਗੱਲਾਂ ਨੇ। ਮਾਤਾ ਗੁਜਰੀ ਜੀ ਬਾਰੇ ਲਿਖ ਦਿਤਾ ਕਿ ਬੁਰਜ ਤੋਂ ਛਾਲ ਮਾਰੀ ਉਨ੍ਹਾਂ ਨੇ।

ਉਹ ਯੋਗੀ ਸਨ ਮਾਤਾ ਗੁਜਰੀ ਜੀ, 28 ਸਾਲ ਗੁਰੂ ਨੌਵੇਂ ਪਾਤਸ਼ਾਹ ਦੇ ਦਰਵਾਜ਼ੇ ਤੇ ਬੈਠੇ ਰਹੇ, ਭੁੰਝੇ। ਮਹਾਰਾਜ ਜੀ ਨੇ ਅੰਦਰ ਤਪ ਕਰਿਆ, ਮਾਤਾ ਜੀ ਨੇ ਦਰਵਾਜ਼ੇ 'ਚ ਕਰਿਆ। ਜਦੋਂ ਗੁਰੂ ਮਹਾਰਾਜ ਐਡੀ ਤਪਸਿਆ ਕਰਦੇ ਨੇ, ਫੇਰ ਪਿਛਲੇ ਜਨਮ ਦੇ ਦੋਵੇਂ ਸਾਥੀ, ਉਥੇ ਵੀ ਦੋਵੇਂ ਤਪ ਕਰਦੇ ਸੀ, ਪਹਾੜਾਂ ਵਿਚ, ਰਾਜੇ ਸੀਗੇ, ਉਤਰਾਕਾਸ਼ੀ ਦੇ। ਉਹ ਮਾਤਾ ਨੂੰ ਛੋਟੀ ਕਰਨ ਵਾਸਤੇ ਇਤਿਹਾਸ ਵਾਲਿਆਂ ਨੇ ਲਿਖ ਦਿਤਾ ਕਿ ਛਾਲ ਮਾਰੀ। ਅੱਜਕਲ੍ਹ ਦੇ ਲਿਖਾਰੀ ਪ੍ਰੋਫੈਸਰ ਲਿਖਦੇ ਨੇ ਕਿ heart fail ਹੋ ਗਿਆ।

ਸਾਧਸੰਗਤ ਜੀ! ਉਹ ਯੋਗੀ ਸੀਗੇ। ਜੇ ਮਾਤਾ ਜੀਤੋ ਜੀ ਮਰਜ਼ੀ ਨਾਲ ਸਰੀਰ ਛੱਡ ਜਾਂਦੇ ਨੇ ਤੇ ਜਿਹੜੀ ਗੁਰੂ ਦੀ ਤੁਕ ਹੈ ਉਹ ਤਾਂ ਸਫਲੀ ਨਹੀਂ ਹੁੰਦੀ। ਮਹਾਰਾਜ ਐਉਂ ਕਹਿੰਦੇ ਨੇ -

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਮਰਜ਼ੀ ਨਾਲ ਆਉਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ। ਜੇ ਮਰਜ਼ੀ ਹੋਵੇ ਜਾ ਕੇ ਫੇਰ ਮੁੜ ਆਉਂਦੇ ਨੇ।

ਭਾਈ ਦਇਆ ਸਿੰਘ ਜੀ, ਗੁਰੂ ਦਸਮੇਸ਼ ਪਿਤਾ ਦੇ ਪਾਸ ਨੰਦੇੜ ਸਾਹਿਬ ਨੇ ਤੇ ਗੁਰੂ ਮਹਾਰਾਜ ਨੇ ਜਦੋਂ ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਆਪ ਬਿਰਾਜਮਾਨ ਹੋਏ। ਉਸ ਵੇਲੇ ਆਵਾਜ਼ ਆਉਣੀ ਸ਼ੁਰੂ ਹੋ ਗਈ, ਮਹਾਰਾਜ ਨੇ ਕਿਹਾ ਕਿ ਭਾਈ, ਇਹ ਮਾਰੂ ਦੀ ਆਵਾਜ਼ ਕਿੱਥੋਂ ਆ ਰਹੀ ਹੈ।

"ਸੱਚੇ ਪਾਤਸ਼ਾਹ! ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ।"

ਮਹਾਰਾਜ ਜੀ ਭਾਈ ਦਇਆ ਸਿੰਘ ਜੀ ਦੀ ਅਵਸਥਾ ਨੂੰ ਪੂਰੀ ਤਰ੍ਹਾਂ ਜਾਣਦੇ ਸੀ। ਤਾਂ ਹੀ ਤਾਂ ਪ੍ਰਮੁੱਖ ਪਿਆਰਾ ਸੀ, ਆਪਣਾ ਰੂਪ ਬਣਾਇਆ ਹੋਇਆ ਸੀ।

ਕਹਿੰਦੇ, ਜਾਓ ਭਾਈ ਦਇਆ ਸਿੰਘ ਜੀ ਨੂੰ ਕਹੋ ਸਾਨੂੰ ਮਿਲ ਕੇ ਜਾਣ।

ਗੁਰਸਿੱਖ ਗਿਆ ਜਾ ਕੇ ਆਵਾਜ਼ ਦਿਤੀ ਭਾਈ ਸਾਹਿਬ! ਗੁਰੂ ਦਸ਼ਮੇਸ਼ ਪਿਤਾ ਦਾ ਹੁਕਮ ਹੈ ਕਿ ਤੁਸੀਂ ਮਿਲ ਕੇ ਜਾਓ। ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਖੜ੍ਹੇ ਤੇ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਆ ਗਏ। ਚਰਨਾਂ ਤੇ ਨਮਸ਼ਕਾਰ ਕਰੀ। ਕਹਿਣ ਲੱਗੇ, ਭਾਈ ਦਇਆ ਸਿੰਘਾ! ਬਚਪਨ ਤੋਂ ਆਪਾਂ ਸਾਥੀ ਚਲੇ ਆਉਂਦੇ ਹਾਂ, ਤੇਰੀ ਵੀ ਕਰਨੀ ਕਮਾਈ ਖਾਲਸੇ ਵਾਲੀ, ਮੇਰਾ ਰੂਪ ਹੈ ਖਾਲਸਾ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰਹੁ ਨਿਵਾਸ॥***

ਬੜਾ ਭੁਲੇਖਾ ਹੈ ਇਸ ਗੱਲ ਦੇ ਵਿਚ, ਅਸੀਂ ਹਰੇਕ ਨੂੰ ਕਹਿ ਦਿੰਦੇ ਹਾਂ ਕਿ ਚਾਹੇ ਸ਼ਰਾਬ ਪੀਣ ਵਾਲੇ ਬੈਠੇ ਹੋਣ, ਚਾਹੇ ਕੋਈ ਹੋਵੇ, ਕਹਿਣਗੇ ਖਾਲਸਾ ਜੀ ਤੁਸੀਂ ਗੁਰੂ ਸਾਹਿਬ ਦਾ ਰੂਪ ਹੋ। ਨਿੰਦਿਆ ਕਰਨ ਵਾਲੇ ਵੀ ਗੁਰੂ ਸਾਹਿਬ ਦਾ ਰੂਪ ਨੇ? ਸ਼ਰਾਬਾਂ ਪੀਣ ਵਾਲੇ ਵੀ, ਚੁਗਲੀਆਂ ਕਰਨ ਵਾਲੇ ਵੀ, ਭਰਾ ਮਾਰ ਕਰਨ ਵਾਲੇ ਵੀ ਗੁਰੂ ਦਾ ਰੂਪ ਨੇ? ਬਿਲਕੁਲ ਗਲਤ। ਗੁਰੂ ਦਾ ਰੂਪ ਤਾਂ ਖਾਲਸਾ ਹੈ, ਖਾਲਸਾ ਜਿਹੜਾ ਹੈ ਮਹਾਰਾਜ ਕਹਿੰਦੇ -

***ਪੂਰਨ ਜੋਤ ਜਗੈ ਘਟ ਮੈ,***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਨਖਾਲਸਾਂ ਦੇ ਵਿਚੋਂ ਖਾਲਸ ਕੇਵਲ ਉਹ ਹੈ ਜਿਹਦੇ ਅੰਦਰ ਬ੍ਰਹਮਗਿਆਨ ਦੀ ਜੋਤ ਜਗ ਗਈ।

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਕਹਿੰਦੇ, ਬੜੀ ਉਚੀ ਅਵਸਥਾ ਦਾ ਗੁਰਸਿੱਖ ਹੈਂ

ਪਿਆਰਿਆ। ਫੇਰ ਤੂੰ ਗੁਰਸਿੱਖ ਬਣ ਕੇ ਸਾਡੇ ਨਾਲ ਰਿਹਾ ਹੈ, ਹਰ ਥਾਂ ਤੇ ਅਸੀਂ ਤੈਨੂੰ ਭੇਜਦੇ ਰਹੇ ਹਾਂ, ਸਲਾਹ ਮਸ਼ਵਰਾ ਤੇਰਾ ਲੈਂਦੇ ਰਹੇ ਹਾਂ। ਇਤਿਹਾਸ ਪੜ੍ਹ ਲਓ ਜਿੰਨਾ ਭਾਈ ਦਇਆ ਸਿੰਘ ਨੂੰ ਗੁਰੂ ਦਸ਼ਵੇਂ ਪਾਤਸ਼ਾਹ ਮਹਾਰਾਜ ਨੇ ਬਾਰ-ਬਾਰ ਹੁਕਮ ਦਿਤੇ ਨੇ ਬਾਰ-ਬਾਰ ਥਾਂ ਤੇ ਭੇਜੇ ਨੇ, ਬਾਰ-ਬਾਰ ਗੁੰਝਲਦਾਰ ਗੱਲਾਂ ਹੱਲ ਕਰਨ ਨੂੰ ਕਿਹਾ ਹੈ, ਹੋਰ ਨਾਉਂ ਕਿਸੇ ਦਾ ਘੱਟ ਆਉਂਦਾ ਹੈ। ਕਹਿਣ ਲੱਗੇ, ਹੁਣ ਜਾਣ ਵੇਲੇ ਸਾਨੂੰ ਦੱਸਿਆ ਹੀ ਨਹੀਂ? ਮਿਲ ਕੇ ਨਾ ਗਏ ਤੁਸੀਂ?

ਕਹਿਣ ਲੱਗੇ, ਪਾਤਸ਼ਾਹ! ਏਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਐਸਾ ਆ ਗਿਆ ਸੀ, ਫੇਰ ਕਹਿਣ ਲੱਗੇ ਕਿ ਚੰਗਾ ਭਾਈ ਦਇਆ ਸਿੰਘਾ ਸਾਡੀਆਂ ਖੁਸ਼ੀਆਂ ਨੇ, ਨਿਰੰਕਾਰ ਨੂੰ ਸਾਡਾ ਸੁਨੇਹਾ ਦੇ ਦੇਈਂ, ਜੋ ਅਸੀਂ ਮਾਛੀਵਾੜੇ ਦੇ ਜੰਗਲ ਵਿਚ -

*ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*

ਸੋ ਭਾਈ ਦਇਆ ਸਿੰਘ ਜਾਂਦੇ ਨੇ, ਜਾ ਕੇ ਕੁਸ਼ਾ ਦਾ ਆਸਣ ਵਿਛਾ ਕੇ ਉਹਦੇ ਉਤੇ ਪੈ ਜਾਂਦੇ ਨੇ, ਵਾਹਿਗੁਰੂ-ਵਾਹਿਗੁਰੂ ਕਰਦੇ ਸਰੀਰ ਛੱਡ ਜਾਂਦੇ ਨੇ। ਵੀਹ ਦਿਨ ਬਾਅਦ ਵਿਚ ਗੁਰੂ ਮਹਾਰਾਜ ਵੀ ਆਪਣਾ ਪੰਜ ਭੂਤਕ ਚੋਲਾ ਅਲੋਪ ਕਰ ਦਿੰਦੇ। ਪੂਰੇ ਵੀਹ ਦਿਨ ਦਾ ਫਰਕ ਹੈ ਦੋਹਾਂ ਦਾ। ਸੋ ਇਸ ਤਰ੍ਹਾਂ ਦੇ ਨਾਲ ਆਉਂਦੇ ਨੇ ਮਰਜ਼ੀ ਦੇ ਨਾਲ, ਮਰਜ਼ੀ ਨਾਲ ਜਾਂਦੇ ਨੇ।

ਬਾਬਾ ਖੁਦਾ ਸਿੰਘ ਜੀ ਆਪ ਪਟਿਆਲੇ ਕਥਾ ਕਰ ਰਹੇ ਨੇ ਤੇ ਉਥੇ ਦੇ ਜਿਹੜੇ ਰਾਜ ਬ੍ਰਾਹਮਣ ਨੇ ਉਹ ਖਾਰ ਖਾਈ ਜਾਂਦੇ ਨੇ ਇਨ੍ਹਾਂ ਨੇ। ਹਰ ਵਕਤ ਖਾਰ ਖਾਂਦੇ ਨੇ ਕਿ ਮਹਾਰਾਜ ਕਿਤੇ ਇਨ੍ਹਾਂ ਦਾ ਸ਼ਰਧਾਲੂ ਨਾ ਹੋ ਜਾਵੇ। ਸੋ ਇਨ੍ਹਾਂ ਨੇ ਹੀ ਇਤਿਹਾਸ ਵਿਗਾੜਿਆ ਸੀ। ਇਕ ਦਿਨ ਬਾਬਾ ਜੀ ਆਹ ਸ਼ਬਦ ਦੀ ਕਥਾ ਕਰਦੇ ਸੀ -

*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਅੰਗ - ੨੭੫*

ਬ੍ਰਾਹਮਣ ਨੇ ਕਿਹਾ ਕਿ ਬਾਬਾ ਜੀ! ਇਹ ਤੁਕ ਤਾਂ ਠੀਕ ਹੈ, ਵਿਚਾਰਨ ਵਾਲੀ ਹੈ, ਇਹਦੇ ਅਰਥ ਹੋਰ ਹੋ ਸਕਦੇ ਨੇ। ਅਗਰ ਮਗਰ ਕਰਕੇ, ਸਿੱਧਾ ਨਹੀਂ ਕਿ ਜ਼ਹਿਰ ਵੀ ਉਹੀ ਜਿਹੀ ਤੇ ਅੰਮ੍ਰਿਤ ਵੀ ਓਹੋ ਜਿਹਾ।

ਬਾਬਾ ਜੀ ਕਹਿਣ ਲੱਗੇ ਕਿ ਨਹੀਂ ਪੰਡਤ ਜੀ! ਜਦੋਂ ਮੀਰਾ ਬਾਈ ਨੂੰ ਜ਼ਹਿਰ ਦਿਤੀ ਸੀ ਜ਼ਹਿਰ ਉਹਨੂੰ ਲੱਗੀ ਨਹੀਂ ਸੀ। ਜਦੋਂ ਮੀਰਾ ਬਾਈ ਕੋਲ ਸੱਪ ਭੇਜਿਆ ਸੀ ਉਸਨੇ ਬ੍ਰਹਮ ਰੂਪ ਉਸਨੂੰ ਦੇਖਿਆ ਸੀ। ਸੱਪ ਨੇ ਡੰਗ ਨਹੀਂ ਸੀ ਮਾਰਿਆ ਉਹਨੂੰ। ਦ੍ਰਿਸ਼ਟੀ ਜਿਹਦੀ ਖੁਲ੍ਹ ਗਈ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਉਹਨੂੰ ਅੰਮ੍ਰਿਤ ਤੇ ਬਿਹੁ ਬਰਾਬਰ ਹੀ ਹੋਇਆ ਕਰਦੀ ਹੈ। ਬੜੀ ਬਹਿਸ ਕਰੀ ਉਹਨੇ, ਮਹਾਰਾਜਾ ਵੀ ਬੈਠਾ ਹੈ ਹੋਰ ਵੀ ਪਤਵੰਤੇ ਬੈਠੇ ਨੇ। ਦੂਸਰੇ ਦਿਨ ਫੇਰ ਉਹਨੇ ਇਹੀ ਕਥਾ ਛੇੜ ਲਈ ਕਿ ਬਾਬਾ ਜੀ! ਮੈਂ ਸਾਰੀ ਰਾਤ ਸੋਚਦਾ ਰਿਹਾ। ਜ਼ਹਿਰ ਤੇ ਅੰਮ੍ਰਿਤ ਇਕੋ ਜਿਹਾ ਨਹੀਂ ਹੁੰਦਾ। ਕਹਿਣ ਲੱਗਿਆ, ਮੇਰੇ ਕੋਲ ਗਲਾਸ ਹੈ ਜ਼ਹਿਰ ਦਾ, ਇਹਦੇ ਵਿਚ ਬਹੁਤ ਤੇਜ਼ ਜ਼ਹਿਰ ਹੈ, ਮਾੜੀ ਜਿਹੀ ਕੁੱਤੇ ਨੂੰ ਪਾ ਕੇ ਦੇਖੋ ਹੁਣੇ ਮਰ ਜਾਏਗਾ। ਜੇ ਜ਼ਹਿਰ ਤੇ ਅੰਮ੍ਰਿਤ ਇਕੋ ਜਿਹਾ ਹੈ ਤਾਂ ਕੋਈ ਬ੍ਰਹਮਗਿਆਨੀ ਨਿਕਲੇ ਜਿਹੜਾ ਪੀ ਲਵੇ।

ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਪੰਡਤ ਜੀ! ਬ੍ਰਹਮਗਿਆਨੀ ਦੀ ਤਾਂ ਦ੍ਰਿਸ਼ਟੀ ਵਿਚ ਅੰਮ੍ਰਿਤ ਹੁੰਦਾ ਹੈ ਜੇ ਦ੍ਰਿਸ਼ਟੀ ਪੈ ਜਾਵੇ ਜ਼ਹਿਰ ਅੰਮ੍ਰਿਤ ਬਣ ਜਾਂਦੀ ਹੈ, ਅੰਮ੍ਰਿਤ ਜ਼ਹਿਰ ਨਹੀਂ ਕਦੇ ਵੀ ਬਣਦਾ। ਕਿਉਂਕਿ ਅੰਮ੍ਰਿਤ ਨੇ ਜ਼ਹਿਰ ਨੂੰ ਮਿਟਾਉਣਾ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਅੰਮ੍ਰਿਤ ਨੇ ਤਾਂ ਬਿਹੁ ਲਾਹੁਣੀ ਹੈ ਉਹਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਹੈ। ਕਹਿੰਦਾ ਜੇ ਇਹ ਗੱਲ ਹੈ ਤਾਂ ਦੀਵਾਨ ਵਿਚ ਕੋਈ ਬ੍ਰਹਮਗਿਆਨੀ ਹੈ ਤਾਂ ਪੀ ਕੇ ਦਿਖਾਵੇ। ਉਹ ਕਹਿੰਦੇ ਕਿ ਪੰਡਤ ਜੀ! ਕਾਹਨੂੰ ਅੰਤਵਾਰਾ ਲੈਂਦੇ ਹੋਂ ਤੁਸੀਂ ਸੰਗਤ ਦਾ ਮੈਂ ਹੀ ਪੀ ਲੈਂਦਾ ਹਾਂ। ਗਿਲਾਸ ਲੈ ਲਿਆ, ਜਿਵੇਂ ਸ਼ਰਬਤ ਪੀਈਦਾ ਹੈ ਐਉਂ ਪੀ ਗਏ ਬਾਬਾ ਜੀ। ਨਾ ਬੋਲ ਫਟਿਆ, ਨਾ ਕੋਈ ਗੱਲ ਹੋਈ ਓਵੇਂ ਜਿਵੇਂ ਕਥਾ ਕਰਦੇ ਰਹੇ। ਪੰਡਤ ਦੇਖ ਕੇ ਹੈਰਾਨ ਹੋ ਗਿਆ, ਮਾਫੀਆਂ ਮੰਗੇ ਕਿ ਮੈਂ ਬੜੀ ਭੁੱਲ ਕਰੀ ਪੂਰਨ ਮਹਾਂਪੁਰਸ਼ ਦਾ ਅੰਤਵਾਰਾ ਲੈ ਲਿਆ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸੋ ਐਸ ਤਰ੍ਹਾਂ ਗੁਰੂ ਘਰ ਦੇ ਅੰਦਰ ਅਨੇਕ ਮਿਸਾਲਾਂ ਨੇ। ਰਵਿਦਾਸ ਜੀ ਨੇ ਕਿਹਾ, ਕਹਿੰਦੇ ਮਹਾਤਮਾ ਜੀ! ਤੁਸੀਂ ਆਪਣੇ ਜਿਹੜਾ ਪਾਰਸ ਰੱਖਿਆ ਹੋਇਆ ਹੈ ਨਾ ਇਹ ਲੈ ਜਾਓ। ਇਹਦੀ ਸਾਨੂੰ ਲੋੜ ਨਹੀਂ। ਸੋ ਲੈ ਲਿਆ। ਮਹਾਰਾਜ ਕਹਿੰਦੇ ਨੇ ਰਵਿਦਾਸ ਜੀ ਨੇ ਮਾਇਆ ਦਾ ਤਿਆਗ ਕਰਿਆ ਹੋਇਆ ਸੀ। ਤਿੰਨ ਕਿਸਮ ਦੀ ਮਾਇਆ - ਸੂਖਸ਼ਮ ਮਾਇਆ, ਸਥੂਲ ਮਾਇਆ, ਚੇਤਨ ਮਾਇਆ। ਤਿੰਨਾਂ ਦਾ ਹੀ ਅਸਰ ਨਹੀਂ ਸੀ ਹੁੰਦਾ। ਸੋ ਸਾਧੂ ਜਿਹੜੇ ਨੇ ਪੂਰਨ ਮਹਾਂਪੁਰਸ਼ ਉਹ ਮਾਇਆ ਦੇ ਨਾਲ ਡੋਲਾਏ ਨਹੀਂ ਜਾ ਸਕਦੇ।

*ਮਾਈ ਮਾਇਆ ਛਲੁ ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ*
*ਗੋਬਿਦ ਭਜਨ ਬਿਨੁ ਹੜ ਕਾ ਜਲੁ ॥*

*ਅੰਗ - ੭੧੭*

ਮਹਾਰਾਜ ਕਹਿੰਦੇ ਚਾਹੇ ਸੂਖਸ਼ਮ ਮਾਇਆ ਹੈ, ਚਾਹੇ ਸਥੂਲ ਮਾਇਆ ਹੈ, ਚਾਹੇ ਚੇਤਨ ਮਾਇਆ ਹੈ, ਚਾਹੇ ਜੜ੍ਹ ਮਾਇਆ ਇਹ ਛਲ ਹੋਇਆ ਕਰਦਾ ਹੈ।

ਇਕ ਵਾਰੀ ਆਹ ਜਿਹੜੇ ਸਾਡੇ ਸੇਠ ਨੇ ਵਿਰਲਾ ਟਾਟਾ ਵਾਲੇ, ਇਕ ਸੰਤ ਹੁੰਦੇ ਗੁਲਾਬ ਦਾਸ। ਕਪੂਰਥਲੇ ਦੇ ਏਰੀਏ ਵਿਚ ਹੁੰਦੇ। ਇਹਨੇ ਉਨ੍ਹਾਂ ਦੀ ਮਹਿਮਾ ਸੁਣੀ ਤੇ ਲੱਖ ਰੁਪਿਆ ਭੇਜਿਆ, ਵਿਰੱਕਤ ਸੀਗੇ ਉਹ। ਪੈਸੇ ਨੂੰ ਹੱਥ ਨਹੀਂ ਸੀ ਲਾਉਂਦੇ ਨਾ ਕੋਈ ਕੰਮ ਕਰਦੇ ਸੀ। ਅੱਜ ਇਥੇ, ਕਲ੍ਹ ਓਥੇ, ਪੰਜਵੇਂ ਉਥੇ। ਤੁਰਦੇ ਫਿਰਦੇ ਮਹਾਂਪੁਰਸ਼ ਸੀ, ਉਹਨੇ ਆਪਣੇ ਮੈਨੇਜਰ ਭੇਜ ਦਿਤੇ ਕਿ ਜਾਓ ਜਾ ਕੇ ਉਨ੍ਹਾਂ ਨੂੰ ਇਕ ਲੱਖ ਰੁਪਿਆ ਭੇਟਾ ਕਰਕੇ ਆਓ। ਉਨ੍ਹਾਂ ਦਿਨਾਂ ਵਿਚ ਇਕ ਲੱਖ ਰੁਪਿਆ ਹੁਣ ਦੇ 50 ਲੱਖ ਵਰਗਾ ਸੀ। ਉਹ ਕਪੂਰਥਲੇ ਆ ਜਾਂਦੇ ਨੇ। ਆ ਕੇ ਸੰਤਾਂ ਦਾ ਪਤਾ ਕਰਿਆ, ਸੰਤਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਅੰਦਰੋਂ ਹੀ, ਕਿ ਮੈਨੂੰ ਹੁਣ ਡੰਗਣ ਵਾਸਤੇ ਨਾਗਣੀ ਲੈ ਕੇ ਆ ਰਹੇ ਨੇ। ਉਹ ਪਹਿਲਾਂ ਹੀ ਚਲੇ ਗਏ। ਪਤਾ ਲੱਗਿਆ, ਇਹ ਉਥੇ ਚਲੇ ਗਏ। ਉਨ੍ਹਾਂ 'ਚ ਇਕ ਗੱਲ ਸੀ ਕਿ ਉਹ ਪੁਲ ਤੋਂ ਨਹੀਂ ਸੀ ਕਦੇ ਲੰਘਦੇ। ਜੇ ਪੁਲ ਤੋਂ ਲੰਘਾਉਣਾ ਕਹਿਣਾ ਨਾ ਕਿਤੇ ਗਿਰ ਨਾ ਪਵੇ ਥੱਲੇ। ਮੋਟਰਾਂ, ਕਾਰਾਂ ਗੱਡੇ ਗੱਡੀਆਂ ਸਭ ਲੰਘਦੇ ਸੀ, ਆਪ ਨਹੀਂ ਸੀ ਲੰਘਦੇ, ਸਿਰ ਤੇ ਕੱਪੜੇ ਬੰਨ੍ਹ ਲੈਣੇ ਦਰਿਆ 'ਚ ਵੜ ਜਾਣਾ, ਪਾਰ ਕਰ ਲੈਣਾ, ਚਾਹੇ ਸਤਲੁਜ ਪਾਰ ਕਰਨਾ ਹੈ, ਚਾਹੇ ਵੇਈ ਨਦੀ ਪਾਰ ਕਰਨੀ ਹੈ, ਕਰਨੀ ਤੈਰ ਕੇ ਹੀ ਹੈ। ਚਾਹੇ ਗਰਮੀ ਹੋਵੇ, ਚਾਹੇ ਸਰਦੀ ਹੋਵੇ। ਮਸ਼ਹੂਰ ਸੀ ਕਿ ਉਹ ਪੁਲ ਤੋਂ ਨਹੀਂ ਸੀ ਕਦੇ ਲੰਘੇ। ਮੌਜ ਸੀ ਉਨ੍ਹਾਂ ਦੀ ਪਤਾ ਨਹੀਂ ਉਹ ਆਪਣੀ ਗੱਲ ਆਪ ਹੀ ਜਾਣਦੇ ਸੀ। ਜਦੋਂ ਸੇਠ ਦਾ ਮੈਨੇਜਰ ਉਥੇ ਗਿਆ, ਉਹ ਦਰਿਆ ਦੇ ਕੰਢਿਓਂ ਦੂਜੇ ਪਾਸੇ ਆ ਗਏ। ਉਹ ਦੂਏ ਪਾਸੇ ਆ ਗਏ, ਉਹ ਦੂਜੇ ਪਾਸੇ ਚਲੇ ਗਏ। ਇਸ ਤਰ੍ਹਾਂ ਕਿੰਨੇ ਹੀ ਦਿਨ ਹੋ ਗਏ। ਇਕ ਦਿਨ ਸੰਤਾਂ ਨੂੰ ਮਿਲ ਗਏ, ਸੰਤਾਂ ਨੂੰ ਕਿਹਾ ਕਿ ਮਹਾਰਾਜ! ਅਸੀਂ ਤਾਂ ਬੜੇ ਦਿਨਾਂ ਦੇ ਤੁਹਾਨੂੰ ਟੋਲ੍ਹਦੇ ਫਿਰਦੇ ਹਾਂ। ਕਹਿੰਦੇ, ਦੱਸੋ ਭਾਈ ਕੀ ਕੰਮ ਹੈ, ਸਾਡੇ ਤੱਕ ਵੀ ਕਿਸੇ ਨੂੰ ਕੰਮ ਹੈ? ਕਹਿੰਦੇ ਹਾਂ ਮਹਾਰਾਜ। ਤੁਸੀਂ ਬੜੇ ਖੁਸ਼ ਹੋਵੋਂਗੇ, ਸਾਡੇ ਸੇਠ ਜੀ ਨੇ ਲੱਖ ਰੁਪਿਆ ਭੇਜਿਆ ਹੈ ਤੁਹਾਡੇ ਵਾਸਤੇ। ਕਹਿੰਦੇ ਲੱਖ ਰੁਪਿਆ ਤਾਂ ਬਹੁਤ ਹੁੰਦਾ ਹੈ। ਜਦੋਂ ਚਾਂਦੀ ਦੇ ਰੁਪਈਏ ਬਹੁਤੇ ਹੁੰਦੇ ਸੀ। ਕਹਿੰਦੇ ਉਹ ਤਾਂ ਬਹੁਤ ਨੇ ਢੇਰ ਲੱਗ ਜਾਏਗਾ ਲੱਖ ਰੁਪਈਏ ਦਾ। 3300 ਰੁਪਈਏ ਦਾ ਮਣ ਆਉਂਦਾ ਸੀ। 33 ਮਣ ਪੱਕਾ ਹੋਵੇ ਜਿੱਥੇ ਉਥੇ ਢੇਰ ਲੱਗ ਜਾਂਦਾ ਹੈ। ਕਹਿੰਦੇ, ਬੱਲੇ ਐਨੇ ਰੁਪਈਏ ਨੂੰ ਅਸੀਂ ਰੱਖਾਂਗੇ ਕਿੱਥੇ? ਓ ਭਾਈ! ਰਹਿਣ ਦਿਓ ਸਾਡੇ ਗਲ ਘੁੱਟ ਜਾਏਗਾ ਕੋਈ ਅਸੀਂ ਕੀ ਕਰਨੇ ਨੇ ਰੁਪਏ। ਕਹਿੰਦੇ, ਬਾਬਾ ਜੀ! ਤੁਸੀਂ ਕੋਈ ਹਸਪਤਾਲ ਬਣਾ ਦਿਓ, ਕੋਈ ਸਕੂਲ ਬਣਾ ਦਿਓ। ਉਹ ਕਹਿੰਦੇ ਦੇਖ ਪ੍ਰੇਮੀਆ! ਨਾ ਸਾਨੂੰ ਪਤਾ ਹੈ ਕਿ ਨੇਉਂ ਕਿਧਰੋਂ ਸਹੀ ਪੁੱਟੀਦੀ ਹੈ, ਕਿੱਧਰ ਪੁੱਟੀਦੀ ਹੈ, ਕੀ ਕਮਰੇ ਹੁੰਦੇ ਨੇ, ਦਰਖਤਾਂ ਥੱਲੇ ਅਸੀਂ ਤਾਂ ਰਹਿੰਦੇ ਹਾਂ, ਬਣੇ ਬਣਾਏ ਘਰ ਵਿਚ ਚਲੇ ਜਾਈਦਾ ਹੈ। ਅਸੀਂ ਕੀ ਲੈਣਾ ਹੈ। ਆਹ ਦੁਨੀਆਦਾਰ ਬਥੇਰੇ ਬਣਾਉਂਦੇ ਨੇ ਤੁਸੀਂ ਉਨ੍ਹਾਂ ਨੂੰ ਦੇ ਦਿਓ। ਜਦੋਂ ਖਹਿੜਾ ਹੀ ਨਾ ਛੱਡਿਆ ਉਹ ਕਹਿੰਦੇ ਜੀ ਅਸੀਂ ਓਵਰਸਿਅਰ ਵੀ ਭੇਜ ਦੇਵਾਂਗੇ, ਮੈਨੇਜਰ ਵੀ ਆ ਜਾਏਗਾ। ਕਹਿੰਦੇ ਫੇਰ ਥਾਉਂ ਮੁੱਲ ਲੈ ਲਓ। ਕਹਿੰਦੇ ਉਹ ਵੀ ਲੈ ਦੇਵਾਂਗੇ।

ਫੇਰ ਕਹਿੰਦੇ, ਪੈਸੇ ਵੀ ਤੁਸੀਂ ਦੇਈ ਜਾਇਓ। ਕਹਿੰਦੇ ਉਹ ਵੀ ਦੇ ਦੇਵਾਂਗੇ। ਸੰਤਾਂ ਨੇ ਕਿਹਾ ਕਿ ਫੇਰ ਸਾਨੂੰ ਕਾਹਨੂੰ ਵਿਚ ਫਸਾਉਂਦੇ ਓਂ? ਤੁਸੀਂ ਆਪੇ ਹੀ ਬਣਾ ਲਓ। ਬੱਸ ਠੀਕ ਹੈ।

ਸੋ ਐਨਾ ਰੁਪਿਆ ਦੇਖ ਕੇ ਵੀ ਡੋਲਦੇ ਨਹੀਂ। ਫੇਰ ਰਿੱਧੀਆਂ ਸਿੱਧੀਆਂ ਨੇ। ਸੰਤ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਜਦੋਂ ਅਸੀਂ ਵੈਰਾਗ ਵਿਚ ਬਹੁਤਾ ਜ਼ਿਆਦਾ ਭਜਨ ਕਰਦੇ ਸੀ, ਐਨਾ ਕਰਨਾ ਮੁਸ਼ਕਲ ਹੈ। ਅੱਜ ਦਾ ਬੰਦਾ ਤਾਂ ਐਨਾ ਸੋਚ ਵੀ ਨਹੀਂ ਸਕਦਾ ਕਿ ਐਨਾ ਭਜਨ ਕਰਨਾ। ਸੌਂਦੇ ਹੀ ਨਹੀਂ ਸੀ ਹੁੰਦੇ, ਨੀਂਦ ਛੱਡ ਦਿਤੀ, ਚਾਰ ਫੁੱਟ ਦਾ ਟੋਆ ਸੀ, ਚਾਰ ਫੁੱਟ ਗਹਿਰਾ, ਚਾਰ ਫੁੱਟ ਚੌੜਾ, ਚਾਰੇ ਪਾਸਿਆਂ ਤੋਂ। ਉਹਦੇ ਵਿਚ ਬਹਿ ਜਾਣਾ ਜਾ ਕੇ, ਸਾਰੀ ਰਾਤ ਬੈਠੇ ਰਹਿਣਾ। ਨਾ ਕੋਈ ਮੰਜਾ ਨਾ ਕੁਛ ਹੋਰ। ਇਕ ਵਾਰੀ ਦਸਦੇ ਸੀ ਕਿ ਨੌਂ ਸਾਲ ਅਸੀਂ ਪਿੱਠ ਨਹੀਂ ਲਾਈ ਨਾ ਧਰਤੀ ਤੇ ਨਾ ਮੰਜੇ ਤੇ। ਕਹਿੰਦੇ, ਜਦੋਂ ਰਿੱਧੀ ਸਿੱਧੀ

ਆਈ ਨਾ, ਆਵਾਜ਼ਾਂ ਸੁਣਨ ਲੱਗ ਗਈਆਂ ਸਾਨੂੰ ਕਿ ਮੈਂ ਦੂਰ ਦਰਸ਼ਕ ਸਿੱਧੀ ਹਾਂ, ਤੁਹਾਨੂੰ ਇਥੇ ਬੈਠਿਆਂ ਨੂੰ ਅਮਰੀਕਾ ਦੀ ਗੱਲ ਦਿਖਾ ਦਿਆ ਕਰਾਂਗੀ। ਮੈਨੂੰ ਅੰਗੀਕਾਰ ਕਰ ਲਓ। ਕੋਈ ਕਹਿੰਦੀ ਹੈ ਮੈਂ ਅੰਤਰਜਾਮਤਾ ਹਾਂ, ਜਿਹੜਾ ਵੀ ਕੋਈ ਆਏਗਾ ਤੁਹਾਡੇ ਕੋਲ, ਉਸ ਤੋਂ ਪਹਿਲਾਂ ਹੀ ਤੁਹਾਡੇ ਕੋਲ ਗੱਲ ਆ ਜਾਏਗੀ ਕਿ ਇਹ ਫਲਾਣੇ ਕੰਮ ਨੂੰ ਆਇਆ ਹੈ। ਤੁਸੀਂ ਦੱਸ ਦਿਆ ਕਰੋ ਤੁਹਾਡੀ ਬੜੀ ਮਾਨਤਾ ਹੋਏਗੀ। ਕੋਈ ਕੋਈ ਸਿੱਧੀ, ਕੋਈ ਕੋਈ ਸਿੱਧੀ, ਅਸੀਂ ਝਾਕੇ ਵੀ ਨਾ, ਐਨਾ ਵੈਰਾਗ ਸੀ ਸਾਡੇ ਅੰਦਰ। ਗੱਲ ਨਾ ਅਸੀਂ ਸੁਣੀ। ਹਾਰ ਕੇ ਇਸਤਰੀਆਂ ਦੇ ਰੂਪ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਬੇਨਤੀਆਂ ਕਰਨ, ਮਿੰਨਤਾਂ ਕਰਨ ਕਿ ਬਾਬਾ ਜੀ! ਮੇਰਾ ਵੀ ਉਧਾਰ ਹੋ ਜਾਏਗਾ। ਮੈਨੂੰ ਅੰਗੀਕਾਰ ਕਰ ਲਓ। ਕਹਿੰਦੇ ਅਸੀਂ ਝਾਕੇ ਹੀ ਨਹੀਂ। ਮੈਂ ਕਿਹਾ ਮਹਾਰਾਜ! ਹੁਣ ਤਾਂ ਸ਼ਕਤੀਆਂ ਬੇਅੰਤ ਨੇ। ਕਹਿੰਦੇ ਪਿਛਲੇ ਪਾਸੇ ਨੇ ਮਿੰਨਤਾਂ ਕਰਦੀਆਂ ਫਿਰਦੀਆਂ ਨੇ। ਮਾੜਾ ਜਿਹਾ ਕਿਸੇ ਨੂੰ ਯਾਦ ਕਰ ਲਓ ਦੌੜੀ ਆਉਂਦੀ ਹੈ, ਦਾਸੀ ਹੋ ਕੇ ਸੇਵਾ ਕਰਨ ਨੂੰ।

ਦਾਸੀਆਂ ਹੋ ਜਾਂਦੀਆਂ ਨੇ। ਭਾਲਦੀਆਂ ਨੇ ਹੁਕਮ। ਸੋ ਛਲ ਨਹੀਂ ਸਕਦੀ।

*ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥*
*ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥*
*ਅੰਗ - ੫੫੯*

ਸੋ ਰਵਿਦਾਸ ਜੀ ਬਾਰੇ ਮਸ਼ਹੂਰ ਹੋ ਗਿਆ ਕਿ ਇਨ੍ਹਾਂ ਨੂੰ ਮਾਇਆ ਛਲ ਨਹੀਂ ਸਕਦੀ। ਇਕ ਇਨ੍ਹਾਂ ਦਾ ਗੁਰਭਾਈ ਸੀ, ਪਰਮਾਨੰਦ ਉਹਨੇ ਕਿਹਾ ਮੈਂ ਦੇਖਦਾ ਹਾਂ। ਉਥੇ ਚਲਿਆ ਗਿਆ ਜਾ ਕੇ ਹੀਰੇ ਜਵਾਹਰਾਤ ਦਾ ਇਕ ਥਾਲ ਭਰ ਕੇ ਲੈ ਗਿਆ। ਜਾ ਕੇ ਮੂਹਰੇ ਰੱਖ ਦਿਤੇ ਕਿ ਰਵਿਦਾਸ ਤੂੰ ਲੰਗਰ ਵਗੈਰਾ ਚਲਾਉਂਦਾ ਹੈਂ ਤੇਰਾ ਖਰਚ ਬੜਾ ਹੁੰਦਾ ਹੈ ਤੂੰ ਆਹ ਲੈ ਲੈ। ਉਹ ਕਹਿੰਦੇ ਪਰਮਾਨੰਦ ਜੀ ਤੁਸੀਂ ਮੇਰੇ ਗੁਰਭਾਈ ਹੋਂ। ਤੁਹਾਡੀ ਬਿਰਤੀ ਅਜੇ ਮਾਇਆ 'ਚੋਂ ਹੀ ਨਹੀਂ ਨਿਕਲੀ। ਕਿਉਂ ਤੁਸੀਂ ਮਾਇਆ ਦੇ ਮਗਰ ਐਨਾ ਪਏ ਓਂ। ਗੋਰਖ ਆ ਗਿਆ, ਗੋਰਖ ਨੂੰ ਵੀ ਪਤਾ ਲੱਗਿਆ, ਗੋਰਖ ਨੇ ਕਿਹਾ ਕਿ ਮੈਂ ਕੁਛ ਭੇਟਾ ਕਰਕੇ ਆਇਆ ਹਾਂ, ਜੋੜਾ ਗੰਢਣ ਵਾਸਤੇ ਦੇ ਦਿਤਾ, ਜਦੋਂ ਪੈਸੇ ਦੇਣ ਲੱਗੇ ਕਹਿੰਦੇ ਭਗਤ ਜੀ! ਉਰ੍ਹੇ ਆਓ ਤੁਸੀਂ, ਤੁਸੀਂ ਆਪੇ ਹੀ ਈਮਾਨਦਾਰੀ ਨਾਲ ਲੈ ਲਓ ਪੈਸੇ ਕਿੰਨੇ ਲੈਣੇ ਨੇ, ਜਾਂ ਤੁਸੀਂ ਝੋਲੀ ਲਿਆਓ ਮੈਂ ਝੋਲੀ ਮੂੰਧੀ ਕਰ ਦਿੰਦਾ ਹਾਂ। ਕਹਿੰਦੇ, ਇਹਦੇ ਵਿਚ ਹੈ ਕੀ ਨਾਥ ਜੀ? ਕਹਿੰਦੇ, ਹੀਰੇ ਜਵਾਹਰਾਤ ਭਰੇ ਪਏ ਨੇ, ਲੱਖਾਂ ਰੁਪਏ ਦੇ। ਤੂੰ ਮੌਜ ਨਾਲ ਲੰਗਰ ਚਲਾਈਂ ਬੈਠ ਕੇ, ਕਾਹਨੂੰ ਜੋੜੇ ਗੰਢੀ ਜਾਂਦਾ ਹੈਂ। ਸੋ ਮਹਾਰਾਜ ਨੇ ਤਾਂ ਲਿਖਿਆ -

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਅੰਗ - ੪੮੭*

ਲੇਕਿਨ ਆਪ ਜੋੜੇ ਗੰਢੀ ਜਾਂਦੇ ਸੀ ਪ੍ਰਗਟ ਨਹੀਂ ਸੀ ਹੁੰਦੇ। ਲੋਕ ਕੀ ਸਮਝਦੇ ਨੇ ਕਿ ਇਥੇ ਮੋਚੀ ਬੈਠਾ ਹੈ ਜੁੱਤੀਆਂ ਗੰਢਦਾ ਹੈ ਚੁਰਾਹੇ ਵਿਚ। ਉਹ ਟਾਵੇਂ-ਟਾਵਿਆਂ ਦੇ ਮਨ ਵਿਚ ਆਉਂਦਾ ਸੀ ਕਿ ਕੋਈ ਪੂਰਾ ਹੈ। ਵਾਹਿਗੁਰੂ ਜੀ ਦਾ ਇਹ ਅਸੂਲ ਹੈ ਆਪਣੇ ਪਿਆਰਿਆਂ ਨੂੰ ਛੁਪਿਆ ਨਹੀਂ ਰਹਿਣ ਦਿੰਦਾ।

*ਹਰਿ ਹਰਿ ਜਨ ਕੈ ਮਾਲੁ ਖਜੀਨਾ ॥*
*ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥*
*ਹਰਿ ਹਰਿ ਜਨ ਕੈ ਓਟ ਸਤਾਣੀ ॥*
*ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥*
*ਓਤਿ ਪੋਤਿ ਜਨ ਹਰਿ ਰਸਿ ਰਾਤੇ ॥*
*ਸੁੰਨ ਸਮਾਧਿ ਨਾਮ ਰਸ ਮਾਤੇ ॥*
*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*
*ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥*
*ਨਾਨਕ ਜਨ ਸੰਗਿ ਕੇਤੇ ਤਰੇ ॥ ਅੰਗ - ੨੯੫*

ਕਿੰਨਾ ਹੀ ਛੁਪਾ ਲਏ ਹਰੀ ਦਾ ਪਿਆਰਾ ਕਦੇ ਛੁਪਿਆ ਨਹੀਂ ਰਹੇਗਾ। ਵਾਹਿਗੁਰੂ ਆਪ ਪ੍ਰਗਟ ਕਰਦਾ ਹੈ। ਜੇ ਹੋਰ ਤਰ੍ਹਾਂ ਨਹੀਂ ਪ੍ਰਗਟ ਹੁੰਦਾ, ਕੋਈ ਦੁਸ਼ਟ ਉਹਦੇ ਪਿਛੇ ਲਾ ਦਏਗਾ। ਜੇ ਪ੍ਰਹਿਲਾਦ ਨੂੰ ਪ੍ਰਗਟ ਕਰਨਾ ਸੀ ਹਰਨਾਖਸ਼ ਲਾ ਦਿਤਾ। ਦੁਸ਼ਟਾਂ ਨੂੰ ਲਾ ਦਿੰਦਾ ਹੈ ਫੇਰ ਆਪੇ ਰਾਖੀ ਕਰਨ ਆ ਜਾਂਦਾ ਹੈ।

ਸੋ ਰਵਿਦਾਸ ਜੀ ਕਾਸ਼ੀ ਦੇ ਵਿਚ ਰਹਿ ਰਹੇ ਨੇ ਬਹੁਤ ਵਿਰੋਧਤਾ ਹੁੰਦੀ, ਜਾਤ ਵਿਲੰਭਬੀਆਂ ਪੁਰਸ਼ਾਂ ਨੇ ਠੇਕਾ ਹੀ ਲਿਆ ਹੋਇਆ ਹੈ ਕਿ ਜਦ ਨਿੰਦਿਆ ਕਰਨੀ ਹੈ, ਕਬੀਰ ਜੀ ਦੀ, ਜਾਂ ਰਵਿਦਾਸ ਜੀ ਦੀ। ਦੋਹਾਂ ਦੀ ਜਾਤ ਛੋਟੀ ਗਿਣਦੇ ਸੀ ਤੇ ਖਿਝਦੇ ਬਹੁਤ ਨੇ ਕਿ ਇਥੇ ਬੰਦੇ ਚੰਗੇ-ਚੰਗੇ ਆਉਂਦੇ ਨੇ। ਆਉਣੇ ਨਹੀਂ ਚਾਹੀਦੇ। ਨਿੰਦਕ ਨਿੰਦਿਆ ਕਰਨੀ ਸ਼ੁਰੂ ਕਰ ਦਿੰਦੇ ਸੀ। ਮਹਾਂਪੁਰਸ਼ ਨਹੀਂ ਕੁਛ ਕਿਹਾ ਕਰਦੇ ਕਹਿੰਦੇ ਨੇ ਠੀਕ ਹੈ, ਪਾਪ ਲਹੀ ਜਾਂਦੇ ਨੇ।

ਅੱਜ ਇਥੇ ਚਿਤੌੜਗੜ੍ਹ ਦੇ ਕਿਲ੍ਹੇ ਦੇ ਵਿਚ ਬਚਨ ਹੋ ਰਹੇ ਨੇ ਕਿ ਐਸ ਵੇਲੇ ਭਗਤ ਰਵਿਦਾਸ ਪੂਰੇ ਨੇ ਤੇ ਪੂਰਨ ਬ੍ਰਹਮਗਿਆਨੀ ਨੇ, ਪੂਰਨ ਮਹਾਂਪੁਰਸ਼ ਨੇ। ਰਾਣੀ ਨੇ ਵੀ ਬਚਨ ਸੁਣੇ, ਰਾਣੀ ਦੇ ਮਨ ਵਿਚ ਬੜੀ ਦੇਰ ਤੋਂ ਇੱਛਾ

ਸੀ ਕਿ ਕੋਈ ਪੂਰਾ ਮਿਲ ਜਾਵੇ। ਪੂਰੇ ਦਾ ਮਿਲਾਪ ਨਹੀਂ ਸੀ ਹੁੰਦਾ। ਬ੍ਰਾਹਮਣ ਵੱਡੇ-ਵੱਡੇ ਮਿਲਦੇ ਸੀ, ਵੇਦ ਸ਼ਾਸਤਰਾਂ ਦੇ ਟੀਕੇ ਕਰਨ ਵਾਲੇ, ਅਰਥ ਕਰਨ ਵਾਲੇ। ਲੇਕਿਨ ਕੋਈ ਉਹ ਨਹੀਂ ਸੀ ਮਿਲਦਾ ਜਿਹੜਾ ਮਨ ਨੂੰ ਸ਼ਾਂਤੀ ਦੇਵੇ। ਸੋ ਇਹਨੇ ਜਦੋਂ ਆਪਣੇ ਪਤੀ ਚੰਦਰਹੰਸ ਨਾਲ ਗੱਲ ਕਰੀ। ਚਿਤੌੜਗੜ੍ਹ ਦੇ ਰਾਜ ਨਾਲ, ਕਹਿਣ ਲੱਗੀ ਮਹਾਰਾਜ! ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਤੀਰਥ ਯਾਤਰਾ ਕਰ ਲਵਾਂ। ਕਹਿੰਦੇ ਠੀਕ ਹੈ। ਤਿਆਰੀ ਕਰ ਲਈ, ਨੌਕਰ ਚਾਕਰ, ਘੋੜੀਆਂ ਘੋੜੇ, ਡੋਲੀਆਂ, ਸਾਰਾ ਲੈ ਕੇ ਤੀਰਥ ਯਾਤਰਾ ਨੂੰ ਚੱਲ ਪੈਂਦੀ ਹੈ ਤੇ ਮਨ ਵਿਚ ਹੈ ਕਿ ਮੈਂ ਰਵਿਦਾਸ ਜੀ ਦੇ ਦਰਸ਼ਨ ਜ਼ਰੂਰ ਕਰਨੇ ਨੇ। ਜੇ ਉਹ ਸੱਚਮੁੱਚ ਹੀ ਪੂਰੇ ਨੇ ਤਾਂ ਫੇਰ ਮੈਂ ਉਨ੍ਹਾਂ ਨੂੰ ਗੁਰੂ ਧਾਰਨ ਕਰ ਲੈਣਾ ਹੈ। ਸੋ ਉਸ ਵੇਲੇ ਚਲਦੇ-ਚਲਦੇ ਜਦੋਂ ਕਾਸ਼ੀ ਜਾਂਦੀ ਹੈ, ਪਹਿਲਾਂ ਨਹੀਂ ਉਥੇ ਗਈ, ਪਹਿਲਾਂ-ਪਹਿਲਾਂ ਵੱਡੇ-ਵੱਡੇ ਸਾਧੂ ਦੇਖੇ ਲੇਕਿਨ ਤਸੱਲੀ ਨਾ ਕਿਤੋਂ ਵੀ ਆਈ। ਵੱਡੇ-ਵੱਡੇ ਵਿਦਵਾਨ ਪੰਡਤਾਂ ਨੂੰ ਮਿਲੀ, ਤਸੱਲੀ ਨਾ ਆਈ, ਸ਼ਾਂਤੀ ਨਾ ਆਈ, ਜਿਸ ਗੱਲ ਨੂੰ ਉਹ ਚਾਹੁੰਦੀ ਸੀ ਉਹ ਗੱਲ ਨਾ ਬਣੀ। ਫੇਰ ਰਵਿਦਾਸ ਜੀ ਦੇ ਜਾਣ ਦੀ ਤਿਆਰੀ ਏਸ ਨੇ ਕਰ ਲਈ। ਮਨ ਦੇ ਅੰਦਰ ਕੁਛ ਥੋੜ੍ਹਾ ਜਿਹਾ ਸ਼ੰਕਾ ਪੈਦਾ ਹੋ ਗਿਆ ਕਿ ਇਹ ਜਾਤ ਛੋਟੀ ਹੈ ਇਹਦੀ, ਮੈਂ ਗੁਰੂ ਦੀ ਸੇਵਾ ਕਿਵੇਂ ਕਰਿਆ ਕਰਾਂਗੀ। ਚਮਾਰ ਇਹਦੀ ਜਾਤ ਹੈ। ਇਹਦੇ ਨਾਲ ਤਾਂ ਲਗਦੇ ਹੀ ਨਹੀਂ ਲੋਕ ਛੋਂਹਦੇ ਹੀ ਨਹੀਂ ਹਨ। ਮੈਂ ਗੁਰੂ ਧਾਰਨ ਕਰ ਲਵਾਂ, ਜੇ ਮੈਂ ਗਿਲਾਨੀ ਕਰਾਂਗੀ ਫੇਰ ਮੇਰੀ ਭਗਤੀ ਅਧੂਰੀ ਰਹਿ ਜਾਏਗੀ। ਕੀ ਕਰਿਆ ਜਾਵੇ? ਸੋ ਬੜਾ ਘੁੰਮਣ ਤੋਂ ਬਾਅਦ ਰਵਿਦਾਸ ਜੀ ਦੇ ਚਲੀ ਜਾਂਦੀ ਹੈ, ਉਥੇ ਸਤਿਸੰਗ ਹੋ ਰਿਹਾ ਸੀ, ਬਚਨ ਹੋ ਰਹੇ ਸੀ, ਬਚਨ ਸੁਣਦੇ-ਸੁਣਦੇ ਹੀ ਮਨ ਵਿਚ ਮਸਤੀ ਆ ਗਈ ਇਹਦੇ। ਨਿਸ਼ਾ ਹੋ ਗਈ, ਰਸ ਆ ਗਿਆ।

ਜੋ ਬਾਣੀ ਮਹਾਂਪੁਰਸ਼ ਉਚਾਰਦੇ ਨੇ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯*

ਜਿਥੇ ਨਿਰੰਕਾਰ ਵਸਦਾ ਹੋਵੇ, ਉਸ ਦੇ ਮੁਖ ਤੋਂ ਜੋ ਬਚਨ ਨਿਕਲਦੇ ਨੇ ਉਹ ਭਰੀਆਂ ਹੋਈਆਂ ਗੋਲੀਆਂ ਹੁੰਦੀਆਂ ਨੇ ਖਾਲੀ ਨਹੀਂ ਹੁੰਦੀਆਂ। ਉਹ ਗੋਲੀਆਂ ਜਿਹੜੀਆਂ ਨੇ ਵਿੰਨ੍ਹ ਕੇ ਰੱਖ ਦਿੰਦੀਆਂ ਨੇ। ਖਾਲੀ ਕਹੀ ਜਾਓ ਨਾਮ ਜਪੋ, ਨਾਮ ਜਪੋ ਕੋਈ ਨਹੀਂ ਜਪਦਾ। ਜੇ ਬੰਦਗੀ ਵਾਲਾ ਉਹੋ ਗੱਲ ਕਹਿ ਦੇਵੇ ਉਹਦਾ ਅਸਰ ਹੋ ਜਾਇਆ ਕਰਦਾ ਹੈ ਅੰਦਰ।

ਸੋ ਰਾਣੀ ਦੇ ਅੰਦਰ ਬੜਾ ਅਸਰ ਹੋਇਆ, ਅਸਰ ਹੋ ਕੇ ਮਨ ਵਿਚ ਖਿਆਲ ਆਇਆ ਕਿ ਮੈਂ ਇਨ੍ਹਾਂ ਨੂੰ ਗੁਰੂ ਧਾਰ ਲਵਾਂ ਇਨ੍ਹਾਂ ਤੋਂ ਨਾਮ ਦੀ ਦਾਤ ਮੰਗਾਂ ਲੇਕਿਨ ਨਾਲ ਮਨ ਵਿਚ ਸੂਖਸ਼ਮ ਖਿਆਲ ਦੂਜਾ ਵਿਚ ਚਲਦਾ ਹੈ ਕਿ ਜਾਤ ਛੋਟੀ ਹੈ। ਜਦੋਂ ਆਪ ਨੇ ਸੰਗਤ ਵਿਚ ਬਚਨ ਬੰਦ ਕੀਤੇ ਉਸ ਵੇਲੇ ਉਠ ਕੇ ਸਾਮ੍ਹਣੇ ਆ ਗਈ, ਆ ਕੇ ਨਮਸਕਾਰ ਕਰੀ ਤੇ ਝੋਲੀ ਅੱਡ ਲਈ ਤੇ ਬੇਨਤੀ ਕੀਤੀ-

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

***ਦੋਹਰਾ***

ਬੇਨਤੀ ਕਰਦੀ ਹੈ ਰਵਿਦਾਸ ਜੀ ਨੇ ਅੰਦਰਲੀ ਗੱਲ ਜਾਣ ਲਈ। ਬੋਲਦੇ ਨਹੀਂ ਹਨ ਚੁੱਪ ਕਰੇ ਬੈਠੇ ਨੇ, ਇਸ਼ਾਰੇ ਨਾਲ ਕਹਿ ਦਿਤਾ ਕਿ ਬੀਬਾ! ਬਹਿ ਜਾਓ। ਬਾਰ-ਬਾਰ ਬੇਨਤੀ ਉਸਦੇ ਮੁੱਖ 'ਚੋਂ ਨਿਕਲਦੀ ਹੈ ਕਿ ਮਹਾਰਾਜ! ਮੈਂ ਬੜੀ ਦੂਰ ਤੋਂ ਆਈ ਹਾਂ। ਚਿਤੌੜਗੜ੍ਹ ਤੋਂ ਆਈ ਹਾਂ ਤੇ ਆਪ ਕ੍ਰਿਪਾ ਕਰਕੇ ਮੈਨੂੰ ਨਾਮ ਦੀ ਦਾਤ ਦੇ ਦਿਓ। ਮੈਂ ਵਣਜਾਰਨ ਬਣ ਕੇ ਆਈ ਹਾਂ ਨਾਮ ਦੀ। ਜਦੋਂ ਪੰਜ ਸੱਤ ਵਾਰੀ ਕਿਹਾ ਤਾਂ ਉਸ ਵੇਲੇ ਰਵਿਦਾਸ ਜੀ ਨੇ ਕਿਹਾ ਬੀਬਾ! ਇਹ ਰਸਤਾ ਨੀਵਿਆਂ ਦਾ ਹੈ, ਵੱਡਿਆਂ ਦਾ ਨਹੀਂ ਹੈ। ਮੇਰੀ ਜਾਤ ਛੋਟੀ ਹੈ, ਤੇਰੇ ਮਨ ਵਿਚ ਸ਼ੰਕਾ ਪਿਆ ਹੋਇਆ ਹੈ, ਮਰਨਾ ਪੈਂਦਾ ਹੈ ਫੇਰ ਜਾ ਕੇ ਨਾਮ ਦੀ ਦਾਤ ਮਿਲਦੀ ਹੈ। ਕੰਬ ਗਈ ਸੁਣਦੇ ਸਾਰ ਕਿ ਮੇਰੇ ਤਾਂ ਅੰਦਰਲੀ ਗੱਲ ਸਾਰੀ ਬੁੱਝ ਲਈ ਇਨ੍ਹਾਂ ਨੇ। ਉਸ ਵੇਲੇ ਕਹਿਣ ਲੱਗੀ ਮਹਾਰਾਜ! ਬੜੀ ਭੁੱਲ ਹੋ ਗਈ ਮੇਰੇ ਤੋਂ। ਕ੍ਰਿਪਾ ਕਰੋ ਮੇਰੇ ਉਪਰ, ਮੇਰੀ ਭੁੱਲ ਵਲ ਨਾ ਜਾਓ।

ਰਵਿਦਾਸ ਜੀ ਕਹਿਣ ਲੱਗੇ ਕਿ ਤੂੰ ਸਤਿਸੰਗ 'ਚ ਆਇਆ ਕਰ, ਸੇਵਾ ਕਰਿਆ ਕਰ, ਫੇਰ ਜਦੋਂ ਤੂੰ ਕਾਬਲ ਹੋ ਜਾਏਂਗੀ ਤੈਨੂੰ ਦਾਤ ਵੀ ਮਿਲ ਜਾਏਗੀ। ਸੋ ਉਸ ਵੇਲੇ ਸਾਰੀਆਂ ਮਨ ਮਨੌਤੀਆਂ ਛੱਡ ਕੇ ਜੋ ਧਨ ਲਿਆਈ ਸੀ, ਸੇਵਾ ਤੇ ਖਰਚ ਕਰਨਾ ਸ਼ੁਰੂ ਕਰ ਦਿਤਾ। ਦਿਨ ਰਾਤ ਸੇਵਾ ਕਰਦੀ ਹੈ, ਬਰਤਨ ਮਾਂਜਦੀ ਹੈ, ਹੋਰ ਅਨੇਕਾਂ ਝਾੜੂ ਵਗੈਰਾ ਦਿੰਦੀ ਹੈ, ਸੇਵਾ ਕਰਦੀ ਹੈ ਸੰਗਤਾਂ ਦੀ ਆਉਣ ਵਾਲਿਆਂ ਦੀ, ਮਾਣ ਛੱਡ ਦਿਤਾ ਕੋਈ ਖਿਆਲ ਨਹੀਂ ਕਿ ਮੈਂ ਚਿਤੌੜਗੜ੍ਹ ਦੀ ਰਾਣੀ ਹਾਂ। ਤੇ ਮੈਨੂੰ ਕੀ ਕਹਿੰਦੇ ਨੇ ਲੋਕ ਲੋਕ ਨਿੰਦਿਆ ਕਰਦੇ ਨੇ, ਕੋਲ ਦੀ ਬੋਲੀਆਂ ਮਾਰ ਕੇ ਲੰਘ ਜਾਂਦੇ ਨੇ। ਰਾਣੀ ਭਾਂਡੇ ਮਾਂਜਦੀ ਹੈ, ਕੀ ਮਤ ਮਾਰੀ ਗਈ ਇਹਦੀ। ਚਮਾਰਾਂ ਦੇ ਘਰ ਆ ਕੇ ਆਹ ਕਰ ਰਹੀ ਹੈ। ਲੇਕਿਨ ਇਸਨੇ ਪਰਵਾਹ ਨਹੀਂ ਕਰੀ। ਅਖੀਰ ਨਾਮ ਦੀ ਦਾਤ ਦੇ ਕੇ ਕ੍ਰਿਪਾ ਕਰ ਦਿਤੀ। ਬ੍ਰਹਮਗਿਆਨ ਦੀ ਦਾਤ ਦੇ ਦਿਤੀ। ਘਰ ਨੂੰ ਚਲੀ ਜਾਂਦੀ ਹੈ। ਕਿਹਾ ਕਿ ਹੁਣ ਤੂੰ ਜਾਹ ਬੀਬਾ, ਇਥੇ ਤੇਰੀ ਨਿੰਦਿਆ ਬਹੁਤੀ ਜ਼ਿਆਦਾ ਹੁੰਦੀ ਹੈ, ਜਾਓ ਘਰ ਜਾ ਕੇ ਹੁਣ ਨਾਮ ਜਪੋ। ਤੁਹਾਡੇ ਮਨ ਨੂੰ ਖੇਦ ਪਹੁੰਚਦਾ ਹੈ ਜਦੋਂ ਉਲਟੀਆਂ ਪੁਲਟੀਆਂ ਗੱਲਾਂ ਉਚ ਜਾਤੀ ਵਾਲਿਆਂ ਦੀਆਂ ਸੁਣਦੇ ਓਂ। ਰਾਣੀ ਚਲੀ ਜਾਂਦੀ ਹੈ ਲੇਕਿਨ ਰਾਣੀ ਦੇ ਜਾਣ ਤੋਂ ਪਹਿਲਾਂ-ਪਹਿਲਾਂ ਹੀ ਪੰਜ-ਸੱਤ ਬ੍ਰਾਹਮਣ ਕਾਸ਼ੀ ਦੇ ਪਹੁੰਚ ਜਾਂਦੇ ਨੇ ਕਿ ਜਾ ਕੇ ਰਾਣੀ ਨੂੰ ਘਰ ਨਾ ਵੜਨ ਦਿਓ, ਉਸ ਤੋਂ ਪਹਿਲਾਂ ਹੀ ਰਾਜੇ ਨੂੰ

ਸਿਖਾਓ ਜਾ ਕੇ, ਕਿ ਇਹ ਤਾਂ ਅਸ਼ੁੱਧ ਹੋ ਗਈ ਹੈ, ਸ਼ੁੱਧ ਨਹੀਂ ਰਹੀ ਇਹਨੇ ਜਾ ਕੇ ਛੋਟੀ ਜਾਤ ਦੇ ਰਵਿਦਾਸ ਦੇ ਭਾਂਡੇ ਵੀ ਮਾਂਜੇ ਨੇ, ਸੇਵਾ ਵੀ ਕਰੀ ਹੈ, ਬਹੁਤ ਭਖਾ ਦਿਤਾ ਰਾਜੇ ਨੂੰ। ਇਧਰੋਂ ਇਹ ਵੀ ਚਲੀ ਜਾਂਦੀ ਹੈ ਜਿਸ ਵਕਤ ਰਾਜੇ ਨਾਲ ਗੱਲ ਹੁੰਦੀ ਹੈ ਤਾਂ ਉਹ ਕਹਿਣ ਲੱਗੀ ਇਹਦੇ ਵਿਚ ਕਿਹੜੀ ਗੱਲ ਹੈ, ਕੌਣ ਕਹਿੰਦਾ ਹੈ ਇਹ ਗੱਲ। ਕਹਿੰਦੇ, ਬ੍ਰਾਹਮਣ ਆਏ ਹੋਏ ਨੇ ਉਥੋਂ। ਕਹਿਣ ਲੱਗੀ ਕਿ ਕੋਈ ਗੱਲ ਨਹੀਂ ਰਵਿਦਾਸ ਤਾਂ ਪ੍ਰਮੇਸ਼ਰ ਦਾ ਰੂਪ ਹੈ, ਉਹਦੇ ਵਿਚ ਤੇ ਰੱਬ ਵਿਚ ਕੋਈ ਫਰਕ ਨਹੀਂ ਹੈ। ਇਕੋ ਰੂਪ ਹੋਏ ਹੋਏ ਨੇ ਦੋਵੇਂ। ਸੰਤ ਤੇ ਅਨੰਤ ਦਾ ਕੋਈ ਅੰਤਰ ਨਹੀਂ। ਸੋ ਉਸ ਵੇਲੇ ਉਸ ਨੇ ਬਹੁਤ ਮਿੱਠੇ ਬਚਨਾਂ ਦੇ ਨਾਲ ਉਸਨੂੰ ਕਾਬੂ ਕਰਿਆ। ਕਹਿਣ ਲੱਗੀ ਕਿ ਤੁਸੀਂ ਨਰਾਜ਼ ਨਾ ਹੋਵੋ, ਪਹਿਲਾਂ ਉਨ੍ਹਾਂ ਦੇ ਦਰਸ਼ਨ ਤਾਂ ਕਰ ਲਓ, ਫੇਰ ਤੁਹਾਨੂੰ ਪਤਾ ਲਗ ਜਾਏਗਾ ਕਿ ਉਹ ਕੀ ਚੀਜ਼ ਨੇ। ਇਥੇ ਬੁਲਾ ਲਓ। ਮੈਂ ਬ੍ਰਾਹਮਣਾਂ ਦੇ ਨਾਲ ਗੱਲ ਕਰਦੀ ਹਾਂ। ਬਾਹਰ ਆ ਗਈ। ਉਥੇ ਦੇ ਹੀ ਬ੍ਰਾਹਮਣ ਨਾਲ ਰਲੇ ਹੋਏ ਨੇ, ਕਾਸ਼ੀ ਵਾਲਿਆਂ ਨੇ ਰਲਾ ਕੇ ਬੜਾ ਭਾਰਾ ਰੌਲਾ ਗੌਲਾ ਖੜ੍ਹਾ ਕਰਿਆ ਹੋਇਆ ਸੀ। ਇਕੋ ਗੱਲ ਕਹੀ ਜਾਂਦੇ ਨੇ ਕਿ ਇਹਨੇ ਮਰਿਆਦਾ ਭੰਗ ਕਰ ਦਿਤੀ। ਛੋਟੀ ਜਾਤ-ਛੋਟੀ ਜਾਤ। ਕਹਿਣ ਲੱਗੀ, ਤੁਹਾਨੂੰ ਤਕਲੀਫ ਕੀ ਹੈ। ਰਵਿਦਾਸ ਦੀ ਮਹਿਮਾ ਨੂੰ ਤੁਸੀਂ ਜਾਣਦੇ ਨਹੀਂ ਹੋਂ। ਤੁਹਾਨੂੰ ਆਹੀ ਤਕਲੀਫ ਹੈ ਨਾ ਕਿ ਦੱਛਣਾ ਨਹੀਂ ਤੁਹਾਨੂੰ ਮਿਲਦੀ। ਕਹਿੰਦੇ ਹਾਂ ਜੀ। ਕਹਿਣ ਲੱਗੀ, ਮੈਂ ਜੱਗ ਕਰਨਾ ਹੈ ਹੁਣ, ਵੱਡਾ ਜੱਗ, ਇਹਦੇ ਵਿਚ ਸਾਰੇ ਬ੍ਰਾਹਮਣਾਂ ਨੂੰ ਬੁਲਾਵਾਂਗੀ, ਕਾਸ਼ੀ ਵਾਲਿਆਂ ਨੂੰ ਵੀ ਇਥੇ ਵਾਲਿਆਂ ਨੂੰ ਵੀ। ਤੁਹਾਨੂੰ ਫੇਰ ਖੁਲ੍ਹੀ ਦੱਛਣਾ ਮਿਲੇਗੀ, ਦੋ-ਦੋ ਮੋਹਰਾਂ। ਕਹਿੰਦੇ, ਸਾਨੂੰ ਦੱਛਣਾ ਹੀ ਚਾਹੀਦੀ ਹੈ ਵਾਪਸ ਚਲੇ ਗਏ।

ਸ੍ਰੀ ਮਾਨ ਸੱਚਖੰਡਵਾਸੀ 108 ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

ਰਵਿਦਾਸ ਜੀ ਨੂੰ ਬੇਨਤੀ ਪੱਤਰ ਦੇ ਕੇ ਬੰਦਾ ਭੇਜ ਦਿਤਾ ਕਿ ਮਹਾਰਾਜ! ਆਪ ਕ੍ਰਿਪਾ ਕਰੋ, ਮੈਨੂੰ ਵੀ ਦਰਸ਼ਨ ਦਿਓ. ਰਾਜਾ ਚੰਦਰਹੰਸ ਬੜੀ ਅਧੀਨਗੀ ਨਾਲ ਚਿੱਠੀ ਲਿਖਦਾ ਹੈ ਤੇ ਰਵਿਦਾਸ ਜੀ ਉਥੋਂ ਚਲਦੇ ਨੇ, ਗੱਲ ਵਿਚਾਰੀ ਤੇ ਵਿਚਾਰ ਕੇ ਚੱਲ ਪਏ ਤੇ ਜਦੋਂ ਆਪ ਚਿਤੌੜਗੜ੍ਹ ਆਉਂਦੇ ਨੇ ਉਸ ਵੇਲੇ ਰਾਜੇ ਦੇ ਮਨ ਵਿਚ ਆਈ ਕਿ ਕਿਤੇ ਮੈਂ ਆਪਣੀ ਪਤਨੀ ਦੇ ਮਗਰ ਲਗ ਕੇ ਤਾਂ ਨਹੀਂ ਕਰ ਰਿਹਾ। ਮੈਂ ਵੀ ਪਰਖ ਲਵਾਂ। ਉਸ ਨੇ ਆਪਣੀ ਜਿਗਾ ਕਲਗੀ ਲਾਹ ਕੇ ਸੀਟ ਦੇ ਥੱਲੇ ਰੱਖ ਦਿਤੀ, ਜੇ ਤਾਂ ਉਨ੍ਹਾਂ ਨੇ ਮੈਨੂੰ ਕਹਿ ਦਿਤਾ ਕਿ ਤੇਰੀ ਜਿਗਾ ਕਲਗੀ ਫਲਾਣੇ ਥਾਉਂ ਪਈ ਹੈ, ਤੂੰ ਪਹਿਨੀ ਕਿਉਂ ਨਹੀਂ ਹੈ ਤਾਂ, ਤਾਂ ਉਹ ਪੂਰੇ। ਜੇ ਨਾ ਕਿਹਾ ਫੇਰ ਤਾਂ ਵੈਸੇ ਹੀ ਨੇ।

ਉਸ ਵੇਲੇ ਆਪ ਨੇ ਰਵਿਦਾਸ ਜੀ ਦਾ ਸਤਿਕਾਰ ਕਰਨ ਵਾਸਤੇ ਤਿਆਰੀ ਕਰੀ ਤੇ ਬਾਹਰ ਜਿਸ ਥਾਂ ਦੇ ਉਤੇ ਠਹਿਰਾਏ ਗਏ ਸੀ ਉਥੇ ਆਪ ਸਤਿਕਾਰ ਕਰਨ ਵਾਸਤੇ ਜਾਂਦੇ ਨੇ ਤੇ ਜਦੋਂ ਜਾ ਕੇ ਇਨ੍ਹਾਂ ਨੇ ਨਮਸਕਾਰ ਕਰੀ, ਰਵਿਦਾਸ ਜੀ ਕਹਿਣ ਲੱਗੇ, ਰਾਜਨ! ਅੱਜ ਤੁਹਾਡੀ ਦਸਤਾਰ ਸੁੰਨੀ-ਸੁੰਨੀ ਕਿਉਂ ਲਗਦੀ ਹੈ। ਤੁਹਾਡੀ ਜਿਗਾ ਤੇ ਕਲਗੀ ਕਿੱਥੇ ਗਈ? ਤੁਸੀਂ ਸੀਟ ਥੱਲੇ ਕਿਉਂ ਰੱਖ ਦਿਤੀ। ਉਸੇ ਵੇਲੇ ਚਰਨ ਫੜ ਲਏ ਕਹਿਣ ਲੱਗਿਆ ਮਹਾਰਾਜ! ਮੈਂ ਬੜਾ ਭੁੱਲਿਆ ਹੋਇਆ ਸੀ। ਮੂਰਖਾਂ ਦੇ, ਨਿੰਦਕਾਂ ਦੇ, ਦੋਖੀਆਂ ਦੇ ਕਹਿਣੇ 'ਚ ਆ ਕੇ ਮੇਰੀ ਵੀ ਸ਼ਰਧਾ ਉਨ੍ਹਾਂ ਨੇ ਹੀਣ ਕਰ ਦਿਤੀ। ਮਹਾਰਾਜ ਕਹਿੰਦੇ, ਜਿਹੜੇ ਸਾਧੂਆਂ ਦੇ ਨਾਲ ਲਗਦੇ ਨੇ ਨਾ ਉਨ੍ਹਾਂ ਨੂੰ ਸੁੱਖ ਨਹੀਂ ਮਿਲਿਆ ਕਰਦਾ।

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***
***ਅੰਗ - ੩੦੬***

ਜਿਸ-ਜਿਸ ਨੇ ਵੀ ਸੰਤਾਂ ਦੇ ਨਾਲ ਖਹਿ ਪਾਈ ਹੈ, ਉਹਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋਈ ਆਪਣਾ ਸਰਵਨਾਸ ਕੀਤਾ ਹੈ ਉਹਨੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਦੇ ਸੰਗਤਾਂ ਆਉਂਦੀਆਂ ਨੇ, ਪੂਰਨਮਾਸ਼ੀ ਦਾ ਦੀਵਾਨ ਭਰਦਾ ਹੈ। ਸੰਗਰਾਂਦ ਦਾ ਭਰਦਾ ਹੈ, ਦੂਰ-ਦਰਾਜ਼ ਤੋਂ ਗੱਡੀਆਂ ਚੜ੍ਹ ਕੇ ਹਜ਼ਾਰਾਂ ਦੀ ਤਾਦਾਦ ਦੇ ਵਿਚ ਸੰਗਤਾਂ ਆਉਂਦੀਆਂ ਨੇ। ਪਰ ਜਦੋਂ ਸੰਗਤ ਨੇੜੇ ਤੋਂ ਲੰਘ ਕੇ ਪੈਰੀਂ ਚਲ ਕੇ ਆਉਂਦੀ

(ਬਾਕੀ ਪੰਨਾ 41 ਤੇ)

(ਪੰਨਾ 37 ਦਾ ਬਾਕੀ)

ਸੀ ਤਾਂ ਉਥੇ ਦੇ ਬੜੇ ਜਿੱਦੀ ਤੇ ਨਾਸਤਕ ਕਿਸਾਨ ਸੀ। ਉਨ੍ਹਾਂ ਨੇ ਬੋਲੀਆਂ ਮਾਰਨੀਆਂ, ਬੀਬੀਆਂ ਨੂੰ ਮਸਕਰੀਆਂ ਕਰਨੀਆਂ। ਲੰਘ ਜਾਣਾ ਕਿਸੇ ਨੇ ਕੁੱਛ ਨਾ ਕਹਿਣਾ, ਵਾਹਿਗੁਰੂ-ਵਾਹਿਗੁਰੂ ਕਹਿ ਕੇ ਲੰਘ ਜਾਣਾ ਕਿ ਮੱਤ ਮਾਰੀ ਹੈ ਇਨ੍ਹਾਂ ਲੋਕਾਂ ਦੀ। ਕੋਲ ਰਹਿੰਦੇ ਹੋਏ ਡੇਰੇ ਦੇ ਸੂਰਜ ਦੇ ਕੋਲ ਰਹਿ ਕੇ ਉੱਲੂਆਂ ਵਾਲਾ ਕੰਮ ਕਰ ਰਹੇ ਨੇ, ਅੱਖਾਂ ਮੀਚੀ ਬੈਠੇ ਨੇ, ਕੋਈ ਪਤਾ ਨਹੀਂ ਲਗਦਾ ਇਨ੍ਹਾਂ ਨੂੰ ਮਹਿਮਾ ਦਾ। ਅਖੀਰ ਉਨ੍ਹਾਂ ਵਿਚ ਜਿਹੜੇ ਨੌਜਵਾਨ ਸੀ ਕਹਿਣ ਲੱਗੇ ਬੜਾ ਅਨੰਦ ਆਉਂਦਾ ਹੈ ਇਹ ਤਾਂ। ਕੁੱਤੇ ਲੈ ਆਏ, ਜਦੋਂ ਜਥੇ ਲੰਘਣ ਲੱਗੇ ਕੁੱਤੇ ਛੱਡ ਦਿਤੇ। ਕੁੱਤੇ ਰੱਖੇ ਹੋਏ ਸੀ, ਉਹ ਮਗਰ ਪੈ ਜਾਂਦੇ ਸੀ। ਦੌੜ-ਭੱਜ ਹੋ ਜਾਂਦੀ ਹੈ, ਬੀਬੀਆਂ ਦੇ ਕਪੜੇ ਫਾੜ ਦਿਤੇ, ਚੱਕ ਮਾਰੇ, ਬੱਚਿਆਂ ਨੂੰ ਕੱਟ ਲਿਆ।

ਬਾਬਾ ਜੀ ਕੋਲ ਕਹਿਣ ਲੱਗੇ ਜੀ ਆਹ ਪਿੰਡ ਬੜਾ ਦੁੱਖੀ ਕਰਦਾ ਹੈ, ਇਥੋਂ ਦੀ ਰਸਤਾ ਆਉਂਦਾ ਹੈ। ਬਾਬਾ ਜੀ ਕਹਿੰਦੇ ਕਿ ਭਾਈ ਪ੍ਰੇਮੀਓ! ਰਸਤਾ ਇਕ ਹੋਰ ਵੀ ਹੈਗਾ, ਮੀਲ ਦੋ ਮੀਲ ਪਰ੍ਹੇ, ਫਰਕ ਪਾ ਲਿਆ ਕਰੋ, ਉਧਰੋਂ ਆ ਜਾਇਆ ਕਰੋ। ਉਸ ਤਰ੍ਹਾਂ ਸੰਗਤਾਂ ਨੇ ਆਉਣਾ ਸ਼ੁਰੂ ਕਰ ਦਿਤਾ। ਉਥੇ ਵੀ ਜਾ ਕੇ ਉਹ ਬਹਿਣ ਲੱਗ ਗਏ ਤੇ ਜਾ ਕੇ ਕੁੱਤੇ ਛੱਡ ਦਿਆ ਕਰਨ। ਸੰਗਤ ਨੇ ਕਿਹਾ ਬਾਬਾ ਜੀ! ਉਹ ਵੀ ਰਸਤਾ ਬੰਦ ਹੋ ਗਿਆ, ਉਥੇ ਵੀ ਕੁੱਤੇ ਛੱਡ ਦਿੰਦੇ ਨੇ। ਹਰ ਵਾਰੀ ਕਿੰਨੇ ਬੀਬੀਆਂ ਬੱਚਿਆਂ, ਬੰਦਿਆਂ ਨੂੰ ਕੁੱਤੇ ਕੱਟ ਜਾਂਦੇ ਸੀ। ਬਾਬਾ ਜੀ ਕਹਿੰਦੇ, ਕੋਈ ਨਾ ਪ੍ਰੇਮੀਓ ਵਾਹਿਗੁਰੂ ਜਾਣੇ ਇਹ ਜਾਣਨ ਆਪਾਂ ਦੇ ਕੋਲ ਡੰਡੇ ਤਾਂ ਹੈ ਨਹੀਂ।

ਗੁਰੂ ਦਸਵੇਂ ਪਾਤਸ਼ਾਹ ਨੇ ਤਾਂ ਗ੍ਰਾਮ ਨਗਰ ਸੀਗਾ, ਲੂ-ਗ੍ਰਾਮ ਉਥੇ ਸੰਗਤਾਂ ਨੂੰ ਲੁੱਟ ਲਿਆ ਡਾਕਾਂ ਮਾਰ ਕੇ, ਜੋ ਗੁਰੂ ਸਾਹਿਬ ਦੀ ਭੇਟਾ ਸੀ ਸਾਰੀ ਦੀ ਸਾਰੀ ਆਪ ਲੁੱਟ ਲਈ। ਗੁਰੂ ਮਹਾਰਾਜ ਕੋਲ ਸੰਗਤ ਚਲੀ ਗਈ ਕਿ ਸੱਚੇ ਪਾਤਸ਼ਾਹ! ਬੜੀਆਂ ਦੂਰ ਤੋਂ ਸਰਹੱਦੀ ਇਲਾਕੇ ਤੋਂ ਅਸੀਂ ਵਸਤਾਂ ਲੈ ਕੇ ਆਏ ਸੀ। ਆਹ ਪਿੰਡ ਵਾਲਿਆਂ ਨੇ ਲੁੱਟ ਲਈਆਂ। ਮਹਾਰਾਜ ਕਹਿੰਦੇ, ਤੁਸੀਂ ਕੁਛ ਨਹੀਂ ਕਰਿਆ? ਕਹਿੰਦੇ, ਨਹੀਂ ਮਹਾਰਾਜ। ਉਸ ਵੇਲੇ ਗੁਰੂ ਮਹਾਰਾਜ ਆਪ ਹੀ ਸ਼ਿਕਾਰ ਵਾਸਤੇ ਬਾਹਰ ਨੂੰ ਚਲੇ ਗਏ ਜਦੋਂ ਪਿੰਡ ਦੇ ਕੋਲ ਗਏ ਤਾਂ ਕਹਿੰਦੇ, ਘੇਰ ਲਓ ਇਨ੍ਹਾਂ ਨੂੰ। ਘੇਰ ਗਿਆ, ਲੜਾਈ ਸ਼ੁਰੂ ਹੋ ਗਈ, ਉਹ ਗੜ੍ਹੀ ਸੀ ਆਲੇ-ਦੁਆਲੇ ਸਿੰਘਾਂ ਨੇ ਹਿੰਮਤ ਮਾਰ ਕੇ ਗੜ੍ਹੀ ਦੇ ਉਤੇ ਚੜ੍ਹ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਜਿਸ ਵਕਤ ਦੇਖਿਆ ਕਿ ਸਾਡਾ ਬਲ ਨਹੀਂ ਇਨ੍ਹਾਂ ਮੂਹਰੇ ਚਲਦਾ, ਉਸ ਵੇਲੇ ਸ਼ਰਨ ਆ ਗਏ ਕਿ ਮਹਾਰਾਜ! ਸਾਡੇ ਤੇ ਕ੍ਰਿਪਾ ਕਰੋ। ਮਹਾਰਾਜ! ਕਹਿੰਦੇ ਪਹਿਲਾਂ ਤਾਂ ਚੀਜ਼ਾਂ ਲਿਆਓ ਸਾਰੀਆਂ। ਸਾਰੀਆਂ ਲਿਆ ਕੇ ਭੇਟਾ ਕਰ ਦਿਤੀਆਂ। ਮਹਾਰਾਜ ਨੇ ਕਿਹਾ ਕਿ ਅੱਜ ਤੋਂ ਬਾਅਦ ਕਿਸੇ ਗੁਰਸਿੱਖ ਨੂੰ ਜੇ ਕੁਛ ਕਿਹਾ ਨਾ ਤਾਂ ਤੁਹਾਡਾ ਪਿੰਡ ਬਿਲਕੁਲ ਹੀ ਉਜਾੜ ਦੇਵਾਂਗੇ।

ਬਾਬਾ ਜੀ ਕਹਿਣ ਲੱਗੇ ਕਿ ਮਹਾਰਾਜ ਨੇ ਤਾਂ ਇਸ ਤਰ੍ਹਾਂ ਕਰਿਆ ਸੀ, ਆਪਾਂ ਤਾਂ ਸਾਧੂ ਬੰਦੇ ਹਾਂ, ਗੁਰੂ ਜਾਣੇ ਇਹ ਜਾਣਨ।

ਸੰਤਾਂ ਦੇ ਮਨ ਵਿਚ ਜੇ ਐਸੀਆਂ ਗੱਲਾਂ ਆ ਜਾਣ ਨਾ, ਫੇਰ ਵਾਹਿਗੁਰੂ action ਵਿਚ ਆ ਜਾਂਦਾ ਹੈ। ਵਾਹਿਗੁਰੂ ਜੀ ਨੇ ਰੋਜ਼ ਇਕ ਦੋ ਜਵਾਨ ਮਾਰਨੇ ਸ਼ੁਰੂ ਕਰ ਦਿਤੇ। ਥੋੜ੍ਹੇ ਜਿਹੇ ਦਿਨਾਂ ਵਿਚ ਹੀ ਪਿੰਡ ਦੇ ਸਾਰੇ ਜੁਆਨ ਮਰ ਗਏ, ਇਕ ਵੀ ਬੰਦਾ ਨਾ ਰਿਹਾ, ਬੀਬੀਆਂ ਰਹਿ ਗਈਆਂ। ਇਕ ਬੀਬੀ ਦੀ ਕੁਛੜ ਛੋਟਾ ਜਿਹਾ ਬਾਲ ਸੀ ਨੌ ਮਹੀਨੇ, ਉਹਨੇ ਲਿਆ ਕੇ ਬਾਬਾ ਜੀ ਦੇ ਚਰਨਾਂ ਤੇ ਰੱਖ ਦਿਤਾ ਕਹਿੰਦੀ ਬਾਬਾ ਜੀ ਇਹਨੂੰ ਚਾਹੇ ਇਥੇ ਮਾਰ ਲਓ, ਚਾਹੇ ਬਚਾ ਲਓ। ਬਾਬਾ ਜੀ ਨੇ ਕ੍ਰਿਪਾ ਕਰ ਦਿਤੀ ਕਿ ਲੈ ਬੀਬੀ! ਤੇਰੇ ਕਰਕੇ ਇਸ ਪਿੰਡ ਦੀ ਜੜ੍ਹ ਹਰੀ ਰਹਿ ਗਈ ਨਹੀਂ ਤਾਂ ਉਜੜ ਜਾਣਾ ਸੀ ਇਹਨੇ। ਸੋ -

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***
***ਅੰਗ - ੩੦੬***

ਰਵਿਦਾਸ ਜੀ ਨਾਲ ਖਹਿਣਾ ਸ਼ੁਰੂ ਕਰ ਦਿਤਾ, ਬੜੀ ਨਿੰਦਿਆ ਕਰਦੇ ਨੇ, ਬੜੀਆਂ ਚੁਗਲੀਆਂ ਕਰਦੇ ਨੇ। ਸਤਿਸੰਗ ਓਧਰ ਰਾਣੀ ਦੇ ਮਹਿਲਾਂ ਵਿਚ ਹੋਣਾ ਸ਼ੁਰੂ ਹੋ ਗਿਆ। ਅਖੀਰ ਰਾਣੀ ਨੇ ਸੱਦਾ ਪੱਤਰ ਭੇਜ ਦਿਤਾ, ਰਾਜੇ ਨੇ ਮੋਹਰਾਂ ਲਾ ਕੇ ਭੇਜ ਦਿਤਾ। ਕਾਸ਼ੀ ਦੇ ਬ੍ਰਾਹਮਣ ਮੰਗਾ ਲਏ, ਇਥੇ ਦੇ ਬ੍ਰਾਹਮਣਾਂ ਨੂੰ ਚਿਤੌੜਗੜ੍ਹ ਦੇ ਸਾਰੇ ਬ੍ਰਾਹਮਣਾਂ ਨੂੰ, ਸਾਰੇ ਬ੍ਰਾਹਮਣਾਂ ਨੂੰ ਬੁਲਾ ਲਿਆ। ਉਹ ਦੇਖਦੇ ਨੇ ਕਿ ਰਵਿਦਾਸ ਜੀ ਦੀ ਪੂਜਾ ਹੋ ਰਹੀ ਹੈ। ਕਹਿ ਕੁਛ ਸਕਦੇ ਨਹੀਂ ਸੀ, ਬਾਹਰ ਗੱਲਾਂ ਮਾਰਦੇ ਨੇ ਤੇ ਜਦੋਂ ਯੱਗ ਸ਼ੁਰੂ ਹੋਇਆ ਤਾਂ ਰਾਣੀ ਝਾਲਾਬਾਈ ਨੇ ਕਿਹਾ ਕਿ ਕਿਤੇ ਐਸਾ ਨਾ ਹੋਵੇ ਗੜਬੜ ਨਾ ਕਰਨ, ਪੁਲਿਸ ਨੂੰ ਚੌਕਸ ਕਰ ਦਿਤਾ ਕਿ ਕੋਈ ਗਲਤੀ ਕਰਦਾ ਹੈ, ਪ੍ਰਾਪੇਗੰਡਾ ਕਰਦਾ ਹੈ ਤੁਸੀਂ ਉਸ ਨੂੰ ਫੜ ਲਓ। ਵਾਰੀ ਸਿਰ ਲੰਗਰ ਦੇਣੇ ਸ਼ੁਰੂ ਕਰ ਦਿਤੇ ਕਿ ਅੱਜ ਐਸ ਗੋਤ ਦੀ ਵਾਰੀ ਹੈ। ਅੱਜ ਆਹ ਖਾਣਗੇ। ਰੋਜ਼ ਇਸੇ ਤਰ੍ਹਾਂ ਪ੍ਰਸ਼ਾਦੇ ਛਕਾਉਂਦੇ ਰਹੇ ਤੇ ਉਸ ਤੋਂ ਬਾਅਦ ਕਰਿਆ ਕਿ ਅੱਜ ਸਮੂੰਹ ਲੰਗਰ ਹੋਏਗਾ, ਜਦੋਂ ਸਮੂੰਹ ਲੰਗਰ ਕਰਿਆ ਤਾਂ ਉਸ ਵੇਲੇ ਆਸਣ ਸਭ ਨਾਲੋਂ ਉੱਚਾ ਰਵਿਦਾਸ ਜੀ ਦਾ ਵਿਚਕਾਰ ਲਾ ਦਿਤਾ। ਸੰਗਤਾਂ ਬੇਅੰਤ ਵਧ ਗਈਆਂ, ਸਾਰਿਆਂ ਨੂੰ ਮਹਿਮਾ ਦਾ ਪਤਾ ਲੱਗਿਆ। ਬ੍ਰਾਹਮਣਾਂ ਤੋਂ ਬਗੈਰ ਜਿੰਨੀਆਂ ਹੋਰ ਜਾਤੀਆਂ ਸਭ ਹੁੰਮ-ਹੁੰਮਾ ਕੇ ਦਰਸ਼ਨਾਂ ਨੂੰ ਆਉਂਦੀਆਂ, ਇਹ ਕੂੜਦੇ ਹੀ ਰਹਿੰਦੇ ਨੇ। ਜਿਸ ਵਕਤ ਦੇਖਿਆ ਕਿ ਅੱਜ ਆਸਣ ਉਨ੍ਹਾਂ ਦਾ ਉਚੇ ਥਾਉਂ ਲਾ ਦਿਤਾ, ਗੁਰੂ ਪੂਜਾ ਹੋਏਗੀ, ਉਸ

ਤੋਂ ਬਾਅਦ ਪ੍ਰਸ਼ਾਦਾ ਵਰਤਾਉਣਾ ਹੈ, ਲੰਗਰ ਚਲਣਾ ਹੈ, ਇਹਨਾਂ ਨੇ ਇਤਰਾਜ਼ ਕਰ ਦਿਤਾ ਕਿ ਜਿਥੇ ਰਵਿਦਾਸ ਜੀ ਬੈਠੇ ਹੋਣਗੇ ਉਥੇ ਬੈਠ ਕੇ ਰੋਟੀ ਨਹੀਂ ਖਾਣੀ। ਕਹਿਣ ਲੱਗੇ, ਰਾਜਨ! ਅਸੀਂ ਤੇਰਾ ਲੰਗਰ ਬਣਿਆ ਬਣਾਇਆ ਛੱਡ ਜਾਵਾਂਗੇ। ਤੇਰਾ ਯੱਗ ਸੰਪੂਰਨ ਨਹੀਂ ਹੋਣਾ ਤੂੰ ਬ੍ਰਾਹਮਣਾਂ ਨਾਲ ਵਿਵਾਦ ਪਾਇਆ ਹੈ। ਇਨ੍ਹਾਂ ਦਾ ਨਿਰਾਦਰ ਕੀਤਾ ਹੈ। ਰਾਜਾ ਕਹਿਣ ਲੱਗਿਆ, ਕੋਈ ਗੱਲ ਨਹੀਂ, ਅਸੀਂ ਗੁਰੂ ਜੀ ਨੂੰ ਬੇਨਤੀ ਕਰਕੇ ਦੇਖ ਲੈਂਦੇ ਹਾਂ। ਜਦੋਂ ਇਹ ਗੱਲ ਉਨ੍ਹਾਂ ਦੇ ਕੰਨੀਂ ਪਹੁੰਚੀ ਤਾਂ ਕਹਿਣ ਲੱਗੇ, ਭਾਈ! ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਿਹਾ ਸੀ ਕਿ ਜਾਤ ਅਭਿਮਾਨੀ ਤੁਹਾਨੂੰ ਤੰਗ ਕਰਨਗੇ, ਅਸੀਂ ਇਕ ਪਾਸੇ ਹੋ ਕੇ ਬੈਠ ਜਾਂਦੇ ਹਾਂ। ਆਪ ਇਕ ਪਾਸੇ ਬੈਠ ਗਏ। ਲੰਗਰ ਸ਼ੁਰੂ ਹੋ ਜਾਂਦਾ ਹੈ। ਜਿਥੇ ਆਸਣ ਲੱਗਿਆ ਸੀ ਉਥੋਂ ਉਠ ਕੇ ਚਲੇ ਗਏ। ਕਹਿਣ ਲੱਗੇ, ਬੁਲਾ ਲਓ ਪ੍ਰੇਮੀਓ! ਉਨ੍ਹਾਂ ਨੂੰ, ਸਾਨੂੰ ਨਹੀਂ ਅਭਿਮਾਨ ਕਿਸੇ ਗੱਲ ਦਾ। ਆਪਣੀ ਮਰਿਆਦਾ ਨਾਲ ਚੱਲੋ। ਰਾਜੇ ਨੇ ਬੜੀ ਸ਼ਰਧਾ ਦੇ ਨਾਲ ਯੱਗ ਕੀਤਾ ਹੈ ਇਹਦੇ ਵਿਚ ਨਾ ਤੁਸੀਂ ਭੰਗਣਾ ਪਾਓ।

ਸੋ ਰਵਿਦਾਸ ਜੀ ਅੰਦਰ ਜਾ ਕੇ ਬੈਠ ਜਾਂਦੇ ਨੇ, ਪੰਗਤਾਂ ਲੱਗ ਗਈਆਂ। ਹੁਣ ਵਾਹਿਗੁਰੂ ਜੀ ਨੇ ਭਗਤ ਦੀ ਲਾਜ ਰੱਖਣੀ ਹੈ। ਜਦ ਕਦ ਵੀ ਭਗਤਾਂ ਦੇ ਉਤੇ ਕੋਈ ਔਕੜ ਆਈ ਹੈ, ਉਸੇ ਵੇਲੇ ਵਾਹਿਗੁਰੂ ਜੀ ਦਾ ਬਿਰਦ ਹੈ –

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥* *ਅੰਗ – ੪੦੩*

ਪੰਗਤਾਂ ਲਾ ਕੇ ਸਾਰੇ ਬੈਠ ਗਏ। ਸਾਰੇ ਬ੍ਰਾਹਮਣਾਂ ਦੇ ਮਨ ਵਿਚ ਹੈ ਕਿ ਠੀਕ ਹੈ ਅਸੀਂ ਰਾਜਾ ਤੋੜ ਦਿਤਾ ਭਗਤ ਜੀ ਨਾਲੋਂ। ਭਗਤ ਨਰਾਜ਼ ਹੋਣਗੇ, ਨਰਾਜ਼ ਹੋ ਕੇ ਆਪੇ ਹੀ ਚਲੇ ਜਾਣਗੇ। ਲੇਕਿਨ ਦੂਜੇ ਪਾਸੇ ਕੀ ਵਾਹਿਗੁਰੂ ਜੀ ਨੇ ਕੌਤਕ ਰਚ ਦਿਤਾ।

*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ ॥* *ਅੰਗ – ੪੦੩*

ਪ੍ਰਸ਼ਾਦੇ ਵਰਤ ਗਏ, ਸਾਰਿਆਂ ਦੇ ਥਾਲਾਂ ਦੇ ਵਿਚ ਹਰੇਕ ਕਿਸਮ ਦੇ ਭੋਜਨ ਪਾ ਦਿਤੇ ਤੇ ਬਾਰ-ਬਾਰ ਬੇਨਤੀ ਕਰਦਾ ਹੈ ਰਾਜਾ ਚੰਦਰਹੰਸ ਕਿ ਬ੍ਰਾਹਮਣ ਦੇਵਤਾਓ ਤੁਸੀਂ ਪ੍ਰਸ਼ਾਦ ਤਾਂ ਛਕੋ। ਕੋਈ ਵੀ ਨਹੀਂ ਛਕਦਾ, ਹੱਥ ਹੀ ਨਹੀਂ ਕੱਢਦਾ ਕੋਈ। ਇਕ ਨੂੰ ਪੁੱਛਿਆ ਕਿ ਤੁਸੀਂ ਪ੍ਰਸ਼ਾਦਾ ਕਿਉਂ ਨਹੀਂ ਛਕਦੇ। ਕਹਿੰਦੇ, ਕਾਹਦਾ ਛਕੀਏ ਰਵਿਦਾਸ ਤਾਂ ਮੇਰੇ ਨਾਲ ਬਿਠਾ ਦਿਤਾ ਤੁਸੀਂ। ਦੂਜੇ ਨੂੰ ਪੁਛਿਆ, ਉਹ ਕਹਿੰਦਾ, ਇਹਦੇ ਨਾਲ ਤਾਂ ਨਹੀਂ ਬੈਠਾ ਰਵਿਦਾਸ ਮੇਰੇ ਨਾਲ ਬੈਠਾ ਹੈ। ਇਕੱਲਿਆਂ-ਇਕੱਲਿਆਂ ਨੂੰ ਪੁਛਿਆ, ਕਹਿੰਦਾ ਜੀ ਮੇਰੇ ਨਾਲ ਤਾਂ ਰਵਿਦਾਸ ਬੈਠਾ ਹੈ, ਕਹਿੰਦਾ ਇਹਨੂੰ ਉਠਾਲੋ। ਰਾਜਾ ਕਹਿਣ ਲੱਗਿਆ, ਹੈਰਾਨੀ ਦੀ ਗੱਲ ਹੈ, ਰਵਿਦਾਸ ਜੀ ਇਕ ਨੇ ਤੁਸੀਂ ਸਾਰੇ ਹੀ ਕਹੀ ਜਾਂਦੇ ਓਂ। ਝੂਠ ਬੋਲਦੇ ਹੋਂ ਸਾਰੇ? ਸਿਆਣੇ-ਸਿਆਣੇ ਬ੍ਰਾਹਮਣ ਉਠ ਕੇ ਖੜ੍ਹੇ ਹੋ ਗਏ ਕਹਿਣ ਲੱਗੇ, ਪ੍ਰੇਮੀਓ! ਆਪਾਂ ਰੱਬ ਦੇ ਨਾਲ ਮੁਕਾਬਲਾ ਸ਼ੁਰੂ ਕਰ ਲਿਆ, ਮਾੜੀ ਗੱਲ ਕਰੀ ਹੈ। ਗਲਤੀ ਮੰਨੋ ਆਪਣੀ ਭਗਤ ਜੀ ਨੂੰ ਲਿਆ ਕੇ ਬਿਠਾਲੋ।

ਉਸ ਵੇਲੇ ਬੇਨਤੀ ਕੀਤੀ ਕਿ ਮਹਾਰਾਜ! ਜਾਓ ਰਵਿਦਾਸ ਜੀ ਨੂੰ ਉਨ੍ਹਾਂ ਦੇ ਆਸਣ ਤੇ ਲਿਆ ਕੇ ਬਿਠਾਓ। ਅਸੀਂ ਪੰਗਤਾਂ 'ਚ ਪ੍ਰਸ਼ਾਦਾ ਫੇਰ ਛਕਾਂਗੇ। ਜਦੋਂ ਰਵਿਦਾਸ ਜੀ ਆਸਣ ਤੇ ਬੈਠ ਗਏ, ਸਾਮ੍ਹਣੇ ਪੰਗਤਾਂ ਲੱਗੀਆਂ ਹੋਈਆਂ ਨੇ, ਸਾਰੇ ਹੀ ਹੈਰਾਨ ਹੋ ਗਏ ਕਿ ਰਵਿਦਾਸ ਜੀ ਜਿਹੜੇ ਨਾਲ ਬੈਠੇ ਸੀ ਹੁਣ ਤਾਂ ਹੈ ਹੀ ਨਹੀਂ।

ਸੋ ਪ੍ਰਮੇਸ਼ਰ ਛੁਪਿਆ ਨਹੀਂ ਰਹਿਣ ਦਿੰਦਾ।

*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*
*ਅੰਗ – ੨੬੫*

ਉਸ ਵੇਲੇ ਰਵਿਦਾਸ ਜੀ ਨੇ ਪਿਆਰ ਦੇ ਵਿਚ ਆ ਕੇ ਸ਼ਬਦ ਉਚਾਰਨ ਕਰਿਆ।

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥ ਕਹਿ*
*ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥*
*ਅੰਗ – ੧੧੦੬*

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ। ਉਸ ਤੋਂ ਬਾਅਦ ਹੁਕਮ ਹੋਇਆ ਅਕਾਲ ਪੁਰਖ ਦਾ ਕਿ ਹੁਣ ਤੁਸੀਂ ਇਕ ਥਾਂ ਬੈਠੋ, ਬੈਠ ਕੇ ਹਰੀ ਦਾ ਪ੍ਰਚਾਰ ਕਰੋ ਤੇ ਨਾਮ ਦੀ ਦਾਤ ਦੇਵੋ ਸੰਸਾਰ ਨੂੰ। ਸੋ ਉਸ ਤੋਂ ਬਾਅਦ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੇ ਪੂਰਾ ਆਦਰ ਸਤਿਕਾਰ ਦੇ ਕੇ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦਰਜ ਕੀਤੀ ਤੇ ਅਸੀਂ ਜਿਥੇ ਦੂਸਰੀਆਂ ਗੁਰੂ ਦੀਆਂ ਬਾਣੀਆਂ ਨੂੰ ਅਸੀਂ ਕਹਿੰਦੇ ਕਿ ਪੱਕੀ ਬਾਣੀ ਹੈ ਗੁਰੂ ਦੀ ਬਾਣੀ ਹੈ, ਉਥੇ ਰਵਿਦਾਸ ਜੀ ਦੀ ਬਾਣੀ ਵੀ ਗੁਰੂ ਦੀ ਬਾਣੀ ਹੈ।

**ਵਾਹਿਗੁਰੂ ਜੀ ਕਾ ਖਾਲਸਾ**

**ਵਾਹਿਗੁਰੂ ਜੀ ਕੀ ਫਤਹਿ।**

(ਪੰਨਾ 18 ਦਾ ਬਾਕੀ)

ਮਹਾਰਾਜ ਜੀ ਦਾ ਮੱਤ ਐਸਾ ਹੈ ਇਸ ਦੇ ਵਿਚ ਇਕ ਸਿਧਾਂਤ ਐਸਾ ਆਉਂਦਾ ਹੈ ਕਿ ਭਗਤਾਂ ਦੇ ਉਤੇ ਕੋਈ ਮੁਸ਼ਕਲ ਪਾ ਦਿੰਦਾ ਹੈ ਪ੍ਰਮੇਸ਼ਰ।

ਆਪੇ ਹੀ ਲਾਉਣ ਤੋਂ ਪਿਛੋਂ ਆਪੇ ਹੀ ਰਾਖੀ ਕਰਦਾ ਫਿਰਦਾ ਹੈ ਆਪੇ ਹੀ ਰਾਖਾ ਬਣ ਜਾਂਦਾ ਹੈ। ਉਸ ਦੇ ਨਾਲ ਕਰਦਾ ਕੀ ਹੈ ਉਸਨੂੰ ਪ੍ਰਗਟ ਕਰ ਦਿੰਦਾ ਹੈ -

*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*
*ਅੰਗ - ੨੬੫*

ਉਹ ਛਪਿਆ ਨਹੀਂ ਕਰਦਾ ਉਸਨੂੰ ਆਪ ਪ੍ਰਗਟ ਕਰਦਾ ਹੈ ਪ੍ਰਮੇਸ਼ਰ। ਸੋ ਐਸਾ ਜੋ ਵਾਹਿਗੁਰੂ ਹੈ ਇਸ ਦੇ ਉਤੇ ਵਿਸ਼ਵਾਸ਼ ਨਾ ਹੋਣ ਦੇ ਕਾਰਨ ਆਦਮੀ ਮਨਮੁਖ ਕਹਾਉਂਦਾ ਹੈ, ਕਹਿੰਦੇ ਵਿਗੁਚ ਜਾਂਦਾ ਹੈ। ਉਨ੍ਹਾਂ ਦੀ ਰੀਸ ਕਰਦਾ ਹੈ, ਕੰਮ ਬਣਦਾ ਨਹੀਂ ਹੈ ਪਾਖੰਡ-ਪਾਖੰਡ ਰਹਿ ਜਾਂਦਾ ਹੈ, ਕੋਈ ਬਾਤ ਨਹੀਂ ਬਣਿਆ ਕਰਦੀ।

ਦੂਸਰਾ ਉਹ ਦੁਖੀ ਹੁੰਦੇ ਨੇ ਜੰਮਣ ਮਰਨ ਦੇ ਚੱਕਰ ਵਿਚੋਂ ਨਹੀਂ ਛੁਟਦੇ, ਹਰ ਵਕਤ ਹਾਏ-ਹਾਏ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ। ਸੋ ਇਸ ਤਰ੍ਹਾਂ ਦੋਵੇਂ ਵਰਗ ਨੇ - ਇਕ ਤਾਂ ਮਨ ਦੇ ਪਿੱਛੇ ਲੱਗਣ ਵਾਲਾ ਵਰਗ ਹੈ, 999 ਮਨਮੁਖ ਦਾ ਵਰਗ ਹੈ ਤੇ ਇਕ ਉਹ ਹੈ ਜਿਹੜਾ ਪ੍ਰਮੇਸ਼ਰ ਦੇ ਉਤੇ ਵਿਸ਼ਵਾਸ਼ ਰੱਖਦਾ ਹੈ। ਮਹਾਰਾਜ ਜੀ ਨੇ ਤਾਂ ਇਸ ਤੋਂ ਵੀ ਜ਼ਿਆਦਾ ਕਹਿ ਦਿਤਾ ਕਹਿੰਦੇ ਪੂਰਾ ਵਿਸ਼ਵਾਸ਼ ਰੱਖਣ ਵਾਲਾ ਕਰੋੜ ਵਿਚੋਂ ਸ਼ਾਇਦ ਇਕ ਹੋਵੇ -

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥*
*ਅੰਗ - ੧੪੨੭*

ਜਿਸ ਦੇ ਚਿੱਤ ਦੇ ਵਿਚ ਵਾਹਿਗੁਰੂ ਵਸ ਗਿਆ ਉਹ ਕਰੋੜਾਂ ਵਿਚੋਂ ਇਕ ਹੈ। ਬਾਕੀ ਜਿਹੜਾ ਹੈ ਉਹ ਵਿਸ਼ਵਾਸ਼ ਦੀ ਘਾਟ ਵਾਧ ਹੈ। ਕਿਸੇ ਨੂੰ ਵਿਸ਼ਵਾਸ਼ ਅੰਮ੍ਰਿਤ ਵੇਲੇ ਬਾਣੀ ਪੜ੍ਹ ਕੇ ਆਉਂਦਾ ਹੈ, ਕਿਸੇ ਨੂੰ ਕੋਈ ਔਖਾ ਵੇਲਾ ਆ ਗਿਆ ਉਸ ਦੇ ਵਿਸ਼ਵਾਸ਼ ਵਿਚ ਆ ਕੇ ਅਰਦਾਸ ਕਰ ਦਿਤੀ ਉਸ ਵੇਲੇ ਆ ਜਾਂਦਾ ਹੈ ਲੇਕਿਨ ਸਦਾ ਵਿਸ਼ਵਾਸ਼ ਨਹੀਂ ਰਹਿੰਦਾ ਜੇ ਸਦਾ ਵਿਸ਼ਵਾਸ਼ ਰਹੇ ਤਾਂ ਪ੍ਰਮੇਸ਼ਰ ਦੀ ਹਾਜ਼ਰੀ ਅੰਦਰ ਬਣੀ ਰਹਿੰਦੀ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ - ੬੭੭*

ਜਿਹੜਾ ਹਰ ਸੁਆਸ ਨੂੰ ਸੰਭਾਲਦਾ ਹੈ। ਬਾਹਰ ਸੁਆਸ ਜਾਂਦਾ ਹੈ ਤਾਂ ਪ੍ਰਮੇਸ਼ਰ ਮੋੜਦਾ ਹੈ ਉਸਨੂੰ ਅੰਦਰ ਨੂੰ ਕਿਉਂਕਿ ਸਮਾਂ ਨਹੀਂ ਅਜੇ ਹੋਇਆ ਸੁਆਸ ਬਾਹਰ ਜਾਣ ਦਾ, ਜਿਸ ਦਿਨ ਸਮਾਂ ਹੋ ਜਾਣਾ ਹੈ ਉਸ ਦਿਨ ਵਾਪਸ ਸੁਆਸ ਨੇ ਦੇਹ ਵਿਚ ਨਹੀਂ ਆਉਣਾ, ਭਾਵੇਂ ਡਾਕਟਰ ਯਤਨ ਕਰ ਲੈਣ, ਕੋਈ ਯਤਨ ਕਰ ਲਓ ਜਦੋਂ ਤੱਕ ਪ੍ਰਮੇਸ਼ਰ -

*ਜਿਸ ਕਾ ਸਾਸੁ ਨ ਕਾਢਤ ਆਪਿ ॥*
*ਤਾ ਕਉ ਰਾਖਤ ਦੇ ਕਰਿ ਹਾਥ ॥ ਅੰਗ - ੨੮੬*

ਸੋ ਐਡਾ ਸਾਡਾ ਨਿਕਟ ਦਾ ਸਬੰਧ ਹੈ ਵਾਹਿਗੁਰੂ ਜੀ ਨਾਲ, ਹਰ ਵਕਤ ਉਹ ਸਾਡੀ ਸੰਭਾਲ ਕਰਦਾ ਹੈ, ਹਰ ਵਕਤ ਸਾਡੇ ਉਤੇ ਨਿਗ੍ਹਾ ਰੱਖਦਾ ਹੈ ਪਰ ਸਾਡੀ ਨਿਗ੍ਹਾ ਜਿਹੜੀ ਹੈ ਉਹ ਉਸ ਦੇ ਵੱਲ ਨੂੰ ਨਹੀਂ ਜਾਂਦੀ, ਦੁਨੀਆਂ ਵਲ ਨੂੰ ਜਾਂਦੀ ਹੈ। ਇਹੀ ਸਾਡਾ ਫਰਕ ਹੈ ਜਿਸ ਦੇ ਕਾਰਨ ਅਸੀਂ ਵਾਹਿਗੁਰੂ ਨੂੰ ਭੁੱਲੇ ਰਹਿੰਦੇ ਹਾਂ। ਸੋ ਇਸ ਦੇ ਵਿਚ ਭਗਤੀ ਕਰਨ ਦੇ ਨਾਲ, ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ ਜਿਹੋ ਜਿਹੀ ਕਿਸੇ ਨੂੰ ਮੁਆਫਕ ਹੈ ਉਹੋ ਜਿਹੀ ਕਰੀ ਜਾਂਦੀ ਹੈ ਵੈਸੇ ਨੌਵੇਂ ਤਰ੍ਹਾਂ ਦੀਆਂ ਭਗਤੀਆਂ ਕਰਨੀਆਂ ਜ਼ਰੂਰੀ ਨੇ। ਇਨ੍ਹਾਂ ਦਾ ਫਲ ਕੀ ਹੁੰਦਾ ਹੈ 'ਪ੍ਰੇਮਾ ਭਗਤੀ'। ਜਦੋਂ ਪ੍ਰੇਮਾ ਭਗਤੀ ਆ ਗਈ ਓਸ ਵੇਲੇ ਅਪਰਾ ਭਗਤੀ ਆ ਜਾਇਆ ਕਰਦੀ ਹੈ, ਆਪਣਾ ਆਪ ਮਿਟ ਜਾਂਦਾ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ - ੧੩੭੫*

ਆਪਾ ਮਿਟਣ ਦੇ ਨਾਲ ਫੇਰ ਓਸ ਸਰੀਰ ਵਿਚ ਫੇਰ ਵਾਹਿਗੁਰੂ ਕੰਮ ਕਰਦਾ ਹੈ ਦਿਸਦਾ ਹੈ ਨਹੀਂ। ਕਰਦਾ ਤਾਂ ਹੁਣ ਵੀ ਹੈ ਸਾਰੇ ਸਰੀਰਾਂ ਵਿਚ ਪਰ ਅਸੀਂ ਮੈਂ ਕਹਿੰਦੇ ਹਾਂ ਕਿ ਮੈਂ ਕਰਦਾ ਹਾਂ ਉਹ ਮਿਟੇ ਹੋਏ ਹੁੰਦੇ ਨੇ ਸੋ ਉਥੇ ਪ੍ਰਤੱਖ ਰੂਪ ਵਿਚ ਕਰਿਆ ਕਰਦਾ ਹੈ।

ਸੋ ਏਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਹਨ ਕਿ ਐਸੇ ਜੋ ਭਗਤ ਹਨ ਉਨ੍ਹਾਂ ਦੀ ਰਾਖੀ ਵਾਹਿਗੁਰੂ ਰੱਖਦਾ ਹੈ ਵਿਸ਼ਵਾਸ਼ ਵਿਚ ਆਓ, ਉਨ੍ਹਾਂ ਦੇ ਕੰਮ ਉਹ ਆਪ ਕਰਦਾ ਹੈ, ਰਿੱਧੀਆਂ-ਸਿੱਧੀਆਂ, ਲੋੜਾਂ ਉਨ੍ਹਾਂ ਦੀਆਂ ਉਹ ਆਪ ਹੀ ਪੂਰੀਆਂ ਕਰਦਾ ਹੈ। ਸੋ ਉਨ੍ਹਾਂ ਦੀ ਮਹਿਮਾ ਏਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਵਰਣਨ ਕੀਤੀ ਹੈ ਜੋ ਸਾਨੂੰ ਸਮਝਣੀ ਚਾਹੀਦੀ ਹੈ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ‘ਮਨ ਮੇਰੇ ਤਿਨ ਕੀ ਓਟ ਲੇਹਿ.........।

*ਪ੍ਰਭਜੋਤ ਕੌਰ*

ਇਹ ਸੰਸਾਰ ਬੜਾ ਵਿਧੀ ਪੂਰਵਕ ਤਰੀਕੇ ਨਾਲ ਚਲ ਰਿਹਾ ਹੈ। ਇਨਸਾਨ ਤਾਂ ਬੇਨਿਯਮੀਕਰ ਸਕੇ ਹਨ ਪਰ ਪ੍ਰਕਿਰਤੀ ਵਿਚ ਐਸਾ ਨਹੀਂ ਹੁੰਦਾ। ਅੱਗ ਦਾ ਸੁਭਾਅ ਕਦੇ ਠੰਢ ਨਹੀਂ ਦਿੰਦਾ। ਜਲ ਦਾ ਸੁਭਾਅ ਕਦੇ ਸ਼ੀਤਲਤਾ ਤੋਂ ਅਲੱਗ ਨਹੀਂ ਹੁੰਦਾ। ਮੌਸਮ ਆਪਣੇ ਕਾਇਦੇ ਅਨੁਸਾਰ ਚਲਦੇ ਨੇ। ਪਰ ਹਾਂ ਇਹ ਇਨਸਾਨ ਇਸ ਦੀ ਕੁਝ ਐਸੀ ਹਾਲਤ ਹੈ ਕਿ ਇਹ ਨਿਯਮ ਵਿਚ ਚਲਣਾ ਪਸੰਦ ਨਹੀਂ ਕਰਦਾ। ਬਹੁਤ ਸੀਮਤ ਸੋਚ ਹੈ ਮਨੁੱਖ ਦੀ। ਉਹ ਆਹ ਬਾਹਰਲੀਆਂ ਚੀਜ਼ਾਂ ਦੀ ਖੋਜ ’ਚ ਸਾਰੀ ਉਮਰ ਲਾ ਦਿੰਦਾ ਹੈ ਪਰ ਕਦੇ ਆਪਣੇ ਅੰਦਰ ਵਲ ਨੂੰ ਜਾਣ ਦਾ ਖਿਆਲ ਨਹੀਂ ਕਰਦਾ। ਇਹ ਸੰਸਾਰ ਐਨਾ ਮਨਮੋਹਣਾ ਲਗਦਾ ਹੈ, ਹਕੀਕਤ ਹੀ ਨਜ਼ਰ ਆਉਂਦਾ ਹੈ। ਇਥੋਂ ਕੋਈ ਵੀ ਜਾਣਾ ਨਹੀਂ ਚਾਹੁੰਦਾ। ਸਾਡਾ ਜੀਵਨ ਕੋਈ ਐਵੇਂ ਨਹੀਂ ਚਲ ਰਿਹਾ। ਥੋੜ੍ਹਾ ਗਹੁ ਨਾਲ ਇਸਨੂੰ ਤੱਕੋ। ਸੁਆਸ ਦੀ ਖੇਲ ਹਵਾ ਦੇ ਆਸਰੇ ਚਲ ਰਹੀ ਹੈ। ਗੁਰਬਾਣੀ ਅੰਦਰ ਸਾਹਿਬ ਫੁਰਮਾਨ ਦਿੰਦੇ ਹਨ ਕਿ ਸਾਢੇ ਤ੍ਰੈ (ਤਿੰਨ) ਹੱਥ ਦੀ ਦੇਹ ਅੰਨ ਪਾਣੀ ਦੇ ਆਸਰੇ ਚਲ ਰਹੀ ਹੈ। ਕਿੰਨੇ ਕੁ ਆਸਰੇ ਲੈ ਕੇ ਅਸੀਂ ਇਕ ਸੁਆਸ ਜਿੰਨੀ ਜ਼ਿੰਦਗੀ ਜੀਅ ਰਹੇ ਹਾਂ। ਇਨਸਾਨ ਕੋਲ ਆਪਣਾ ਕੀ ਹੈ? ਬੜਾ ਗੰਭੀਰ ਸਵਾਲ ਉਠ ਖੜ੍ਹਦਾ ਹੈ, ਜਦੋਂ ਅਸੀਂ ਇਹ ਸੋਚਦੇ ਹਾਂ ਕਿ ਇਸ ਸੰਸਾਰ ’ਚ ਆਪਣਾ ਕੀ ਹੈ। ਆਤਮਾ ਹੈ, ਉਹ ਵਾਹਿਗੁਰੂ ਜੀ ਦੀ ਅੰਸ ਹੈ, ਸਰੀਰ ਹੈ, ਉਹ ਵਾਹਿਗੁਰੂ ਜੀ ਦਾ ਦਿੱਤਾ ਹੈ। ਪਤਾ ਨਹੀਂ, ਕਦੋਂ ਵਾਪਸ ਲੈ ਲਏ। ਸੁਆਸ ਵੀ ਉਹਦੇ ਹਨ, ਆਰੋਗਤਾ ਵੀ ਉਹਦੀ ਕ੍ਰਿਪਾ ਹੈ। ਸਾਡੀਆਂ ਲੋੜਾਂ ਦੀ ਪੂਰਤੀ ਲਈ ਵਾਹਿਗੁਰੂ ਜੀ ਨੇ ਪਹਿਲਾਂ ਤੋਂ, ਯਾਨੀ ਸਾਡੇ ਜਨਮ ਤੋਂ ਪਹਿਲਾਂ ਸਾਰਾ ਕੁਝ ਭੇਜ ਦਿਤਾ ਪਰ ਕਮਾਲ ਦੀ ਬਾਤ ਹੈ, ਜਿਹਨੇ ਇਹ ਜੀਉ ਦਿਤਾ, ਸਰੀਰ ਦਿਤਾ, ਸਾਰੇ ਸੁਖ ਦਿਤੇ, ਸਭ ਲੋੜਾਂ ਦੀ ਪੂਰਤੀ ਦੇ ਸਾਧਨ ਬਖਸ਼ੇ ਉਸਦਾ ਚੇਤਾ ਫਿਰ ਨਹੀਂ ਆਉਂਦਾ। ਮੈਂ ਸੱਚ ਆਖਾਂ ਉਸ ਨੇ ਸਾਨੂੰ ਸਭ ਕੁਝ ਦਿਤਾ ਪਰ ਇਕ ਚੀਜ਼ ਉਹਨੇ ਆਪਣੇ ਕੋਲ ਰੱਖ ਲਈ, ਉਹ ਉਸ ਦੀ ਯਾਦ, ਉਸਦਾ ਪਿਆਰ, ਉਸਦਾ ਚੇਤਾ, ਇਹ ਦਾਤ ਉਹਨੇ ਹਰ ਇਕ ਨੂੰ ਨਹੀਂ ਬਖਸ਼ੀ। ਇਹ ਕਰੋੜਾਂ ਪੁਰਖਾਂ ’ਚੋਂ ਕਿਸੇ ਇਕ ਅੱਧੇ ਨੂੰ ਬਖਸ਼ੀ, ਕਿਸੇ ਉਹ ਪਿਆਰੇ ਨੂੰ ਬਖਸ਼ੀ, ਜੋ ਦਿਨ-ਰਾਤ ਉਹਦੇ ਪਿਆਰ ’ਚ ਸਹਿਕਿਆ, ਵਿਲਕਾ ਰਿਹਾ, ਜੋਦੜੀਆਂ, ਅਰਜੋਈਆਂ ਕਰਦਾ ਰਿਹਾ, ਕੋਈ ਸਾਹ ਉਸਦੇ ਨਾਮ ਤੋਂ ਬਿਨਾਂ ਨਾ ਗਿਆ। ਵਾਹਿਗੁਰੂ ਜੀ ਨੇ ਐਸੇ ਪਿਆਰੇ ਨੂੰ ਆਪਣੀ ਯਾਦ ਬਖਸ਼ੀ ਇਕੱਲੀ ਯਾਦ ਹੀ ਨਹੀਂ ਬਖਸ਼ੀ, ਉਸ ਦੇ ਹਿਰਦੇ ’ਚ ਪ੍ਰਗਟ ਹੋ ਗਏ। ਹਰਿ-ਹਰਿਜਨ ’ਚ ਕੋਈ ਫਰਕ ਨਹੀਂ ਰਿਹਾ।

ਪੰਚਮ ਪਾਤਸ਼ਾਹ ਮਹਾਰਾਜ ਜੀ ਗੁਰਬਾਣੀ ਅੰਦਰ ਹੁਕਮ ਦੇ ਰਹੇ ਹਨ। ‘ਮਨ ਮੇਰੇ ਤਿਨ ਕੀ ਓਟ ਲੇਹਿ।” ਆਸਰਾ ਤਾਂ ਹਰ ਇਕ ਨੂੰ ਚਾਹੀਦਾ ਹੈ। ਜਦੋਂ ਇਸ ਇਨਸਾਨ ਦਾ ਜਨਮ ਹੁੰਦਾ ਹੈ। ਇਹ ਆਪਣੇ ਆਪ ਹਿੱਲ ਵੀ ਨਹੀਂ ਸਕਦਾ। ਪੂਰੀ ਤਰ੍ਹਾਂ ਆਪਣੀ ਮਾਤਾ ਤੇ ਨਿਰਭਰ ਹੁੰਦਾ ਹੈ। ਬਾਲ ਅਵਸਥਾ ਵਿਚ ਵੀ ਇਸਨੂੰ ਆਸਰੇ ਚਾਹੀਦੇ ਹਨ। ਜੀਉਣ ਲਈ ਹਰ ਮਨੁੱਖ ਨੂੰ ਆਸਰੇ ਦੀ ਲੋੜ ਹੁੰਦੀ ਹੈ। ਬੱਸ ਫਰਕ ਐਨਾ ਹੈ, ਜਦੋਂ ਬੱਚਾ ਸੀ ਆਸਰੇ ਕੁਝ ਹੋਰ ਤਰ੍ਹਾਂ ਦੇ ਸਨ, ਲੋੜਾਂ ਸੀਮਤ ਸਨ। ਪਰ ਜਿਉਂ-ਜਿਉਂ ਵੱਡਾ ਹੁੰਦਾ ਗਿਆ, ਆਸਰਿਆਂ ਵਿਚ ਤਬਦੀਲੀ ਨਜ਼ਰ ਆਈ। ਬਜ਼ੁਰਗ ਹੋਇਆ, ਫਿਰ ਤੋਂ ਬਚਪਨ ਵਾਂਗ ਦੂਸਰਿਆਂ ਦੇ ਆਸਰੇ ਤੇ ਨਿਰਭਰ ਹੋ ਗਿਆ। ਆਸਰੇ ਤੋਂ ਬਿਨਾਂ ਇਹ ਜੀਵਨ ਮੁਮਕਿਨ ਨਹੀਂ ਹੈ ਪਰ ਇਹ ਵੀ ਸੱਚ ਹੈ ਜੇ ਆਸਰਾ ਚੰਗਾ ਨਾ ਹੋਵੇ ਤਾਂ ਆਦਮੀ ਕਦੇ ਵੀ ਡਿੱਗ ਸਕਦਾ ਹੈ। ਜੇ ਆਸਰਾ ਅਡੋਲ ਨਾ ਹੋਵੇ, ਤੁਸੀਂ ਕਦੇ ਵੀ ਡੋਲ ਸਕਦੇ ਹੋ। ਜੇ ਆਸਰਾ ਸਥਿਰ ਨਹੀਂ, ਤਾਂ ਉਹ ਕਿਸੇ ਨੂੰ ਕੀ ਸਥਿਰਤਾ ਪ੍ਰਦਾਨ ਕਰੇਗਾ। ਤਦੇ ਤਾਂ ਪੰਜਵੇਂ ਪਾਤਸ਼ਾਹ ਸ੍ਰੀ ਸੁਖਮਨੀ ਸਾਹਿਬ ਅੰਦਰ ਫੁਰਮਾਉਂਦੇ ਹਨ ਐ ਮੇਰੇ ਮਨ, ਤੂੰ ਆਸਰਾ ਲੈ, ਤੂੰ ਵੀ ਓਟ ਲੈ, ਪਰ ਉਨ੍ਹਾਂ ਦੀ ਓਟ ਲੈ ਜਿਨ੍ਹਾਂ ਨੇ ਪ੍ਰਭੂ ਦੀ ਪਛਾਣ ਕੀਤੀ ਹੈ। ਨਾਮ ਦੀ ਓਟ, ਨਾਮ ’ਚ ਰੰਗੇ ਗੁਰਮੁਖਾਂ ਦੀ ਓਟ ਤੋਂ ਵੱਡੀ ਓਟ ਕੋਈ ਨਹੀਂ ਹੈ। ਦੁਨੀਆਂ ਜੋ ਆਸਰੇ ਦਿੰਦੀ ਹੈ, ਉਹ ਕੇਵਲ ਬਾਹਰੀ ਹੁੰਦੇ ਹਨ। ਉਹ ਸਾਨੂੰ ਬਲਵਾਨ ਨਹੀਂ ਬਣਾ ਸਕਦੇ। ਪਰ ਜੋ ਆਸਰਾ ਗੁਰਮੁਖ ਬਖਸ਼ਦਾ ਹੈ। ਉਹ ਆਤਮਾ ਨੂੰ ਬਲਵਾਨ ਕਰਦਾ ਹੈ। ਆਦਮੀ ਅੰਦਰੋਂ ਉੱਚਾ ਉਠਦਾ ਹੈ, ਉਪਰ ਵਲ ਨੂੰ ਵਧਦਾ ਹੈ, ਚੜ੍ਹਦੀ ਕਲਾ ਵਲ ਜਾਂਦਾ ਹੈ। ਗੁਰਬਾਣੀ ਦਾ ਕੋਈ ਵੀ ਅੰਗ ਐਸਾ ਨਹੀਂ ਜਿਸ ਦੀ ਵਾਰਤਾ ਕਰਕੇ ਸਮਝਿਆ ਜਾ ਸਕੇ। ਗੁਰਬਾਣੀ ਸਾਰੀ ਪ੍ਰੈਕਟੀਕਲ ਜੀਵਨ ਦੱਸ ਰਹੀ ਹੈ। ਜਿਉਂ-ਜਿਉਂ ਆਦਮੀ ਇਸ ਦੇ ਅਨੁਸਾਰ ਜੀਵਨ ਢਾਲਣ ਦੀ ਕੋਸ਼ਿਸ਼ ਕਰਦਾ ਹੈ ਤਿਉਂ-ਤਿਉਂ ਇਹ ਹੋਰ ਗਹਿਰੀ ਹੁੰਦੀ ਚਲੀ ਜਾਂਦੀ ਹੈ। ਰਹੋ ਵੀਚਾਰ, ਓਟ ਦੇ ਉਪਰ ਆਪਾਂ ਕੁਝ ਸ਼ਬਦ ਸਾਂਝੇ ਕਰ ਰਹੇ

ਸੀ। ਹੁਣ ਤਾਂ ਕਲਜੁਗ ਦੀ ਐਸੀ ਮਾਰ ਪੈ ਰਹੀ ਹੈ ਕਿ ਆਮ ਜਨਤਾ ਸਾਧੂ-ਸੰਤਾਂ ਤੋਂ ਗੁਰੇਜ ਕਰਨ ਲਗ ਪਈ ਹੈ। ਹਰ ਪਾਸੇ ਹੀ ਗਿਰਾਵਟ ਆ ਰਹੀ ਹੈ, ਪਰ ਕਰਨੀ ਕਮਾਈ ਵਾਲੇ ਮਹਾਂਪੁਰਖ ਹਮੇਸ਼ਾਂ ਹੀ ਸੰਸਾਰ ਤੇ ਮੌਜੂਦ ਰਹਿੰਦੇ ਹਨ। ਮੈਂ ਆਪਣੇ ਪਿਆਰੇ ਪਿਤਾ ਜੀ ਦੀ ਹੀ ਬਾਤ ਆਪ ਜੀ ਨਾਲ ਸਾਂਝੀ ਕਰੂੰਗੀ। ਆਪ ਜੀ ਦੇ ਪਵਿੱਤਰ ਸਰੀਰ ਹੁੰਦਿਆਂ, ਮੈਂ ਦੇਖਿਆ ਕਿ ਪ੍ਰੇਮੀਆਂ ਨੂੰ ਐਨਾ ਵਿਸ਼ਵਾਸ਼ ਸੀ, ਛੋਟੀ ਤੋਂ ਛੋਟੀ ਬਾਤ, ਵੱਡੀ ਤੋਂ ਵੱਡੀ ਬਾਤ ਆਪ ਜੀ ਤੋਂ ਪੁੱਛ ਕੇ ਕਰਨੀ। ਆਪ ਜੀ ਦਾ ਢੰਗ ਨਿਰਾਲਾ ਹੀ ਸੀ। ਉਞ ਤਾਂ ਹਰ ਗੁਰਸਿੱਖ, ਹਰ ਇਨਸਾਨ ਗੁਰੂ ਦੀ ਰਖਦਾ ਹੈ, ਪਰ ਗੁਰੂ ਮਹਾਰਾਜ ਜੀ ਦੇ ਉਪਰ ਵਿਸ਼ਵਾਸ਼ ਬਹੁਤ ਘਾਲਣਾ ਤੋਂ ਬਾਅਦ ਉਘੜਦਾ ਹੈ। ਖੰਡਾਂ ਬ੍ਰਹਿਮੰਡਾਂ ਦੇ ਮਾਲਕ ਜੋ ਹੋਏ ਤੇ ਇਨਸਾਨੀ ਬੁੱਧੀ ਬਹੁਤ ਛੋਟੀ ਹੈ। ਇਹ ਵਿਸ਼ਵਾਸ਼ ਬਹੁਤ ਦੇਰ ਬਾਅਦ ਬਣਦਾ ਹੈ, ਪਏ ਅਸੀਂ ਜਿੰਨੇ ਮਰਜ਼ੀ ਮੱਥੇ ਟੇਕੀ ਜਾਈਏ, ਪਰ ਉਹ ਯਕੀਨ, ਪ੍ਰਤੀਤ ਇਹ ਇਕ ਦਮ ਨਹੀਂ ਹੁੰਦਾ। ਪਰ ਮਹਾਂਪੁਰਖਾਂ ਦੀ ਖਿੱਚ ਇਸ ਸਬੰਧ 'ਚ ਬੜੀ ਲਾਭਕਾਰੀ ਸਿੱਧ ਹੁੰਦੀ ਹੈ। ਉਹ ਦੇਖ ਲੈਂਦੇ ਨੇ ਕਿ ਕਿਸ ਜੀਵ ਦੀ ਵਾਰੀ ਆਈ ਹੋਈ ਹੈ। ਆਪਣੀ ਰਹਿਮਤ ਜਿਸ ਤੇ ਕਰ ਦੇਣ, ਉਸਨੂੰ ਨਿਸ਼ਚਾ ਬਖਸ਼ ਦਿੰਦੇ ਹਨ। ਸੋ ਸਾਰੀ ਸੰਗਤ ਹੀ ਆਪ ਜੀ ਦੇ ਉਪਰ ਬਹੁਤ ਨਿਸ਼ਚਾ ਰੱਖ ਕੇ ਚਲਦੀ ਸੀ।

ਪਿਆਰ ਅਨੇਕਾਂ ਰੂਪਾਂ ਅੰਦਰ ਫੈਲ ਜਾਂਦਾ ਹੈ ਅਤੇ ਆਪ ਜੀ ਦਾ ਐਸਾ ਸੁਭਾਅ ਸੀ, ਤ੍ਰਿਕਾਲਦਰਸ਼ੀ ਸਨ, ਸਾਰਾ ਕੁਝ ਜਾਣਦੇ ਹੁੰਦੇ। ਮੈਂ ਕਿਸੇ ਹੋਰ ਦੀ ਬਾਤ ਆਪ ਜੀ ਨਾਲ ਸਾਂਝੀ ਨਹੀਂ ਕਰਾਂਗੀ ਕਿਉਂਕਿ ਕਈ ਦਫਾ ਅਨੇਕਾਂ ਖਿਆਲ ਉਠ ਖੜ੍ਹਦੇ ਹਨ। ਆਪ ਬੀਤੀ ਹੀ ਲਿਖਾਂਗੀ। ਸਾਡੇ ਕਿਸੇ ਦੂਰ ਦੇ ਰਿਸ਼ਤੇਦਾਰ ਦੀ ਸ਼ਾਦੀ ਸੀ। ਬੜਾ ਉਸ ਨੇ ਕਿਹਾ ਕਿ ਤੁਸੀਂ ਜ਼ਰੂਰ ਆਉਣਾ। ਸਾਡਾ ਵੀ ਸੁਭਾਅ ਸੀ ਕਿ ਕਿਤੇ ਜਾਣਾ ਤਾਂ ਪਿਤਾ ਜੀ ਤੋਂ ਆਗਿਆ ਲਏ ਬਗੈਰ, ਨਹੀਂ ਸੀ ਜਾਂਦੇ ਹੁੰਦੇ। ਜੇ ਆਪ ਜੀ ਨੇ ਹੁਕਮ ਕਰਨਾ ਤਾਂ ਜਾਣਾ, ਖੈਰ ਉਹ ਪ੍ਰੇਮੀ ਨੇ ਬੜੇ ਪਿਆਰ ਨਾਲ ਮਜ਼ਬੂਰ ਕਰ ਦਿਤਾ, ਅਸੀਂ ਚਲੇ ਗਏ। ਐਸੀ ਮਾਇਆ ਪਈ ਕਿ ਕਿਸੇ ਨੂੰ ਚੇਤਾ ਹੀ ਨਾ ਰਿਹਾ ਕਿ ਪਿਤਾ ਜੀ ਤੋਂ ਆਗਿਆ ਨਹੀਂ ਲਈ। ਸ਼ਾਦੀ ਹੋ ਗਈ। ਰਾਤ ਨੂੰ ਅਸੀਂ ਗੱਡੀ 'ਚ ਵਾਪਸ ਘਰ ਨੂੰ ਪਰਤ ਰਹੇ ਸੀ ਤਾਂ ਰਸਤੇ ਵਿਚ ਐਸਾ ਹੋਇਆ ਕਿ ਗੱਡੀ ਉਲਟ ਗਈ। ਥੋੜ੍ਹੀ ਬਹੁਤ ਸੱਟ ਲੱਗੀ, ਪਰ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਬਚਾਅ ਹੋ ਗਿਆ। ਘਰ ਪਹੁੰਚ ਗਏ। ਪਛਤਾਵਾ ਜਿਹਾ ਹੋ ਰਿਹਾ ਸੀ ਸਭ ਦੇ ਮਨ ਅੰਦਰ ਸਮਝ ਆ ਨਹੀਂ ਸੀ ਰਹੀ ਕਿ ਕੀ ਗਲਤ ਹੋਇਆ। ਥੱਕੇ ਹਾਰੇ ਸੀ, ਘਰ ਪਰਤ ਕੇ ਆਰਾਮ ਕਰਨ ਲੱਗੇ। ਅਗਲਾ ਦਿਨ ਐਤਵਾਰ ਸੀ। ਸੰਤ ਮਹਾਰਾਜ ਜੀ ਦਾ ਕੋਠੀ ਦੀਵਾਨ ਸੀ। ਮੇਰੀ ਉਮਰ ਉਦੋਂ ਕਰੀਬ ਦੱਸ ਕੁ ਸਾਲ ਦੀ ਹੋਣੀ ਹੈ। ਦੀਵਾਨ ਲਾ ਕੇ ਆਪ ਜੀ ਕੋਠੀ ਹੀ ਬਾਹਰ ਕੁਰਸੀ ਤੇ ਸੁਭਾਇਮਾਨ ਸਨ। ਨੇਤਰ ਬੰਦ ਕਰਕੇ ਬੈਠੇ ਸਨ। ਜਦ ਮੈਂ ਜਾ ਕੇ ਨਮਸਕਾਰ ਕੀਤੀ, ਇਕ ਦਮ ਨੇਤਰ ਖੋਲ੍ਹ ਲਏ। ਬੜੇ ਜਲਾਲ 'ਚ ਆ ਕੇ ਕਹਿਣ ਲੱਗੇ, ਕਲ ਫਿਰ ਕਿੰਨੇ ਕੁ ਦੁਖ ਸਹਿਣੇ ਪਏ। ਮੇਰੇ ਉਹ ਬਚਨ ਅੱਜ ਤੱਕ ਕੰਨਾਂ ਵਿਚ ਗੂੰਜ ਰਹੇ ਹਨ। ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਮੈਂ ਕੰਬ ਰਹੀ ਸੀ। ਅੰਦਰਲੇ ਪਸ਼ਚਾਤਾਪ ਨੂੰ ਆਪਣੀ ਵਜ੍ਹਾ ਮਿਲ ਗਈ ਸੀ। ਫਿਰ ਆਪ ਜੀ ਨੇ ਫੁਰਮਾਇਆ ਕਿ ਬੇਟਾ, ਐ ਨਹੀਂ ਕਰੀਦਾ। ਮੇਰਾ ਤਾਂ ਕੁਦਰਤੀ ਧਿਆਨ ਚਲਿਆ ਗਿਆ। ਆਸ ਪਾਸ ਬੈਠੀ ਸੰਗਤ ਦੇ ਸ਼ਾਇਦ ਕੁਝ ਸਮਝ ਲਗਾ ਕਿ ਨਹੀਂ, ਪਰ ਮੈਨੂੰ ਆਪਣੇ ਗੁਨਾਹ ਦਾ ਥਹੁ ਜ਼ਰੂਰ ਲਗ ਗਿਆ। ਮਨ ਹੀ ਮਨ ਅਰਦਾਸ ਕੀਤੀ। ਮੈਂ ਬਹੁਤ ਕੁਝ ਸੁਣਦੀ ਸੀ ਕਿ ਗੁਰੂ ਆਪਣੇ ਸਿੱਖ ਦੀ ਰਾਖੀ ਕਰਦਾ ਹੈ, ਸੁਆਸ-ਸੁਆਸ ਸੰਭਾਲਦਾ ਹੈ, ਪਰ ਐਂ ਰਾਖੀ ਕਰਦਾ ਹੈ, ਐਂ ਸੰਭਾਲਦਾ ਹੈ, ਇਸ ਦੀ ਸ਼ਾਇਦ ਮੈਨੂੰ ਸਾਰ ਨਹੀਂ ਸੀ। ਲੇਕਿਨ ਉਸ ਦਿਨ ਤੋਂ ਬਾਅਦ, ਬਹੁਤ ਵੱਡਾ ਸਬਕ ਮਿਲਿਆ ਕਿ ਸੰਸਾਰ ਦੀ ਓਟ ਬਹੁਤ ਛੋਟੀ ਹੈ। ਤਦੇ ਸ਼ਾਇਦ ਗੁਰੂ ਦਸਵੇਂ ਪਾਤਸ਼ਾਹ ਮਹਾਰਹਾਜ ਜੀ ਨੇ ਸਿੱਖਾਂ ਨੂੰ ਬਚਨ ਕੀਤੇ ਕਿ ਮੇਰਾ ਸਿੱਖ ਸਿਰਫ ਅਕਾਲ ਪੁਰਖ ਦੀ ਓਟ ਲਏਗਾ।

ਫਿਰ ਸਾਲ-ਦਰ-ਸਾਲ ਗੁਜਰਦੇ ਗਏ। ਸੰਨ 2001 ਜਿਸ ਦਿਨ ਆਪ ਜੀ ਨੇ ਸਰੀਰ ਤਿਆਗਿਆ, ਉਹ ਵਕਤ ਉਹ ਸਮਾਂ ਬਹੁਤ ਦੁਖਦਾਈ ਸੀ, ਕਿਉਂਕਿ ਆਪ ਜੀ ਜਾਣਦੇ ਹੋ ਪਿਆਰ ਵਾਲੇ ਹੋ ਤੇ ਬੇਹੱਦ ਤੋਂ ਅੱਗੇ ਗੁਜਰ ਜਾਂਦੇ ਹਨ। ਬਹੁਤ ਔਖਾ ਵਕਤ ਸੀ, ਕਿੱਦਾਂ ਗੁਜਰੀ, ਕੀ ਗੁਰਜਰੀ, ਉਹ ਘੜੀ ਹਰ ਪ੍ਰੇਮੀ ਦੇ ਜੀਵਨ 'ਚ ਟਿਕ ਗਈ। ਆਪ ਜੀ ਦੇ ਚਰਨਾਂ 'ਚ ਗੁਜਰੇ ਐਨੇ ਪਲ, ਐਨੇ ਸਾਲ ਇਕ ਪਾਸੇ ਹੋ ਗਏ ਤੇ ਉਹ ਇਕ ਘੜੀ ਸਭ ਤੇ ਐਨੀ ਭਾਰੂ ਹੋ ਨਿਬੜੀ ਕਿ ਕਦੇ ਕਿਸੇ ਨੂੰ ਵਿਸਰਦੀ ਪ੍ਰਤੀਤ ਨਹੀਂ ਹੁੰਦੀ। ਉਸ ਦੇ ਦਰਦ 'ਚੋਂ ਕੋਈ ਬਾਹਰ ਆ ਵੀ ਨਹੀਂ ਸਕਦਾ। ਸਭ ਕੁਝ ਡੋਲਦਾ ਪ੍ਰਤੀਤ ਹੋਇਆ। ਲਗਦਾ ਸੀ ਸਭ ਟੁੱਟ ਚੁੱਕਿਆ ਹੈ, ਸਭ ਬਿਖਰ ਗਿਆ। ਪਰ ਐਨੇ ਔਖੇ ਪਲਾਂ 'ਚ ਵੀ ਆਪ ਜੀ ਨੇ ਡਿੱਗਣ ਨਹੀਂ

(ਬਾਕੀ ਪੰਨਾ 56 ਤੇ)

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ ਜਨਵਰੀ ਅੰਕ, ਪੰਨਾ- 52 )*

ਗੁਰੂ ਜੀ ਬੋਲੇ, ਭਾਈ ਸੋਮਾ, ਸੋਚ ਲੈ। ਕੱਚੇ ਵਿਰਾਗ ਵਿਚ ਆ ਕੇ ਧਨ ਧਾਮ ਦੇ ਬਹੀਦਾ ਹੈ ਪਰ ਮਗਰੋਂ ਪੱਛੋਤਾਈਦਾ ਹੈ, ਉਸ ਵਾਲੋਂ ਨਾ ਤਿਆਗ ਚੰਗੇਰਾ ਹੈ। ਜੇ ਸਚਮੁੱਚ ਸਾਂਈ ਨਾਮ ਅਮੋਲ ਹੋ ਭਾਸਿਆ ਹਈ ਤੇ ਜੀਵਨ ਸੁਖ ਲੈਣ ਨਾਲੋਂ ਸੁਖ ਦੇਣ ਵਿਚ ਵਧੇਰੇ ਮੁਬਾਰਕ ਹੋ ਦਿਸਿਆ ਹਈ ਤਾਂ ਭਾਈ ਜੁਗਤ ਨਾਲ, ਅਕਲ ਨਾਲ ਤਿਆਗ ਦੇਹ। ਕੁਛ ਟੱਬਰ ਕਬੀਲੇ ਦਾ ਬਾਨਣੂੰ ਬੰਨ੍ਹ ਦੇਹ, ਬਾਕੀ ਸਹਜੇ ਸਹਜੇ ਲੋੜ ਮੂਜਬ ਦੁਖ ਹਰਨੇ ਤੇ ਖਰਚ ਕਰੀ ਜਾਹ। ਇਸ ਤਰ੍ਹਾਂ ਤੇਰਾ ਦਾਨ ਪਰਵਾਨ ਦਾਨ ਹੋਵੇਗਾ। ਹਾਂ ਆਪ ਵੱਡਾ ਬਣ ਕੇ, ਦਾਨੀ ਤੇ ਸੁਖੀ ਦਾਤਾ ਆਪ ਨੂੰ ਮਿਥ ਕੇ ਦਾਨ ਨਾ ਕਰ। ਪਰਮੇਸੁਰ ਦਾ ਦਿੱਤਾ ਜਾਣ ਕੇ ਪਰਮੇਸ਼ਰ ਦੇ ਨਾਮ ਤੇ ਲੁਟਾਈ ਜਾਹ, ਮਹਾਰਾਜ ਨੂੰ ਅਰਪਣ ਕਰ, ਮਹਾਰਾਜ ਦੀ ਦਿੱਤੀ ਹੋਈ। ਤੂੰ ਦਾਤਾ ਬਣ ਕੇ ਜਗਤ ਮੰਗਤਾ ਜਾਣ ਕੇ ਹਉਂ ਵਿਚ ਦਾਨ ਨਾ ਕਰ। ਬੁੱਧੂ ਸਦੀਂਦੇ ਸੋਮੇ ਨੂੰ ਇਹ ਦਾਨ ਦੀ ਅਕਲ ਕਹੋ, ਚਤੁਰਤਾ ਕਹੋ ਹੋਰ ਪ੍ਰਾਪਤ ਹੋ ਗਈ। ਸਿੱਖ ਨੇ ਸਤਿ ਬਚਨ ਕੀਤਾ ਤੇ ਸੁਹਣੇ ਰਸਤੇ ਪੈ ਕੇ ਜਗਤ ਦੁਖ ਹਰਨੇ ਨਮਿਤ ਸਾਈਂ ਦੇ ਨਾਮ ਤੇ ਲੱਗਾ ਖਰਚ ਕਰਨ। ਗੁਰੂ ਜੀ ਹੁਣ ਉਸਨੂੰ ਸੱਚੇ ਪ੍ਰੇਮ ਵਿਚ, ਸੁੱਚੇ ਨਾਮ ਅਭਿਆਸ ਵਿਚ ਤੇ ਸੁਰਤ ਦੇ ਤਿਆਗ ਵਿਚ ਪਰਪੱਕ ਦੇਖ ਕੇ ਅੱਗੇ ਨੂੰ ਟੁਰ ਗਏ। ਨਗਰ ਦੇ ਲੋਕੀਂ ਅੱਗੇ ਹੀ ਉਸਨੂੰ ਸਿੱਧਾ ਤੇ ਕਦੇ ਬੁੱਧੂ ਕਿਹਾ ਕਰਦੇ ਸੀ, ਸੁਣ ਵਧੇਰੇ ਆਖਣ ਲੱਗ ਪਏ, ਡਿੱਠਾ ਜੇ। ਸਾਧਾਂ ਨੂੰ ਘਰ ਲੈ ਗਿਆ ਸੀ, ਘਰ ਹੀ ਲੁਟਾ ਬੈਠਾ ਹੈ। ਟੱਬਰ ਬੀ ਮਾੜਾ ਆਖੇ ਸੁ। ਭਾਵੇਂ ਉਸ ਨੇ ਸਭ ਦੇ ਪੱਕੇ ਪ੍ਰਬੰਧ ਕਰਕੇ ਵਾਧੂ ਮਾਇਆ ਲੁਟਾਉਣੀ ਆਰੰਭੀ ਸੀ ਤਾਂ ਬੀ ਸਾਰੇ ਨਾ-ਖੁਸ਼ ਹੋਏ। ਪਰ ਉਸ ਦੀ ਪੱਕ ਗਈ ਸੁਰਤ ਨਾ ਡੋਲੀ ਸਗੋਂ ਹੋਰ ਤਰ੍ਹਾਂ ਅੰਤਰਮੁਖ ਹੁੰਦੀ ਗਈ। ਉਹ ਟੱਬਰ ਵਿਚੋਂ ਕੇਵਲ ਪ੍ਰਸਾਦਿ ਪਾ ਲਿਆ ਕਰੇ ਤੇ ਬਾਕੀ ਸਮਾਂ ਨਾਮ ਸਿਮਰਨ ਤੇ ਨੇਕੀ ਕਰਨ ਤੇ ਲਾਇਆ ਕਰੇ। ਜਦ ਸਾਰਾ ਵਾਧੂ ਧਨ ਮੁੱਕ ਗਿਆ ਤਾਂ ਪਰਉਪਕਾਰ ਤੋਂ ਬੀ ਵਿਹਲਾ ਹੋ ਗਿਆ। ਭਾਣਾ ਐਸਾ ਵਰਤਿਆ ਕਿ ਕੁਛ ਮਹੀਨੇ ਮਗਰੋਂ ਉਸ ਦੇ ਬੱਚੇ ਤੇ ਇਸਤ੍ਰੀ ਇਕ-ਇਕ ਕਰਕੇ ਕਾਲ-ਵੱਸ ਹੋ ਗਏ। ਰਹਿ ਗਿਆ ਇਕੱਲਾ ਬੋਟ, ਜੋ ਕਿ ਅਵਸਥਾ ਜਗਤ ਲਈ ਪਰਮ ਦੁਖਦਾਈ ਹੁੰਦੀ ਹੈ, ਪਰ ਉਸ ਨੇ ਜਾਤਾ ਕਿ ਸਾਂਈ ਨੇ ਹੁਣ ਸ਼ਾਇਦ ਮੈਨੂੰ ਸਾਰਾ ਆਪਣਾ ਕਰ ਲਿਆ ਹੈ। ਜੋ ਪਦਾਰਥ ਬਾਕੀ ਟੱਬਰ ਨਮਿੱਤ ਦਿਤਾ ਸੀ ਉਹ ਬੀ ਉਸ ਨੇ ਪਰਉਪਕਾਰ ਤੇ ਲਾ ਲਿਆ ਤੇ ਚਾਰ ਟਕੇ ਹੀ ਮਜੂਰੀ ਦੇ ਲੈਣੇ। ਆਖਣਾ ਭਾਈ ਚਾਰ ਟਕੇ ਲੈਣੇ ਹਨ ਤਾਂ ਮਜੂਰੀ ਕਰਨੀ ਹੈ, ਚਾਰ ਘੜੀਆਂ ਦਾ ਮੁੱਲ ਇਹ ਹੈ, ਚਾਹੇ ਤੂੰ ਚਾਰ ਪਹਿਰ ਕਰਾ ਲੈ, ਮੇਰੀ ਮਜੂਰੀ ਚਾਰ ਟਕੇ ਤੋਂ ਵੱਧ ਨਹੀਂ, ਪਰ ਇਹ ਸ਼ਰਤ ਜ਼ਰੂਰੀ ਹੈ ਕਿ ਇਕ ਘੜੀ ਬੈਠ ਕੇ ਮੈਨੂੰ ਪਰਮੇਸ਼ਰ ਜੀ ਦਾ ਜਸ ਸੁਣਾਇਆ ਕਰ, ਜੇ ਤੈਨੂੰ ਨਹੀਂ ਆਂਵਦਾ ਤਾਂ ਮੇਰੇ ਪਾਸੋਂ ਸੁਣਿਆ ਕਰ। ਇਹ ਅਨੋਖੀ ਮਜੂਰੀ ਟੁਰ ਪਈ। ਭਲਾ ਚਾਰ ਟਕੇ ਨੂੰ ਦਿਆਨਤਦਾਰ ਮਜੂਰ ਕਿੱਥੋਂ ਲੱਭ ਸਕਦਾ ਸੀ। ਇਸ ਬਹਾਨੇ ਸੋਮਾ ਸਿਖ ਆਪਣੇ ਸਤਿਸੰਗ ਦੀ ਪਾਹ ਲੋਕਾਂ ਨੂੰ ਲਾਉਣ ਲਗ ਪਿਆ। ਆਮ ਲੋਕੀ ਉਸ ਨੂੰ ਹਰਿ ਜਸ ਕੀਹ ਸੁਨਾਉਣ ਉਸੇ ਨੂੰ ਹੀ ਸੁਣਾਉਣਾ ਪਵੇ। ਉਹ ਸਮਝੇ ਕਿ ਮੇਰੇ ਜਨਮ ਦਾ ਪ੍ਰਯੋਜਨ ਸਿਰੇ ਚੜ੍ਹਦਾ ਹੈ। ਮੈਨੂੰ ਮਜੂਰੀ ਕਰਦਿਆਂ ਬੀ ਹਰਿ ਗੁਣ ਗਾਉਣ ਦਾ ਸਮਾਂ ਲੱਭਦਾ ਹੈ ਤੇ ਜੋ ਮੈਥੋਂ ਸੁਣਦੇ ਹਨ ਉਨ੍ਹਾਂ ਦੀ ਮਾਇਕ ਨੀਂਦ ਖੁਲ੍ਹਦੀ ਹੈ ਤੇ ਅੱਗਾ ਸੌਰਦਾ ਹੈ। ਚਾਰ ਟਕੇ ਲਿਆ ਕੇ ਆਟਾ ਖਰੀਦੇ, ਰੋਟੀ ਪਕਾਵੇ ਤੇ ਉਹ ਬੀ ਵੰਡ ਕੇ ਛਕੇ। ਇਕ ਦਿਨ ਕਿਸੇ ਰਾਜੇ ਦੇ ਵਗਾਰੀ ਮਜੂਰਾਂ ਵਿਚ ਉਸ ਨੂੰ ਮੱਲੋ ਮੱਲੀ ਫੜ ਕੇ ਲੈ ਗਏ, ਜਾਂ ਟਿਕਾਣੇ ਪੁੱਜੇ, ਮਜੂਰੀ ਮਿਲੀ ਤਾਂ ਉਸ ਨੇ ਚਾਰ ਟਕੇ ਲੈ ਲੀਤੇ ਤੇ ਬਾਕੀ ਮੋੜ ਦਿਤੇ। ਵਗਾਰ ਪਾਉਣ ਵਾਲੇ ਉਮਰਾ ਨੇ ਕਿਹਾ ਕਿਉਂ ਭਾਈ ਗੁੱਸੇ ਹੈਂ, ਹੋਰ ਪੈਸੇ ਚਾਹੀਦੇ ਹੈ ਨੀ? ਤਾਂ ਉਸ ਨੇ ਕਿਹਾ ਮੇਰਾ ਨੇਮ ਹੈ ਕਿ ਮੈਂ ਇਸ ਤੋਂ ਵੱਧ ਮਜੂਰੀ ਨਹੀਂ ਲਿਆ ਕਰਦਾ, ਮੈਨੂੰ ਵੱਧ ਦੀ ਲੋੜ ਨਹੀਂ, ਚਾਹੇ ਮੈਂ ਚਾਰ ਘੜੀ ਮਜੂਰੀ ਕਰਾਂ ਚਾਹੇ ਚਾਰ ਪਹਰ। ਪਰ ਮੇਰੀ ਇਹ ਸ਼ਰਤ ਹੁੰਦੀ ਹੈ ਕਿ ਮੈਥੋਂ ਕੰਮ ਲੈਣ ਵਾਲਾ ਇਕ ਘੜੀ ਪਰਮੇਸ਼ਰ ਦਾ ਜਸ ਜਾਂ ਸੁਣਾਵੇ ਜਾਂ ਸੁਣੇ ਮੈਥੋਂ। ਸੋ ਅੱਜ ਇਹ ਗੱਲ ਨਹੀਂ ਪੁੱਗੀ, ਕਿਉਂ ਜੋ ਆਪ ਨੇ ਮਜੂਰ ਤੋਂ ਮਜੂਰੀ ਦਾ ਕੰਮ ਨਹੀਂ ਲਿਆ ਵਗਾਰ ਪਾਈ ਹੈ, ਜੋ ਡਾਢੇ ਦੀ ਕਾਰ ਹੈ, ਤੇ ਜਿਸ ਅੱਗੇ ਹੁਤ ਨਹੀਂ। ਪਰਮੇਸ਼ੁਰ ਤੇਰਾ ਭਲਾ ਕਰੇ। ਉਮਰਾਉ ਸੁਣ ਕੇ ਹੈਰਾਨ ਰਹਿ ਗਿਆ। ਆਖਣ ਲੱਗਾ, ਤੂੰ ਤਾਂ ਕੋਈ ਖੁਦਾ ਦਾ ਫਕੀਰ ਹੈਂ, ਮੇਰੀ ਖਤਾ ਮਾਫ ਕਰ, ਮੇਰੇ ਜਮਾਂਦਾਰ ਨੇ ਭੁੱਲ ਕੀਤੀ ਕਿ ਤੇਰੇ ਜੈਸੇ ਨੇਕ ਬੰਦੇ ਨੂੰ ਵਗਾਰ ਪਾਈ। ਸੋਮੇ ਨੇ ਕਿਹਾ, ਭਾਈ ਮੈਂ ਤਾਂ ਮਜੂਰੀ ਕਰਨੀ ਸੀ ਚਾਹੋ ਵਗਾਰ ਦੀ ਚਾਹੋ ਖੁਸ਼ੀ ਦੀ ਸੋ ਹੋ ਗਈ, ਇਸ ਦਾ ਰੋਸ ਨਹੀਂ, ਪਰ ਸਤਿਸੰਗ ਦੀ ਘੜੀ ਨਹੀਂ ਲੱਭੀ। ਜੇ ਤੈਨੂੰ ਮੇਰੀ ਫਕੀਰੀ ਤੇ ਤਰਸ ਆਇਆ ਹੈ ਤੇ ਮੇਰੀ ਵਗਾਰ ਖਤਾ ਸਮਝੀ ਹਈ ਤਾਂ ਮੈਂ ਖਤਾ ਮਾਫ ਕੀਤੀ ਪਰ ਤਾਂ ਜੇ ਇਕ ਘੜੀ ਮੇਰੇ ਨਾਲ ਸਤਿਸੰਗ ਕਰ ਲਵੇਂ ਤਾਂ।

ਇਹ ਅਚਰਜ ਕਿਸਮ ਦੀ ਮੰਗ ਵੇਖ ਕੇ ਅਮੀਰ ਹੈਰਾਨ ਹੋਇਆ ਤੇ ਆਖਣ ਲੱਗਾ, ਅੱਛਾ ਸਾਂਈਂ ਲੋਕ ਨਾਲੇ ਦੋ ਦੋ ਨਾਲੇ ਚੋਪੜੀਆਂ ਕਰ, ਕਰ ਮਿਹਰ ਤੇ ਸੁਣਾ ਅੱਲਾ ਤਾਲਾ ਦੀ ਕੋਈ ਗੱਲਬਾਤ, ਚਾਹੇ ਗੁਨਹਗਾਰ ਹਾਂ ਪਰ ਅੱਲਾਹ ਤੇ ਯਕੀਨ ਤਾਂ ਹੈ ਹੀ ਨਾ। ਇਹ ਸੁਣ ਕੇ ਆਪ ਬੈਠ ਗਏ ਤੇ ਵਾਰਤਾਲਾਪ ਕੀਤੀ। ਜਿਸ ਦਾ ਫਲ ਇਹ ਹੋਇਆ ਕਿ ਅਮੀਰ ਦੇ ਦਿਲ ਤੇ ਨਾਮ ਦੀ ਮਹਿਮਾ ਬੈਠ ਗਈ ਤੇ ਉਹ ਲੱਗ ਪਿਆ ਰੱਬ ਦੀ ਪਿਆਰ ਭਰੀ ਯਾਦ ਵਿਚ। ਇਸ ਤਰ੍ਹਾਂ ਇਸ ਗੁਰੂ ਨਾਨਕ ਦੇਵ ਦੇ ਸਾਜੇ ਸਾਧੂ ਨੇ ਆਪਣੇ ਡੁੱਲ੍ਹਦੇ ਪਿਆਰ ਦੇ ਉਮਾਹ ਵਿਚ ਕਈ ਲੋਕ ਗਫਲਤ ਦੀ ਨੀਂਦ ਤੋਂ ਜਗਾ ਕੇ ਸਾਂਈ ਦੇ ਰਾਹ ਪਾਏ। ਅਨੇਕਾਂ ਦੇ ਐਬ ਛੁਡਵਾਏ।

ਇਕ ਵੇਰ ਇਨ੍ਹਾਂ ਦੇ ਨਗਰ ਉਹ ਆਦਮੀ ਆਇਆ ਜੋ ਉਥੋਂ ਦੀਆਂ ਭੋਆਂ ਦਾ ਮਾਮਲਾ ਕੱਠਾ ਕਰਕੇ ਸਰਕਾਰੇ ਪੁਚਾਯਾ ਕਰਦਾ ਸੀ। ਕੁਛ ਦਿਨ ਉਸਨੂੰ ਆਇਆਂ ਹੋਏ ਸਨ ਕਿ ਉਸਨੂੰ ਘਰੋਂ ਸੁਨੇਹਾ ਆਇਆ ਕਿ ਤੁਰੰਤ ਘਰ ਆਓ ਅਤਿ ਜ਼ਰੂਰੀ ਕੰਮ ਹੈ। ਘਰ ਓਥੋਂ ਚੌਦਾਂ ਪੰਦਰਾਂ ਕੋਹਾਂ ਤੇ ਹੈਸੀ ਇਸ ਲਈ ਬੁਚਕਾ ਚੁੱਕਾ ਕੇ ਨਾਲ ਲਿਜਾਣ ਦੀ ਲੋੜ ਸੀ ਆਦਮੀ ਦੀ, ਸੋ ਜ਼ਿੰਮੀਆਂ ਦੇ ਪੈਂਚ ਨੇ ਇਸ ਸਿੱਖ ਨੂੰ ਚਾਰ ਟਕੇ ਦੇਣੇ ਕਰਕੇ ਅਜਾਰੇਦਾਰ ਦੇ ਨਾਲ ਟੋਰਿਆ। ਰਾਹ ਵਿਚ ਸਿੱਖ ਨੇ ਕਿਹਾ, ਭਾਈ ਇਹ ਪਿਆ ਏ ਬੁਚਕਾ ਮੈਂ ਅੱਗੇ ਜਾਣੋਂ ਹੁਣ ਸੰਗਦਾ ਹਾਂ। ਅਜਾਰੇਦਾਰ ਨੇ ਕਿਹਾ ਨਾ ਭਾਈ ਤੂੰ ਮਜੂਰੀ ਹੋਰ ਲੈ ਲਈਂ ਤੇ ਤੁਰਿਆ ਚਲ। ਸਿੱਖ ਨੇ ਕਿਹਾ, ਭਾਈ! ਹੋਰ ਟਕੇ ਦੀ ਲੋੜ ਨਹੀਂ, ਪਰ ਅੱਗੇ ਮੈਂ ਤਾਂ ਚਲਦਾ ਹਾਂ ਜੇ ਤੂੰ ਰੱਬ ਜੀ ਦੀਆਂ ਗੱਲਾਂ ਕਰਦਾ ਚੱਲੇਂ ਜਾਂ ਸੁਣਦਾ ਚਲੇਂ। ਮੈਥੋਂ ਭੁੱਲ ਹੋਈ ਕਿ ਟੁਰਨ ਵੇਲੇ ਇਹ ਗੱਲ ਖਰੀ ਨਹੀਂ ਕੀਤੀ ਤੇ ਹੁਣ ਮੇਰਾ ਜੀ ਕਾਹਲਾ ਪੈਂਦਾ ਹੈ ਕਿ ਮੈਂ ਆਪਣਾ ਨੇਮ ਕਿਉਂ ਭੰਗ ਕੀਤਾ। ਅਜਾਰੇਦਾਰ ਨੇ ਖੁਸ਼ੀ ਨਾਲ ਗੱਲ ਮੰਨ ਲਈ ਤਾਂ ਸਾਂਈਂ ਗੁਣ ਗਾਉਂਦੇ ਘਰ ਅੱਪੜੇ। ਸੋਮਾ ਜੀ ਰਾਤ ਓਥੇ ਉਸ ਦੇ ਘਰ ਹੀ ਰਹੇ, ਅਗਲੇ ਦਿਨ ਜਦ ਟੁਰਨ ਲੱਗੇ ਤਾਂ ਸੋਮੇ ਨੇ ਕਿਹਾ ਭਾਈ ਇਕ ਗੱਲ ਵੱਖ ਹੋ ਕੇ ਸੁਣ ਲੈ, ਦੱਸ ਤੇਰੀ ਆਰਬਲਾ ਕਿੰਨੀ ਹੈ? ਉਸ ਨੇ ਆਖਿਆ ਸੱਠਾਂ ਬਰਸਾਂ ਦੀ।

ਸੋਮੇ ਨੇ ਕਿਹਾ, ਸੁਣ ਰੱਬ ਤੋਂ ਘੁੱਸ ਰਹੇ ਬੰਦੇ! ਤੂੰ ਸੱਠ ਬਰਸ ਨੇਕੀ ਦੇ ਕੰਮ ਨਹੀਂ ਕੀਤੇ, ਦੱਸ ਤੇਰੇ ਮਾੜੇ ਕੀਤੇ ਹੋਏ ਕਿੰਞ ਵਿੜ ਝਿੜ ਹੋਣ, ਤੂੰ ਜੋਗ ਤਪ ਨਹੀਂ ਕੀਤੇ ਜੋ ਤੇਰੇ ਮਾੜੇ ਕਰਮ ਜੋਗ-ਅਗਨੀ ਨਾਲ ਦਗਧ ਹੋਣ, ਤੂੰ ਗਿਆਨ ਧਿਆਨ ਨਹੀਂ ਕੀਤੇ ਜੋ ਤੇਰੇ ਕਰਮਾਂ ਦੇ ਬੀਜਾਂ ਵਾਲੇ ਦਾਣੇ ਭੁੱਜ ਜਾਣ, ਤੂੰ ਰੱਬ ਜੀ ਨੂੰ ਪਿਆਰ ਨਹੀਂ ਕੀਤਾ, ਨਾਮ ਨਹੀਂ ਜਪਿਆ, ਸਿਫਤ ਸਲਾਹ ਨਹੀਂ ਕੀਤੀ ਜੋ ਤੂੰ ਲੇਖਿਆਂ ਹਿਸਾਬਾਂ ਵਿਚੋਂ ਉੱਚਾ ਉਠ ਜਾਂਦਾ। ਕਰਮ ਕਰੀਦਾ ਆਪ ਹੈ ਪਰ ਉਹ ਆਪਣੇ ਤੇ ਹੀ ਬਲੀ ਹੋ ਖੜੋਂਦਾ ਹੈ। ਦੇਖ ਕਰਮ ਕਰ ਕਰਕੇ ਸੁਭਾਵ ਬਣਾਈਦਾ ਹੈ, ਉਹ ਸੁਭਾਵ ਜਿੱਤਣਾ ਕਠਨ ਹੋ ਜਾਂਦਾ ਹੈ। ਇਸੇ ਤਰ੍ਹਾਂ ਕਰਮਾਂ ਵਿਚ ਵਾਸ਼ਨਾ ਦੇ ਬੀਜ ਹੁੰਦੇ ਹਨ ਜੋ ਫੇਰ ਫੇਰ ਉਗਦੇ ਹਨ, ਓਹ ਸਾੜਨੇ ਕਠਨ ਹੋ ਜਾਂਦੇ ਹਨ।

ਅਜਾਰੇਦਾਰ ਨੇ ਕਿਹਾ, ਸੋਝੀ ਨਹੀਂ ਪਈ, ਹੁਣ ਜਾਚ ਦੱਸੇਂ ਤਾਂ ਅੱਗੇ ਤੋਂ ਸ਼ੁਭ ਕਰਮ ਕਰਾਂ, ਰੱਬ ਤੇਰਾ ਭਲਾ ਕਰੇ। ਤਦ ਸਿੱਖ ਨੇ ਕਿਹਾ ਭਾਈ! ਹੁਣ ਤੂੰ ਕਿਹੜੇ ਵੇਲੇ ਕਰਮ ਕਰਨੇ ਹੈਨ, ਜੀਵਨ ਤਾਂ ਤੇਰਾ ਅੱਠ ਦੱਸ ਦਿਨ ਦਾ ਬਾਕੀ ਹੈ। 60 ਬਰਸ ਦੇ ਕਰਮਾਂ ਨਾਲ ਹਫਤੇ ਅਸ਼ਰੇ ਦੇ ਕਰਮ ਕੀਕਣ ਭਿੜੀਵਣਗੇ? ਇਹ ਸੁਣ ਕੇ ਉਸ ਦਾ ਰੰਗ ਪੀਲਾ ਹੋ ਗਿਆ ਤਾਂ ਸਿੱਖ ਬੋਲਿਆ, ਭਾਈ, ਜੀਵ ਆਪਣੇ ਜੀਵਨ ਵਿਚ ਇਕ ਗੱਲ ਜਾਣਦਾ ਤਾਂ ਹੈ ਪਰ ਗਉਲਦਾ ਨਹੀਂ, ਉਹ ਹੈ ਮੌਤ। ਜੇ ਹਰ ਕੋਈ ਮੌਤ ਨੂੰ ਬਰਹੱਕ ਨਾ ਜਾਣੇ ਤਾਂ ਹੁਣ ਨਾਲੋਂ ਵਧੀਕ ਮਾੜੇ ਕਰਮ ਕਰੇ। ਇਹ ਮੌਤ ਦਾ ਅਨਗਉਲਿਆ ਭੌ ਦੁਨੀਆਂ ਦੇ ਆਚਰਣ ਤੇ ਅਸਰ ਰਖਦਾ ਹੈ, ਪਰ ਜੇ ਕੋਈ ਗਉਲ ਕੇ ਮੌਤ ਨੂੰ ਤੱਕੇ ਤਾਂ ਉਸ ਦਾ ਜੀਵਣ ਅਸਲੀ ਰੰਗ ਵਿਚ ਆ ਜਾਂਦਾ ਹੈ। ਤੂੰ ਹੁਣ ਜੀਵਨ ਦਾ ਅਸਲੀ ਮੁੱਲ ਵੇਖ ਲਿਆ ਹੈ ਜੋ ਤੈਨੂੰ ਮੌਤ ਸਾਮ੍ਹਣੇ ਦਿੱਸ ਪਈ ਹੈ। ਹੁਣ ਹੀ ਕੁਛ ਉਪਰਾਲਾ ਕਰ ਲੈ। ਹੁਣ ਵੇਲਾ ਕਰਮ ਨਾਲ ਬੱਧੇ ਹੋਏ ਦਾ ਕਰਮ ਨਾਲ ਛੁੱਟਣੇ ਦਾ ਨਹੀਂ, ਨਿਰਾ ਕਰਮਾਂ ਨਾਲ ਛੁੱਟ ਸਕਣਾ ਉਂਞ ਬੀ ਕਠਨ ਹੈ। ਨਾ ਹੁਣ ਤਪ ਹਠ ਜੋਗ ਦਾ ਸਮਾਂ ਹੈ। ਹੁਣ ਤਾਂ ਉਹ ਰਾਹ ਹੈ ਜੋ ਗੁਰੂ ਬਾਬੇ ਨਾਨਕ ਨੇ ਜਗਤ ਨੂੰ ਦਿੱਤਾ ਹੈ ਤੇ ਜਿਸ ਰਾਹੇ ਮੈਂ ਟੁਰ ਰਿਹਾ ਹਾਂ, ਸਭ ਤੋਂ ਸ੍ਰੇਸ਼ਟ ਹੈ ਹੀ ਉਹੋ ਰਾਹ। ਉਹ ਹੈ ਭਗਵੰਤ ਪਾਰਬ੍ਰਹਮ ਮਾਲਕ ਪਾਲਕ ਨੂੰ 'ਸੱਚ' ਸਮਝਣਾ ਤੇ ਉਸ ਦੇ ਨਾਮ ਦਾ ਆਰਾਧਨ ਕਰਨਾ ਤੇ ਉਸ ਵਲ ਮਨ ਜੋੜ ਪਿਆਰ ਦਾ ਰੁੱਖ ਬੰਨ੍ਹ ਬੰਨ੍ਹ ਯਾਦ ਕਰਨਾ। ਦੇਕ ਰਾਹ ਵਿਚ ਤੇ ਰਾਤ ਤੇਰੇ ਘਰ ਵਿਚ ਜੋ ਅਸਾਂ ਰੱਬ ਜੀ ਦੇ ਗੁਣ ਗਾਏ ਹਨ ਉਹ ਦਰ ਕਬੂਲ ਪੈਣੇ ਹਨ। ਪਰ ਉਹ ਮੈਂ ਜੋਰੀ ਜੋਰੀ ਤੇਰੇ ਸੁਆਸ ਸਫਲਾਏ ਹਨ। ਹੁਣ ਜੋ ਤੂੰ ਆਪਣੀ ਹੁੱਬ ਨਾਲ, ਰੱਬ ਦੇ ਭਉ ਤੇ ਭਾਉ ਨਾਲ ਉਸ ਦੇ ਗੁਣ ਗਾਉਣੇ ਹਨ ਤੇ ਪਿਆਰ ਨਾਲ ਯਾਦ ਕਰਨਾ ਹੈ ਏਹ ਤੇਰੇ ਆਤਮਾ ਨੂੰ ਉੱਚਾ ਲੈ ਜਾਣਗੇ, ਕਰਮ ਫਾਸ ਕਟੀਵੇਗੀ, ਮੇਰਾ ਗੁਰੂ ਤੇਰੀ ਸਹਾਇਤਾ ਕਰੇਗਾ। ਲਗ ਪਉ ਤੇ ਹੋਰ ਸੁਆਸ ਬਿਰਥਾ ਨਾ ਗੁਆਉ। ਤਾਂ ਅਜਾਰੇਦਾਰ ਰੋ ਪਿਆ, ਆਖਣ ਲੱਗਾ, ਵਿਜੋਗ ਪੈਂਦਾ ਹੁੰਦਾ ਸੀ ਮੋਹ ਮਾਇਆ ਦਾ ਕਿ ਕਿਵੇਂ ਇਹ ਬਣੀ ਰਹੇ ਤੇ ਵਧਦੀ ਰਹੇ, ਹੁਣ ਉਹ ਬੰਧਨ ਭਾਸਦੀ ਹੈ, ਕਿ ਕਿਸ ਜੀਵਨ ਪਿੱਛੇ ਛਲਵਲ ਕੀਤੇ ਤੇ ਮਾਇਆ ਜੋੜੀ! ਪਰ ਹੇ

ਆਪਣੇ ਗੁਰੂ ਦੇ ਪਿਆਰੇ ਸਿੱਖ ਸੱਤਾਂ ਅੱਠਾਂ ਦਿਨਾਂ ਦੇ ਮੇਰੇ ਸਾਂਈਂ ਸਿਮਰੇ ਨਾਲ ਕੀਹ ਬਣਸੀ, ਕਰਮ ਮੇਰੇ ਅਣਗਿਣਵੇਂ ਹਨ ਜੋ ਮਾੜੇ ਹਨ।

ਸਿੱਖ ਬੋਲਿਆ – ਦੇਖ ਬਈ! ਤੂੰ ਵੱਡਾ ਹੈਂ ਕਿ ਬਖਸ਼ਣਹਾਰ?

ਅਜਾਰੇਦਾਰ – ਕਰਤਾਰ ਬਖਸ਼ਣਹਾਰ।

ਸਿੱਖ ਬੋਲਿਆ – ਅਮਿਤ, ਅਨੰਦ, ਅਰ ਵਡਾ ਕਰਤਾਰ ਹੈ ਕਿ ਤੇਰੇ ਕਰਮ? ਤੂੰ 60 ਬਰਸ ਵਿਚ ਜੇ ਭਲਾ ਸੁਆਸ ਸੁਆਸ ਹੀ ਮਾੜੇ ਕੰਮ ਕੀਤੇ ਹੋਣ ਤਾਂ ਬੀ ਉਹ ਗਿਣਤੀ ਵਿਚ ਹੋਏ, ਭਾਵੇਂ ਬਹੁਤੇ ਬਣਨਗੇ ਪਰ ਅਣਗਿਣਤ ਨਹੀਂ ਹੋਣਗੇ। ਪਰ ਕਰਤਾਰ ਅਗਣਤ ਹੈ, ਉਸ ਦੀ ਮਿਹਰ ਅਗਣਤ ਹੈ। ਦੇਖ ਸਾਗਰ ਵੱਡਾ ਹੈ ਕਿ ਬੋਹਿਥਾ? ਤੂੰ ਆਪੇ ਕਹੇਂਗਾ ਕਿ ਸਾਗਰ। ਸੋਚ – ਰੱਬ ਸਾਗਰ ਹੈ, ਸਾਡੇ ਕਰਮਾਂ ਰੂਪੀ ਅਨੇਕ ਬੇੜੇ ਉਸ ਵਿਚ ਡੁੱਬ ਤਰ ਸਕਦੇ ਹਨ। ਇਹ ਗੱਲ ਤੂੰ ਕਿਉਂ ਨਹੀਂ ਸਮਝੀ, ਇਹ ਹੈ ਮੂਰਖਤਾ ਜਿਸ ਵਿਚ ਜਗਤ ਡੁੱਬਾ ਹੈ ਤੇ ਮੋਹ ਮਾਇਆ ਵਿਚ ਚਾਤੁਰ ਬਣਦਾ ਹੈ।

ਅਜਾਰੇਦਾਰ ਨੂੰ ਹੋਸ਼ ਆ ਗਈ, ਠੰਢਾ ਸਾਹ ਲੈ ਕੇ ਬੋਲਿਆ – ਸੱਚ ਕਿਹਾ ਨੇ ਪਰ ਡਰ ਲਗਦਾ ਹੈ ਕੀਤੀਆਂ ਤੋਂ।......ਕਾਸਨੂੰ ਕੀਤੇ ਜੇ ਰਹਿਣਾ ਨਹੀਂ ਸੀ ਸਦਾ।

ਸਿੱਖ – ਦੇਖ ਭਾਈ! ਇਹੋ ਭੁੱਲ ਹੈ ਜੋ ਸਭ ਨੂੰ ਵਿਆਪਦੀ ਹੈ। ਤੂੰ ਹੁਣ ਇਉਂ ਹਾਵਾ ਨਾ ਕਰ। ਹਾਵਾ ਕਰ ਅਰਦਾਸ ਰੂਪ ਵਿਚ, ਸਾਂਈ ਦੇ ਦਰ ਅਰਜ਼ੋਈਆਂ ਕਰ ਬਖਸ਼ੀਵਣ ਦੀਆਂ। ਗੁਣ ਗਾ ਬਖਸ਼ਣਹਾਰ ਦੇ, ਧੰਨ ਤੂੰ ਧੰਨ ਤੂੰ ਕਰਕੇ ਮਨ ਨੂੰ ਰੰਗ ਵਿਚ ਲਿਆ ਤੇ 'ਵਾਹਿਗੁਰੂ+ ਕਹਿ ਕੇ ਉਸ ਦਾਤੇ ਨੂੰ ਸੁਆਸ ਸੁਆਸ ਸਿਮਰ ਤੇ ਧਿਆਨ ਉਸ ਵਲ ਲਾ, ਇਉਂ ਜਿਤਨੇ ਸੁਆਸ ਬਾਕੀ ਹੈਨ ਸਫਲਾ ਲੈ! ਕਰਮ ਮਾਰਗ ਵਾਲੇ ਹਿਸਾਬ ਇਉਂ ਕਰਦੇ ਹਨ ਕਿ ਤੇਰੇ ਕਰਮ ਗਿਣੇ ਜਾਣਗੇ ਜੋ ਸਾਰੇ ਮਾੜੇ ਹਨ, ਹੁਣ ਦੀਆਂ ਚੰਗੀਆਂ ਘੜੀਆਂ ਦੇ ਬਦਲੇ, ਜੋ ਸਤਿਸੰਗ ਦੀਆਂ ਹਨ, ਥੋੜ੍ਹਾ ਚਿਰ ਬੈਕੁੰਠ ਮਿਲੇਗਾ, ਮਾੜਿਆਂ ਕਰਮਾਂ ਬਦਲੇ ਢੇਰ ਚਿਰ ਦੁਖ ਮਿਲਗਣੇ। ਸੋ ਉਸ ਹਿਸਾਬ ਤੂੰ ਪਹਿਲੇ ਧਰਮ ਰਾਜ ਤੋਂ ਬੈਕੁੰਠ ਮੰਗੀਂ ਤਾਂ ਜੋ ਓਥੇ ਗਿਆ ਮੁੜ ਨਾ ਪਰਤੀਵੇਂ, ਓਥੇ ਧਰਮਰਾਜ ਦਾ ਜ਼ੋਰ ਨਹੀਂ ਚਲਦਾ। ਪਰ ਜੇ ਹਿਸਾਬ ਬੇ ਹਿਸਾਬੀ ਦਾ ਮੇਰੇ ਗੁਰ ਨਾਨਕ ਨੇ, ਕਹੁ ਧੰਨ ਗੁਰ ਨਾਨਕ, ਧੰਨ ਗੁਰ ਨਾਨਕ ਨੇ ਦਿਤਾ ਹੈ ਉਹ ਹੈ ਸਿੱਧਾ ਸਾਂਈਂ ਦੀ ਸ਼ਰਨ ਪੈ ਜਾਣਾ। ਉਸ ਦੇ ਗੁਣ ਗਾਇਨ ਵਿਚ ਲਗ ਜਾਣਾ, ਉਸ ਦੇ ਨਾਮ ਵਿਚ ਪੈ ਜਾਣਾ, ਉਸ ਦੇ ਪਿਆਰ ਦਾ ਜਾਗ ਪੈਣਾ। ਇਹ ਹੈ ਉਸ ਦੀ ਸ਼ਰਨ ਲੈਣੀ, ਚੰਬੜਨਾ ਨਾਮ ਨੂੰ, ਨਾਮ ਨੂੰ ਚੰਬੜਨਾ ਨਾਮੀ ਨੂੰ ਚੰਬੜਨਾ ਹੈ, ਨਾਮੀ ਨਾਲ ਚੰਬੜੇ ਨੂੰ ਕਉਣ ਤੋੜੇ। ਕਰਮ ਆਪੇ ਪਰੇ ਰਹਿ ਜਾਂਦੇ ਹਨ ਤੇ ਦਗਧ ਹੁੰਦੇ ਹੈਨ – ਗੁਰੂ ਬਾਬੇ ਦਾ ਆਸਾ ਰਾਗ ਵਿਚ ਫੁਰਮਾਣ ਹੈ –

*ਲੋਕਾ ਮਤ ਕੋ ਫਕੜਿ ਪਾਇ॥*
*ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥*

ਇਕ ਰਤੀ ਭਰ ਅੱਗ ਨਾਲ ਕਾਠ ਦੇ ਸੈਂਕੜੇ ਢੇਰ ਸੜ ਜਾਂਦੇ ਹਨ ਜਿਵੇਂ, ਤਿਵੇਂ ਨਾਮ ਤੇ ਨਾਮੀ ਤੋਂ ਪ੍ਰਾਪਤ ਹੋਈ ਮਿਹਰ ਪਾਪਾਂ ਦੇ ਮੜ੍ਹੇ ਸਾੜ ਘੱਤਦੀ ਹੈ, ਫੇਰ ਸਾਂਈਂ ਨਾਮ ਨਾਲ ਚੰਬੜਿਆ ਸਾਂਈਂ ਨੂੰ ਚੰਬੜ ਹੀ ਗਿਆ ਸਮਝੋ। ਕਹੋ ਧੰਨ ਗੁਰੂ ਨਾਨਕ!

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*

ਅਜਾਰੇ ਦਾਰ ਤੇ ਭਉ ਪੈ ਗਿਆ ਸੀ, ਭਉ ਨੇ ਵੈਰਾਗ ਲਾ ਦਿਤਾ, ਰੁੱਖ ਤੇ ਰਾਗ (ਪ੍ਰੇਮ) ਲਗ ਗਿਆ ਸਾਂਈ ਨਾਲ, ਲਗ ਪਿਆ ਨਾਮ ਵਿਚ ਤ੍ਰਟ ਕੇ ਤਨੋਂ ਮਨੋਂ, ਇਉਂ ਸਿਮਰਨ ਵਿਚ ਡੁੱਬਾ, ਸੁਆਸ ਕਰ ਗਿਆ ਪੂਰੇ, ਸੱਤਵੇਂ ਅੱਠਵੇਂ ਦਿਨ ਚੱਲ ਬਸਿਆ। ਹਾਂ ਡੁੱਬਾ ਹੋਇਆ ਗਰੀਬ ਤਰ ਨਿਕਲਿਆ –

*ਜੇ ਕੋ ਡੂਬੈ ਫਿਰਿ ਹੋਵੈ ਸਾਰ॥*

ਫੁਰਮਾਣ ਹੈ – ਗੁਰ ਮਿਲਿ ਭਉ ਲੰਘੀਐ ਦਰਗਹ ਪਤਿ ਪਰਵਾਣੁ॥

*ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ॥*

ਸਾਧ ਸੰਗਤ ਜੀ, ਇਸ ਤਰ੍ਹਾਂ ਗੁਰ ਨਾਨਕ ਦੇ ਸਾਧੂ ਦੇ ਪ੍ਰੇਮ ਨਾਲ ਐਂਕਾਂ ਲੋਕ ਭੈ ਸਾਗਰ ਤੋਂ ਤਰੇ। ਭਾਈ! ਦੁਨੀਆਂ ਦੇ ਹਿਸਾਬ ਜੋ ਕਮ-ਅਕਲ ਸੀ, ਅਰਥਾਤ ਖਲ ਸੀ, ਮੂਰਖ ਸੀ, ਉਹ ਦੇਖੋ 'ਗੁਰ ਭੇਟਿ ਪੁਨੀਤਾ' ਨਾਲ ਇਲਾਹੀ ਅਕਲਾਂ ਵਿਚ ਕੀਕੂੰ ਦਾ ਚਤੁਰ ਹੋ ਗਿਆ। ਕਿਸ ਚਤੁਰਾਈ ਭਰੀ ਵਕੱਤ੍ਰਤਾ ਨਾਲ ਉਸ ਨੇ ਇਨ੍ਹਾਂ ਦੋ ਜੀਵਾਂ ਨੂੰ ਕਲਿਆਣ ਦੇ ਰਸਤੇ ਪਾਇਆ ਤੇ ਹੋਰ ਅਨੇਕਾਂ ਨੂੰ ਜਿਨ੍ਹਾਂ ਦੇ ਹਾਲ ਲਿਖੇ ਯਾ ਰਵਾਇਤੀ ਸਾਡੇ ਤੱਕ ਨਹੀਂ ਅੱਪੜੇ, ਸੰਵਾਰਿਆ ਹਾਂ, ਜੀਓ ਆਖੋ –

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*

ਸੰਤ ਕਿਹਾ ਕਰਦੇ ਸਨ ਕਿ ਸੋਮੇ ਨੂੰ ਗੁਰੂ ਜੀ ਨੇ ਫੇਰ ਕਰਤਾਰਪੁਰ ਸੱਦ ਲਿਆ ਤੇ ਭਾਈ ਸੋਮਾ ਨਾਮ ਇਸ ਨਾਮੀ ਤੇ ਪਰਉਪਕਾਰੀ ਨੂੰ ਬਖਸ਼ਿਆ, ਇਸ ਗੁਰਸਿੱਖ ਦਾ ਜੀਵਨ ਜਪਦਿਆਂ ਜਪਾਉਂਦਿਆਂ ਸਫਲ ਹੋਇਆ।

ਲਓ ਗੁਰੂ ਪਿਆਰਿਓ! ਹੁਣ ਗਾਵੋਂ ਪ੍ਰੇਮ ਨਾਲ ਮੇਰੇ ਨਾਲ ਇਹ ਤੁਕ – ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ। ਗੁਰੂ ਕੇ ਦਰੋਂ ਕੀਰਤਨ ਯਾ ਸਿਫਤ ਸਲਾਹ ਕਹੋ ਯਾ ਹਰੀ ਜਸ ਕਹੋ ਪ੍ਰਾਪਤ ਹੁੰਦਾ ਹੈ, ਦੂਜੀ ਸ਼ੈ ਨਾਮ

ਮਿਲਦਾ ਹੈ, ਦੋਹਾਂ ਦੇ ਅਮਲ ਨੂੰ ਕਹੀਦਾ ਹੈ ਭਗਤੀ। ਇਹ ਭਗਤੀ ਕਲਿਆਣ ਦਾਤੀ ਹੈ। ਇਸੇ ਨਾਲ ਸਾਡੀ ਬੁੱਧੀ ਨਿਰਮਲ ਹੋ ਕੇ ਆਤਮ ਵਿਸ਼ੈਣੀ ਹੋ ਜਾਂਦੀ ਹੈ। ਪਹਿਲੋਂ ਬੁੱਧੀ ਕੀੜੀ ਸਮਾਨ ਹੁੰਦੀ ਹੈ ਪਰ ਉਹੋ ਕੀੜੀ ਭਗਤੀ ਦੇ ਬਲ ਨਾਲ ਐਸੀ ਬਲਵਾਨ ਹੋ ਜਾਂਦੀ ਹੈ ਕਿ ਅਗਿਆਨ ਰੂਪੀ ਹਾਥੀ ਨੂੰ ਜਿੱਤ ਲੈਂਦੀ ਹੈ। ਹਾਂ ਜੀ – ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ। ਜਦ ਅਗਿਆਨ ਜਿੱਤ ਹੋ ਗਿਆ ਤਾਂ ਸਾਡੇ ਤੇ ਸਾਂਈ ਦੇ ਵਿਚਕਾਰ ਦਾ ਪੜਦਾ ਟੁੱਟ ਗਿਆ। ਇਹ ਪ੍ਰਤਾਪ ਹੈ ਸਾਧ ਸੰਗ ਦਾ। ਹੁਣ ਗੁਰੂ ਇਤਿਹਾਸ ਵਿਚ ਤੱਕੋ ਗੁਰੂ ਬਾਬੇ ਦੇ ਕੌਤਕ ਕਿ ਕਿਵੇਂ ਵਰਤੋਂ ਵਿਚ ਕੀਟੀ ਨੇ ਹਸਤੀ ਨੂੰ ਜਿੱਤ ਲਿਆ। ਗੁਰੂ ਨਾਨਕ ਦੇਵ ਜੀ ਆਸਾਮ ਦਾ ਦੌਰਾ ਕਰਦੇ ਜਦ ਹੇਠਾੜ ਨੂੰ ਗਏ ਤਾਂ ਆਪ ਦੇ ਸਤਿਸੰਗ ਵਿਚ ਇਕ ਗਰੀਬ ਬਾਢੀ ਆਇਆ। ਬਾਢੀ ਤਰਖਾਣ ਨੂੰ ਆਖਦੇ ਹਨ ਜੋ ਲੱਕੜੀ ਦੀ ਤੱਛ ਮੁੱਛ ਦਾ ਕੰਮ ਕਰਦਾ ਭਾਈ ਲਾਲੋ ਵਾਂਗੂੰ ਕਿਰਤੀ ਸੀ। ਇਹ 'ਗੁਰ ਭੇਟਿ ਪੁਨੀਤਾ' ਕਰਕੇ ਇਤਨਾ ਉੱਚਾ ਹੋ ਗਿਆ ਕਿ ਗੁਰੂ ਜੀ ਨੇ ਮੰਜੀ ਬਖਸ਼ੀ। ਉਸੇ ਦੇਸ਼ ਵਿਚ ਗੁਰੂ ਜੀ ਨੇ ਅਨੇਕਾਂ ਰਾਜੇ ਭਲੇ ਪਾਸੇ ਲਾਏ। ਛੋਟੇ ਛੋਟੇ 18 ਰਾਜੇ ਸਨ ਨਾਲ ਨਾਲ ਇਲਾਕਿਆਂ ਦੇ, ਸਭ ਵਿਚ ਸੁਲ੍ਹਾ ਸ਼ਾਂਤੀ ਵਰਤਾ ਕੇ ਗੁਰੂ ਬਾਬੇ ਨੇ ਸੁਧਰ ਸੈਣ ਰਾਜੇ ਨੂੰ ਰਾਜਿਆਂ ਦਾ ਮੁਖੀਆ ਥਾਪਿਆ। ਜਦੋਂ ਗੁਰੂ ਜੀ ਟੁਰਨੇਲੱਗੇ ਤਾਂ ਦੁਨੀਆਂ ਦੇ ਹਿਸਾਬ ਵਿਚ ਮਾਇਆ ਦੀ ਕਮੀ ਕਰਕੇ ਝੰਡਾ ਜੋ ਕੀੜੀ ਸਮਾਨ ਸੀ ਉਸ ਨੂੰ ਹਾਥੀ ਸਮਾਨ ਉੱਚਾ ਕਰ ਦਿਤਾ। ਆਪ ਨੇ ਉਸ ਵੇਲੇ ਸੁਧਰਸੈਣ ਰਾਜੇ ਨੂੰ ਫੁਰਮਾਇਆ – ਹੇ ਰਾਜਾ ਸੁਧਰਸੈਣ ਦੇਖੇਂ ਮਤ ਝੰਡੇ ਦੀ ਰੀਸ ਕਰਦਾ ਹੋਵੇਂ, ਮਤ ਕਦੇ ਰਾਜ ਤੇਜ ਵਿਚ ਆਇ ਜਾਵੈਂ, ਤੂੰ ਜਾਣ। ਤਾਂ ਰਾਜਾ ਸੁਧਰਸੈਣ ਹੱਥ ਜੋੜ ਖੜ੍ਹਾ ਹੋਇਆ ਅਤੇ ਆਖਿਓਸੁ – ਗੁਰੂ ਜੀ ਮੈਂ ਰਾਜ ਬੀ ਇਸ ਨੂੰ ਦੇਂਦਾ ਹਾਂ ਅਤੇ ਮੈਂ ਤੁਹਾਡੇ ਨਾਲ ਵਿਚਰਦਾ ਹਾਂ, ਐਸਾ ਵਕਤ ਮੈਨੂੰ ਕਦ ਹੱਥ ਆਂਵਦਾ ਹੈ। ਤਦ ਗੁਰੂ ਨਾਨਕ ਜੀ ਕਹਿਆ – ਸੁਣ ਰਾਜਾ ਸੁਧਰਸੈਣ ਅਸਾਂ ਇਥੇ ਜੋ ਝੰਡੇ ਬਾਢੀ ਨੂੰ ਬਹਾਇਆ ਹੈ ਸੋ ਮੰਜੀ ਅਸਾਂ ਦੀ ਹੈ ਅਤੇ ਤੈਨੂੰ ਜੋ ਇਕ ਛਤਰ ਰਾਜ ਦਿਤਾ ਹੈ ਸੋ ਰਾਜ ਬੀ ਅਸਾਡਾ ਹੈ, ਤੈਨੂੰ ਰਾਜ ਤੇ ਮੰਜੀ ਦੋਵੇਂ ਦਿੱਤੇ ਹੈਨ ਤੇ ਝੰਡਾ ਅਸਾਨੂੰ ਕਰ ਦੇਖਣਾ। ਸੋ ਦੇਖ ਲਓ, ਜਨਮ ਸਾਖੀ ਦੀ ਇਸ ਲਿਖਤ ਤੋਂ ਕਿ ਬਿਨਾਂ ਜੰਗ ਕੀਤੇ, ਬਿਨਾਂ ਨੀਤੀ ਵਰਤੇ 'ਗੁਰ ਭੇਟਿ ਪੁਨੀਤਾ' ਨਾਲ ਕੀਟੀ ਸਮਾਨ ਨੀਵੇਂ ਝੰਡੇ ਨੇ ਗੋਬਿੰਦ ਭਗਤੀ ਦੇ ਬਲ ਨਾਲ ਹਸਤੀ ਸਮਾਨ ਰਾਜਿਆਂ ਉਤੇ ਉਨ੍ਹਾਂ ਤੋਂ ਉਚੇਰਾ ਮਰਤਬਾ ਪਾ ਲਿਆ। ਇਸ ਝੰਡੇ ਦੀ, ਜੋ ਗੁਰੂ ਨਾਨਕ ਨੇ ਸਾਧੂ ਬਣਾਇਆ ਤੇ ਮੰਜੀ ਬਖਸ਼ੀ, ਸੰਗਤ ਨਾਲ ਅਨੇਕਾਂ ਜੀਵ ਤਰੇ। ਹਾਂ ਪਿਆਰਿਓ "ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ।"

ਹੁਣ ਲਓ ਵੀਚਾਰ ਅਗਲੀ ਤੁਕ ਦਾ। ਭਗਤੀ ਦੁਆਰਾ ਜੋ ਜੋ ਜੀਵ ਵਾਹਿਗੁਰੂ ਜੀ ਨੇ ਆਪਣੇ ਕਰ ਲਏ ਉਨ੍ਹਾਂ ਨੂੰ 'ਅਭੈ ਦਾਨੁ' ਦਿੱਤਾ। ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ। ਗੱਜ ਕੇ ਉਚਾਰੋ ਭਾਈਓ – ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ। ਗੁਰੂ ਜੀ ਸਾਡੀ ਆਸ ਬਨ੍ਹਾਉਂਦੇ ਹਨ ਕਿ ਜਿਸ ਜਿਸ ਨੂੰ ਉਹ ਆਪਣੇ ਕਰ ਲੈਂਦਾ ਹੈ ਉਸ ਉਸ ਨੂੰ ਅਭੈ ਪਦ ਦੇਂਦਾ ਹੈ। ਜੇ ਅੱਗੇ ਅਭੈ ਦਾਨ ਦੇਂਦਾ ਸੀ ਤਾਂ ਹੁਣ ਬੀ ਦਏਗਾ, ਸਿਦਕ ਤੇ ਅਮਲ ਲੋੜੀਏ। ਵੀਚਾਰ ਕਰੋ, ਗੁਰੂ ਜੀ ਨੇ ਵਾਹਿਗੁਰੂ ਜੀ ਨੂੰ 'ਨਿਰਭਉ' ਦੱਸਿਆ ਹੈ। ਫੇਰ ਉਸ ਦਾ ਜਪ ਸਿਖਲਾਇਆ ਤੇ ਗੁਰੂ ਪੰਚਮ ਜੀ ਨੇ ਦੱਸਿਆ ਹੈ ਕਿ ਨਿਰਭਉ ਜਪੈ ਸਗਲ ਭਉ ਮਿਟੈ। ਸੋ ਜੋ ਭਗਤੀ ਕਰਕੇ ਸਾਂਈ ਦੇ ਹੋ ਜਾਣਗੇ ਉਹ ਨਿਰਭਉ ਹੋ ਜਾਣਗੇ ਜਿਵੇਂ ਦੇਖੋ ਮਰਦਾਨਾ ਮਰਾਸੀ ਜੋ ਨਿੱਕੀ ਨਿੱਕੀ ਗੱਲ ਤੋਂ ਡਰ ਉਠਦਾ ਸੀ ਗੁਰੂ ਦੀ ਮਿਹਰ ਨਾਲ ਅਭੈ ਹੋ ਗਿਆ। ਬੂੜੇ (ਭਾਈ ਬੁੱਢੇ) ਨੂੰ ਜੋ ਜ਼ੁਲਮ ਵੇਖ ਕੇ ਮੌਤ ਤੋਂ ਡਰਿਆ ਸੀ ਮੌਤ ਦੇ ਭੈ ਤੋਂ ਪਾਰ ਕੀਤਾ। ਤਾਰੂ ਪੋਪਟ ਬੀ ਨਿੱਕੀਆਂ ਲਕੜਾਂ ਨੂੰ ਛੇਤੀ ਅੱਗ ਲਗਦੀ ਵੇਖ ਕੇ ਡਰਿਆ ਸੀ ਕਿ ਮਤਾਂ ਮੌਤ ਮੈਨੂੰ ਛੇਤੀ ਆ ਗ੍ਰਸੇ, ਇਸ ਡਰ ਕਰਕੇ ਕੀਰਤਨ ਸੁਣਨ ਆਇਆ ਕਰੇ ਗੁਰੂ ਕੇ ਸਤਿਸੰਗ ਵਿਚ, ਇਸਨੂੰ ਬੀ ਗੁਰੂ ਜੀ ਨੇ ਨਾਮ ਦਾਨ ਬਖਸ਼ ਕੇ ਅਭੈ ਦਾਨ ਦਿਤਾ। ਗਲ ਕੀ, ਹਰ ਸਿੱਖ ਜੋ ਸ਼ਰਨ ਆਇਆ, ਭਾਈ ਲਾਲੋ ਤੋਂ ਲੈ ਕੇ ਰਾਜੇ ਸ਼ਿਵਨਾਭ ਤਕ ਸਾਰੇ ਭਗਤੀ ਕਰਕੇ ਅਭੈ ਪਦ ਨੂੰ ਪ੍ਰਾਪਤ ਹੋਏ। ਸਾਧਸੰਗਤ ਜੀ! ਅਸੀਂ ਬੀ ਜੋ ਭਜਨ ਕਰਾਂਗੇ, ਗੁਰੂ ਕੀ ਸ਼ਰਣ ਲਵਾਂਗੇ, ਸਤਿਪੁਰਖ ਦਾ ਸਤਿਸੰਗ ਕਰਾਂਗੇ, ਤਾਂ 'ਅਭੈ ਪਦੁ ਦਾਨੁ ਸਿਮਰਨ ਸੁਣੀ ਕੋ ਪ੍ਰਭ ਨਾਨਕ ਬੰਧਨ ਛੋਰਿ' ਅਵਸਥਾ ਗੁਰੂ ਨਾਨਕ ਦੇਵ ਸਾਨੂੰ ਬਖਸ਼ੇਗਾ। ਤਾਂਤੇ ਆਓ ਪਿਆਰ ਨਾਲ ਗਾਂਵੀਏ –

***ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ।***

ਹੁਣ ਲਓ ਸਾਧ ਸੰਗਤਿ ਜੀ – ਸਿੰਘੁ ਬਿਲਾਈ ਕੀਕੂੰ 'ਹੋਇ ਗਇਓ'। ਸ਼ੇਰ ਬਿੱਲੀ ਕੀਕੂੰ ਹੋ ਗਿਆ? ਲਿਖਿਆ ਹੈ 'ਹੋਇ ਗਇਓ' – ਹੋ ਗਿਆ। ਜਿਵੇਂ ਵਿਅਕਰਣੀ ਆਖੇਗਾ ਪੁਲਿੰਗ ਕ੍ਰਿਆ ਹੈ।

ਸਿੰਘ ਅਰਥ ਹੈ ਸ਼ੇਰ, ਸ਼ੇਰ ਦਾ ਲੱਛਣਾ ਬ੍ਰਿਤੀ ਨਾਲ ਭਾਵ ਹੈ ਅਹੰਕਾਰ। ਜੈਸਾ ਕਿ ਵਾਕ ਹੈ ਜਬ ਲਗ ਸਿੰਘੁ ਰਹੈ ਬਨ ਮਾਹਿ॥ ਤਬ ਲਗ ਬਨੁ ਫੂਲੈ ਹੀ ਨਾਹਿ। ਜਦ ਤਕ ਹੰਕਾਰ ਹਿਰਦੇ ਵਿਚ ਹੈ ਤਦ ਤਕ ਦੈਵੀ ਸੰਪਦਾ ਦੇ ਗੁਣ ਕਰਕੇ ਰਿਦਾ ਪ੍ਰਫੁੱਲਤ ਨਹੀਂ ਹੁੰਦਾ। ਇਸੇ ਤਰ੍ਹਾਂ ਇਥੇ ਭਾਵ ਹੈ ਕਿ ਸਾਧੂ ਦੇ ਸੰਗ ਕਰਕੇ ਹੰਕਾਰ ਜੋ ਹਿਰਦੇ ਵਿਚ ਵਸਦਾ ਹੈ ਕਿਸੇ ਸ਼ੁਭ ਗੁਣ ਨੂੰ ਸਿਰੇ ਨਹੀਂ ਪਹੁੰਚਣ ਦੇਂਦਾ, ਉਹ ਬਿੱਲੀ ਸਮਾਨ ਨਿੰਮ੍ਰਤਾ ਵਿਚ ਪਲਟ ਜਾਂਦਾ ਹੈ। ਆਪ

ਕਹੋਗੇ ਸ਼ੇਰ ਕੱਟੇ ਮਾਰ ਕੇ ਖਾਂਦਾ ਹੈ ਬਿੱਲੀ ਚੂਹੇ ਮਾਰ ਖਾਂਦੀ ਹੈ ਫਰਕ ਕੀ ਹੋਇਆ? ਸੋ ਪਿਆਰਿਓ ਵੀਚਾਰ ਕਰੋ, ਪੰਚਮ ਗੁਰੂ ਜੀ ਇਥੇ ਆਮ ਬਿੱਲੀ ਦੇ ਲੱਛਣ ਲੈ ਕੇ ਵਰਣਨ ਨਹੀਂ ਕਰ ਰਹੇ, ਪਰ ਉਹ ਬਿੱਲੀ ਲੈ ਰਹੇ ਹਨ ਜਿਸ ਦੇ ਲੱਛਣ ਆਪ ਹੀ ਪੰਚਮ ਗੁਰੂ ਜੀ ਨੇ ਆਪਣੀ ਬਾਣੀ ਵਿਚ ਇਕ ਥਾਂ ਐਉਂ ਕੀਤੇ ਹਨ, 'ਦੀਸਤ ਮਾਸੁ ਨ ਖਾਇ ਬਿਲਾਈ।' ਮਹਾਰਾਜ ਦਸਦੇ ਹਨ ਕਿ ਜਦ 'ਕਰਣਹਾਰ ਪ੍ਰਭੁ ਹਿਰਦੇ ਵੂਠਾ' ਤਦ 'ਦੀਸਤ ਮਾਸੁ ਨ ਖਾਇ ਬਿਲਾਈ॥' ਅਰਥਾਤ ਉਹ ਬਿੱਲੀ ਜਿਸ ਦੇ ਹਿਰਦੇ ਕਰਣਹਾਰ ਵਸ ਗਿਆ ਹੈ ਉਹ ਹੁਣ ਆਪਣੇ ਕਰੂਰ ਸੁਭਾਵ ਤੋਂ ਰਹਿਤ ਹੋ ਗਈ। ਬਿੱਲੀ ਨੂੰ 'ਗੁਰਬਹ ਮਿਸਕੀਨ' ਗਰੀਬ ਬਿੱਲੀ ਬੀ ਆਖਦੇ ਹਨ, ਕਿਉਂ? ਜੋ ਬਾਹਰੋਂ ਉਸ ਦੀ ਮਿਸਕੀਨੀ ਪੂਰੀ ਹੁੰਦੀ ਹੈ ਪਰ ਜਦ ਉਸ ਦੀ ਬ੍ਰਿਤੀ ਵਿਚੋਂ ਕਰੂਰਤਾ ਦੂਰ ਹੋ ਗਈ ਤਾਂ ਉਹ ਸੱਚਮੁਚ ਮਿਸਕੀਨ ਹੋ ਗਈ, ਸੋ ਏਥੇ ਬਿੱਲੀ ਦਾ ਭਾਵ ਸੱਚਮੁੱਚ ਮਿਸਕੀਨੀ ਯਾ ਨਿੰਮ੍ਰਤਾ ਹੈ। ਭਾਵ ਇਹ ਹੈ ਜੀਓ ਕਿ ਸਾਧੂ ਦੇ ਸੰਗ ਦਾ ਇਹ ਅਸਰ ਹੁੰਦਾ ਹੈ ਕਿ ਹਿਰਦੇ ਦਾ ਹੰਕਾਰ ਨਿਮ੍ਰੰਤਾ ਵਿਚ ਪਲਟ ਜਾਂਦਾ ਹੈ। ਪਰ ਇਹ ਨਿੰਮ੍ਰਤਾ ਹੀਣ-ਪੁਣਾ, ਅਪਾਹਜ ਪੁਣਾ ਯਾ ਨਿਤਾਣ ਪੁਣਾ ਨਹੀਂ ਹੈ, ਇਉਂ ਹਉਂ ਹੰਕਾਰ ਦੇ ਅਭਾਵ ਮਗਰੋਂ ਸ਼ੁੱਧ ਆਪੇ ਦੇ ਆਪੇ ਵਿਚ ਇਸਥਿਤ ਹੋ ਜਾਣ ਦੀ ਸਮ ਅਵਸਥਾ ਹੈ। ਇਸ ਨਿੰਮ੍ਰਤਾ ਵਾਲੇ ਫੇਰ ਤ੍ਰਿਣ ਅਰਥਾਤ ਕਖ ਸਮਾਨ ਨਜ਼ਰ ਆਉਂਦੇ ਮੇਰੂ ਤੁੱਲ ਉਚੇ ਦਿਸ ਆਉਂਦੇ ਹਨ। ਹੁਣ ਜੇ ਇਤਿਹਾਸ ਵਿਚ ਨਜ਼ਰ ਮਾਰੋ ਤਾਂ ਕੌਡੇ ਰਾਖਸ਼ ਵਰਗੇ ਮਾਣਸ ਖਾਣੇ ਨਿਰਦਈ ਹਉਂ ਹੰਕਾਰ ਨਾਲ ਬਫਾਉਂਦੇ ਕਿਸ ਤਰ੍ਹਾਂ ਆਪਣੇ ਕਰੂਰ ਕਰਮ ਛੱਡ ਕੇ ਨਿੰਮਰੀਭੂਤ ਹੋ ਗਏ। ਸਾਖੀ ਸਭ ਨੂੰ ਪਤਾ ਹੈ। ਵਿਸਥਾਰ ਕਰਨੇ ਦਾ ਸਮਾਂ ਨਹੀਂ। ਕੌਡਾ ਐਉਂ ਸੀ ਜਿਵੇਂ -

***ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥***
***ਹੋਇ ਸਤਾਣਾ-ਘੁਰੈ ਨ ਮਾਵੈ ਸਾਹਿਬ ਗਇਐ ਪਛੁਤਾਇ॥***

ਇਸ ਤਰ੍ਹਾਂ ਦਾ ਸਤਾਣਾ ਸ਼ੇਰ ਕੌਡਾ ਕਿਸ ਤਰ੍ਹਾਂ ਨਿਮਰਤਾ ਵਿਚ ਆ ਗਿਆ। ਇਸੀ ਤਰ੍ਹਾਂ ਮਲਕ ਭਾਗੋ ਵਰਗਾ ਹੰਕਾਰੀ ਕੀਕੂੰ ਗੁਰੂ ਕੀ ਸ਼ਰਣ ਪੈ ਕੇ ਸੰਵਰ ਗਿਆ। ਇਸ ਪ੍ਰਕਾਰ ਇਕ ਨਹੀਂ ਅਨੇਕਾਂ ਹੰਕਾਰੀਆਂ ਨੂੰ ਗੁਰੂ ਜੀ ਨੇ ਆਪ ਤੇ ਗੁਰੂ ਕੇ ਸਾਜੇ ਨਿਵਾਜੇ ਸਾਧੂਆਂ ਗੁਰਮੁਖਾਂ ਨੇ ਸਤਿਸੰਗ ਵਿਚ ਲਿਆ ਕੇ ਨਿਮਰਤਾ ਵਿਚ ਲਿਆਂਦਾ।

ਇਹ ਕ੍ਰੋੜੀਆ ਨਾਮੇ ਵਡਾ ਅਮੀਰ ਤੇ ਅਹੁੱਦੇਦਾਰ ਸੀ ਉਹ ਖੁਦ ਗੁਰੂ ਜੀ ਨੂੰ ਦਰਿਆ ਦੇ ਕਿਨਾਰੇ, ਜਿਥੇ ਆਪ ਡੇਰੇ ਪਾ ਕੇ ਆਰਾਮ ਕਰ ਰਹੇ ਸੇ, ਉਠਾ ਦੇਣ ਲਈ ਘੋੜੀ ਚੜ੍ਹ ਟੁਰਿਆ ਤਾਂ ਘੋੜੀ ਨੱਚ ਖੜੋਤੀ ਤੇ ਨਾ ਟੁਰੇ। ਜਾਂ ਅਗਲੇ ਦਿਨ ਫੇਰ ਚੜ੍ਹਿਆ ਤਾਂ ਦਿੱਸੇ ਭਲੀਵੇ ਕੁਛ ਨਾ। ਨੈਣ ਦੇਖਣੋ ਰਹਿ ਚੁੱਕੇ ਤਾਂ ਬਹਿ ਗਿਆ ਤਾਂ ਲੋਕਾਂ ਆਖਿਆ - ਹੇ ਸਾਡੇ ਵੱਡੇ! ਅਸਾਂ ਡਰਦੇ ਮਾਰੇ ਕੁੰਦੇ ਕੁਛ ਨਹੀਂ ਪਰ ਸੱਚ ਇਹ ਹਈ ਕਿ ਗੁਰੂ ਨਾਨਕ ਅਸਲ ਗੁਰੂ ਧੁਰੋਂ ਆਇਆ ਹੈ। ਦਿਲ ਵਿਚ ਨਵਾਂ ਹੋ, ਅਰਦਾਸ ਕਰ, ਤੇਰੇ ਨੈਣ ਖੁਲ੍ਹ ਵੈਸਣ, ਤੂੰ ਪਰਤਾ ਕੇ ਤੱਕ ਲੈ। ਸੋ ਉਸ ਨੇ ਐਸਾ ਕੀਤਾ ਤਾਂ ਨੈਣ ਖੁਲ੍ਹ ਪਏ। ਦੇਖੋ ਇਸ ਨੇ 'ਗੁਰਿ ਭੇਟਿ ਪੁਨੀਤਾ' ਅਜੇ ਦੇਹ ਨਾਲ ਨਹੀਂ ਕੀਤਾ। ਖਿਆਲ ਵਿਚ ਹੀ ਗੁਰੂ ਕਾ ਸਤਿਸੰਗ ਕੀਤਾ ਤਾਂ ਸੁਖੀ ਹੋ ਗਿਆ। ਇਹ ਸ਼ੇਰ ਜੋ ਗੁਰੂ ਨੂੰ ਦੂਰ ਕਰਨ ਟੁਰਿਆ ਸੀ ਫੇਰ ਮਿਸਕੀਨ ਹੋ ਕੇ ਚਰਨਾਂ ਤੇ ਆਣ ਢੱਠਾ। ਸਾਧ ਸੰਗਤ ਜੀ ਕਰਤਾਰ ਪੁਰ ਵਾਲੀ ਜ਼ਿੰਮੀਂ ਇਸੇ ਭੇਟਾ ਕੀਤੀ ਸੀ। ਇਹ ਗੁਰੂ ਕਾ ਸਿੱਖ ਹੋ ਕੇ ਕਲਿਆਣ ਪ੍ਰਾਪਤ ਹੋਇਆ ਤੇ ਗੁਰੂ ਕੀ ਸੰਗਤ ਤੇ ਸਾਧੂਆਂ ਦੇ ਆਰਾਮ ਤੇ ਸੇਵਾ ਦਾ ਭਾਗੀ ਹੋਇਆ। ਇਸ ਤਰ੍ਹਾਂ ਕਿੰਨੇ ਹੀ ਪ੍ਰਸੰਗ ਹਨ।

ਹੁਣ ਲਓ 'ਤ੍ਰਿਣੁ ਮੇਰੁ ਦਿਖੀਤਾ' ਦਾ ਕੀਹ ਅਰਥ ਹੈ। ਆਮ ਜੀਵਾਂ ਦੇ ਅੰਦਰ ਜੋ ਰੱਬ ਜੀ ਤੇ ਵਿਸ਼ਵਾਸ਼ ਹੈ ਤ੍ਰਿਣੁ (ਕਖ) ਸਮਾਨ ਥੋੜਾ ਹੈ। ਸਾਧੂ ਦੇ ਸੰਗ ਤੇ ਪ੍ਰਤਾਪ ਕਰਕੇ ਉਹ ਮੇਰੂ ਸਮਾਨ ਵੱਡਾ ਹੋ ਗਿਆ। ਸਾਧੂ ਦੇ ਸੰਗ ਵਿਚ ਪ੍ਰਫੁੱਲਤ ਹੁੰਦਾ ਹੈ, ਇਸ ਨਾਲ ਅੰਦਰ 'ਹੈ' ਦਾ ਭਾਵ ਬੱਝੀਦਾ ਹੈ। 'ਹੈ' ਉਹੋ ਸ਼ੈ ਹੈ ਜਿਸ ਨੂੰ ਗਿਆਨੀ 'ਸਤਯ' ਆਖਦੇ ਹਨ। ਇਹ ਅੰਦਰ ਸਤਯ ਦੀ ਪ੍ਰਤੀਤੀ ਵਾਹਿਗੁਰੂ ਵਿਚ ਪ੍ਰਤੱਖ ਵਿਸ਼ਵਾਸ਼ ਹੈ। ਪੰਜਵੇਂ ਸਤਿਗੁਰਾਂ ਦਾ ਵਾਕ ਹੈ 'ਜਾ ਕੈ ਰਿਦੈ ਬਿਸ੍ਵਾਸ ਪ੍ਰਭ ਆਇਆ॥ ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ॥' ਸੋ ਭਾਈ ਵਿਸ਼ਵਾਸ਼ ਦਾ ਬਿੰਦੂ ਮੇਰੂ ਪਰਬਤ ਸਮਾਨ ਵੱਡਾ ਹੋ ਕੇ ਤੱਤ ਗਿਆਨ ਬਣਜਾਂਦਾ ਹੈ। ਹੁਣ ਲਓ ਸਿੱਖ ਇਤਿਹਾਸ ਵਿਚ ਕਿ ਤ੍ਰਿਣ ਕਹੀਏ ਕੱਖਾਂ ਵਰਗੇ ਥੇ ਗਉਲੇ ਲੋਕ ਸਤਿਸੰਗ ਨੂੰ ਪ੍ਰਾਪਤ ਹੋ ਕੇ ਮੇਰੂ ਸਮਾਨ ਉਚੇ ਤੇ ਵੱਡੇ ਕੀਕੂੰ ਹੋ ਗਏ।

ਦੇਖੋ ਇਤਿਹਾਸ ਵਲ ਜਦ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਬੱਧਾ ਤੇ ਓਥੇ ਟਿਕ ਗਏ ਤਾਂ ਨੇੜੇ ਕਿਤੇ ਇਕ ਛਪਰੀਆਂ ਦਾ ਟਿਕਾਣਾ ਸੀ। ਏਥੋਂ ਇਕ ਦਿਨ ਇਕ ਗਰੀਬ ਬਾਲਕ, ਜੋ ਗਊਆਂ ਚਾਰਦਾ ਸੀ ਆਇਆ ਤੇ ਆਖਣ ਲੱਗਾ, ਹੇ ਫਕੀਰ ਸਾਂਈ! ਡਰ ਲਗਦਾ ਹੈ, ਮੇਰਾ ਡਰ ਦੂਰ ਕਰੋ। ਤਾਂ ਸਤਿਗੁਰਾਂ ਪੁਛਿਆ, ਡਰ ਕਿਸ ਤੋਂ? ਆਖਣ ਲੱਗਾ, ਮੌਤ ਤੋਂ। ਤਾਂ ਗੁਰੂ ਜੀ ਪੁਛਿਆ, ਕਿਵੇਂ ਬਈ? ਆਖਣ ਲੱਗਾ, ਸਾਡੇ ਪਿੰਡ ਜਰਵਾਣੇ ਆਏ ਸਨ, ਕੱਚੀ ਪੱਕੀ ਡੱਡਰੀ ਸਾਰੀ ਫਸਲ ਵੱਢ ਕੇ ਲੈ ਗਏ। ਮੈਨੂੰ ਸੋਚ ਫੁਰੀ, ਮੌਤ ਬੀ ਜਰਵਾਣੀ ਸੁਣੀ ਹੈ, ਬਾਲ ਬੁੱਢੇ ਜੁਆਨ ਨੂੰ ਫੜ ਲੈ ਜਾਂਦੀ ਹੈ, ਜੇ ਮੈਨੂੰ ਬੀ ਆ ਪਈ ਤਾਂ ਕੀਹ ਕਰਸਾਂ? ਏਹ ਕਾਰਣ ਡਰਦਾ ਹਾਂ। ਗੁਰੂ ਜੀ ਨੇ ਮਿਹਰ

ਕੀਤੀ, ਇਸ ਨੂੰ ਆਗਿਆ ਕੀਤੀ ਕਿ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਲਿਆ ਕਰ ਤੇ ਨਾਮ ਜਪਿਆ ਕਰ, ਤੇਰਾ ਡਰ ਦੂਰ ਹੋ ਜਾਏਗਾ। ਇਹ ਕਹਿ ਕੇ ਨਾਮ ਦਾਨ ਦਿੱਤਾ। ਇਹ ਬਾਲਕ ਜਿਸ ਦਾ ਨਾਉਂ ਬੂੜਾ ਸੀ ਉਸੇ ਤਰ੍ਹਾਂ ਕਰਨ ਲਗ ਪਿਆ। ਇਹ ਫਿਰ ਰੋਜ਼ ਸਵੇਰੇ ਵਾਰ ਦਾ ਕੀਰਤਨ ਸੁਣਨ ਗੁਰਦੁਆਰੇ ਆਇਆ ਕਰੇ। ਅੰਤ ਇਕ ਦਿਨ ਗੁਰੂ ਕੇ ਦੁਆਰੇ ਹੀ ਰਹਿ ਪਿਆ। ਹੁੰਦੇ ਹੁੰਦੇ ਇਹ ਆਤਮ ਆਰੂੜ ਹੋ ਕੇ ਗੁਰਮੁਖ ਪਦ ਨੂੰ ਪਹੁੰਚ ਗੁਰੂ ਕੀ ਸੰਗਤ ਵਿਚ ਇਹ ਮੁਖੀਆ ਹੋ ਗਿਆ, ਐਥੋਂ ਤਾਂਈ ਕਿ ਜਦ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਮਿਲੀ ਤਾਂ ਮੱਥੇ ਤੇ ਤਿਲਕ ਲਾਉਣ ਦੀ ਵਡਿਆਈ ਗੁਰੂ ਨਾਨਕ ਦੇਵ ਜੀ ਨੇ ਇਸ ਭਾਈ (ਬੂੜੇ) ਬੁੱਢੇ ਨੂੰ ਬਖਸ਼ੀ। ਛੇ ਸਤਿਗੁਰਾਂ ਤਕ ਇਹ ਗੱਦੀ ਸਮੇਂ ਤਿਲਕ ਦਿੰਦਾ ਰਿਹਾ ਤੇ ਗੁਰੂ ਘਰ ਵਿਚ ਮੁਖੀਆ ਰਿਹਾ ਮਾਨੋਂ ਗੁਰੂ ਪਾਤਸ਼ਾਹ ਦਾ ਵਜ਼ੀਰ। ਛੇਵੇਂ ਸਤਿਗੁਰਾਂ ਨੂੰ ਵਿਦਿਆ ਏਸੇ ਨੇ ਪੜ੍ਹਾਈ। ਦੇਖੋ, ਉਹ ਬੱਚਾ ਬੂੜਾ, ਜੋ ਗਊਆਂ ਦਾ ਚਰਵਾਹਾ ਸੀ, ਇਕ ਤ੍ਰਿਣ ਸਮਾਨ ਸੀ, ਉਹ ਮੇਰੂ ਪਰਬਤ ਸਮਾਨ ਉਚਾ ਤੇ ਕੀਮਤੀ ਹੋ ਗਿਆ। ਇਹ ਹੈ ਮਹਿਮਾ 'ਗੁਰਿ ਭੇਟਿ ਪੁਨੀਤਾ' ਦੀ। ਇਸ ਮੇਰੂ ਸਮਾਨ ਉੱਚੇ ਭਾਈ ਬੁੱਢੇ ਦਾ ਡੇਰਾ ਰਮਦਾਸ ਪਿਆ, ਜਿਥੇ ਇਸ ਨੇ ਸਤਿਸੰਗ ਦਾ ਪਰਵਾਹ ਚਲਾਇਆ। ਇਸ ਸਾਧੂ ਪੁਰਖ ਦੇ ਸਤਿਸੰਗ ਤੋਂ ਇਤਨੇ ਲੋਕ ਵਾਹਿਗੁਰੂ ਜੀ ਦੇ ਮਾਰਗ ਲੱਗੇ ਕਿ ਵੱਖਰੀ ਪੋਥੀ ਬਣੀ ਹੋਈ ਹੈ। ਇਸ ਵੇਲੇ ਸਮਾਂ ਨਹੀਂ ਕਿ ਮੈਂ ਸਾਰੇ ਵਰਣਨ ਕਰ ਸਕਾਂ, ਆਓ ਪਿਆਰਿਓ ਗਾਂਵੀਏਂ -

***ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥***
***ਅਗਲੀ ਤੁਕ ਹੁਣ ਸਾਡੇ ਸ਼ਬਦ ਦੀ ਇਹ ਹੈ -***
***ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।***

ਅਰਥ ਇਹ ਹੈ ਕਿ ਮੁਸ਼ਕਤਾਂ ਕਰਦੇ ਸਨ ਜਿਹੜੇ ਅਧੀ ਦਮੜੀ ਲਈ ਉਹ ਰੱਜੇ ਹੋਏ ਧਨਵਾਨ ਹੋ ਗਏ। ਇਸ ਦਾ ਭਾਵ ਇਉਂ ਹੈ ਕਿ ਜੋ ਨਾਮ ਪਦਾਰਥ ਤੋਂ ਵਿਰਵੇ ਸਨ ਉਹ ਸਤਿਸੰਗ ਨੂੰ ਪ੍ਰਾਪਤ ਹੋ ਕੇ ਗਿਆਨਵਾਨ ਤੇ ਪੂਰਨ ਪ੍ਰੇਮ ਸਰੂਪ ਹੋ ਗਏ। ਦੇਖੋ ਸਾਧ ਸੰਗਤ ਜੀ! ਕਸ਼ਮੀਰ ਵਿਚ ਇਕ ਬ੍ਰਹਮਦਾਸ ਨਾਮੇ ਪੰਡਿਤ ਸੀ, ਸ਼ਾਸਤ੍ਰ ਵਿਦਿਆ ਵਿਖੇ ਅਤਿ ਦਾ ਨਿਪੁੰਨ। ਉਸ ਦੇ ਨਾਲ ਦੋ ਊਠ ਪੁਸਤਕਾਂ ਦੇ ਰਹਿਣ ਤੇ ਗਲ ਵਿਚ ਠਾਕੁਰ ਦੀ ਪ੍ਰਿਤਮਾ ਲਟਕੇ ਜੋ ਹਰ ਵੇਲੇ ਪੂਜਾ ਹੁੰਦੀ ਰਹੇ ਤੇ ਹਰ ਵੇਲੇ ਧਿਆਨ ਖਿੱਚੀਂਦਾ ਰਹੇ, ਪਰ ਸ਼ਾਂਤਿ ਨਾ ਲੱਭੀਓ ਸੁ। ਤਰਲੇ ਲਵੇ ਜੋ ਹਰਿ ਧਨ ਦੀ ਕੋਈ ਕੌਡੀ ਦਮੜੀ ਲੱਭੇ। ਜਦ ਗੁਰੂ ਨਾਨਕ ਦੇਵ ਜੀ ਨੂੰ ਮਿਲ ਕੇ 'ਗੁਰ ਭੇਟਿ ਪੁਨੀਤਾ' ਹੋ ਗਿਆ ਤਾਂ ਉਸ ਨੇ ਪੁਸਤਕਾਂ ਬੇਲੋੜੀਆਂ ਸਮਝੀਆਂ। ਲਿਖਿਆ ਹੈ - 'ਤਬ ਆਇ ਗੁਰੂ ਬਾਬੇ ਦੀ ਪੈਰੀਂ ਪਇਆ, ਦੋਵੇਂ ਊਠ ਪੁਰਾਣਾ ਦੇ ਸੁਟ ਪਾਏ। ਗੁਰੂ ਗੁਰੂ ਲਗ ਜਪਣਿ। ਸੰਗਤਾਂ ਦੀ ਚਰਣ ਰੇਣੁ ਹੋਆ। ਦੇਖੋ ਸੰਗਤਿ ਜੀਓ! ਜਦ ਇਹ ਨਾਮ ਧਨ ਵਲੋਂ ਕੰਗਾਲ ਨਾਮ ਧਨ ਦਾ ਪਾਤ੍ਰ ਹੋ ਗਿਆ ਤਾਂ ਸੰਗਤ ਦੀ ਚਰਣ ਰੇਣੁ ਹੋਆ ਲਿਖਿਆ ਹੈ। ਮੁੱਢ ਵਿਚ ਇਸੇ ਸਤਿ ਪੁਰਖ ਦੇ ਸਤਿਸੰਗ ਤੋਂ ਕਸ਼ਮੀਰ ਵਿਚ ਸਿੱਖਈ ਫੈਲੀ ਸਾਜੇ। ਹਾਂ ਸਾਧਸੰਗਤਿ ਜੀ! ਇਸ ਭਲੇ ਪੁਰਖ, ਇਸ ਸਾਧੂ ਦੇ ਅਸੀਂ ਬੀ ਸਾਰੇ ਰਿਣੀ ਹਾਂ। ਜੇ ਇਸ ਪਰਥਾਇ ਗੁਰੂ ਬਾਬੇ ਦੇ ਵਾਕ ਹੋਏ ਸੋ ਗੁਰੂ ਬਾਬੇ ਨੇ ਵਾਰ ਮਲਾਰ ਵਿਚ ਲਿਖ ਦਿਤੇ। ਉਹ ਵਾਰ ਗੁਰੂ ਅਰਜਨ ਦੇਵ ਜੀ ਦੀ ਮਿਹਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ ਤੇ ਅਸਾਂ ਤਕ ਅੱਪੜੀ। ਇਹ ਤਾਂ ਪਰਮਾਰਥਿਕ ਕੰਗਾਲਤਾ ਤੇ ਅਮੀਰੀ ਦੀ ਵਿਥਿਆ ਦੱਸੀ ਹੈ, ਹੁਣ ਲਓ ਸੰਸਾਰਕ ਕੰਗਾਲਤਾਈ ਤੇ ਅਮੀਰੀ, ਇਕ ਵੇਰ ਗੁਰੂ ਬਾਬਾ ਤੇ ਮਰਦਾਨਾ ਸਫਰ ਵਿਚ ਹਨ ਤਾਂ ਦੇਹੁ ਲਹਿਣੇ ਤੇ ਗਿਆ ਤੇ ਅੰਨ ਪਾਣੀ ਤੋਂ ਸੁਖਸਾਂਦ ਹੀ ਰਹੀ ਕਿ ਇੰਨੇ ਨੂੰ ਇਕ ਛੋਲਿਆਂ ਦਾ ਖੇਤ ਆ ਗਿਆ। ਇਕ ਨੌਜਵਾਨ ਗਰੀਬ ਹੌਲਾਂ ਭੁੰਨ ਰਿਹਾ ਸੀ। ਮਰਦਾਨੇ ਦੇ ਜੀ ਆਈ ਕਿ ਕੁਛ ਬੂਟੇ ਭੁੰਨੇ ਹੋਏ ਮੰਗ ਲਵੀਏ, ਤਾਂ ਗੁਰੂ ਬਾਬਾ ਮੁਸਕਰਾਇਆ। ਇੰਨੇ ਨੂੰ ਹੋਲਾਂ ਭੁੰਨਣ ਵਾਲਾ ਪਾਲੀ ਆਪੇ ਹੀ ਹੋਲਾਂ ਲੈ ਕੇ ਆ ਗਿਆ ਤੇ ਮੱਥਾ ਟੇਕ ਕੇ ਆਖਣ ਲੱਗਾ, ਆਓ ਬੈਠੋ ਸਾਂਈਂ ਲੋਕੋ! ਆਓ ਜੀਓ ਆਇਆਂ ਨੂੰ, ਆਓ! ਇਹ ਹੋਲਾਂ ਖਾ ਲਓ, ਗਰਮਾ ਗਰਮ ਹਨ। ਇਹ ਸੁਣ ਕੇ ਉਸ ਦੇ ਖੇਤ ਵਿਚ ਸੁਥਰੇ ਥਾਂ ਬੈਠ ਗਏ ਤੇ ਹੋਲਾਂ ਲੈ ਲਈਆਂ। ਜਦ ਮਰਦਾਨੇ ਨੇ ਮੂੰਹ ਪਾਈਆਂ ਤਾਂ ਗੱਭਰੂ ਦੇ ਜੀ ਆਈ ਜੋ ਜਾ ਕੇ ਘਰੋਂ ਰੋਟੀ ਲੈ ਆਵਾਂ ਜੋ ਏਹਨਾਂ ਦੇ ਮੂੰਹ ਪਵੇ ਨਾਲੇ ਦੇਹੁੰ ਲੱਥਦਾ ਪਿਆ ਏ, ਮੀਂਹ ਕਣੀ ਕਰਕੇ ਪਾਲਾ ਫੇਰ ਫੇਰ ਮੁੜਦਾ ਏ, ਕੋਈ ਬਸਤ੍ਰ ਲਿਆਵਾਂ ਜਾਂ ਘਰ ਲੈ ਚਲਾਂ ਜੋ ਇਨ੍ਹਾਂ ਨੂੰ ਰਾਤ ਔਖ ਨਾ ਹੋਵੇ। ਜਾਂ ਇਹ ਸੋਚ ਕੇ ਉਹ ਟੁਰ ਪਿਆ ਤਾਂ ਗੁਰੂ ਬਾਬੇ ਆਖਿਆ, ਬਹਿ ਜਾ ਬੱਚਾ! ਤੂੰ ਜੋ ਬੜੇ ਪਿਆਰ ਨਾਲ ਸਾਨੂੰ ਹੋਲਾਂ ਖੁਆਈਆਂ ਹਨ ਇਹ ਰੋਟੀ ਚਾਵਲ ਨਹੀਂ ਇਹ ਤਾਂ ਨਾਨਾ ਪ੍ਰਕਾਰ ਦੇ ਪਕਵਾਨਾਂ ਤੁੱਲ ਹੈ। ਬੱਚਾ! ਭਉ ਪਰਵਾਨ ਹੈ, ਬਾਕੀ ਸਭ ਉਦਰ ਪੂਰਨ ਹੈ, ਕਿਸੇ ਭੋਜਨ ਨਾਲ ਹੋ ਗਈ। ਇਸ ਤੇਰੀ ਸੁਥਰੀ ਭੋਂ ਉਤੇ ਤੇਰੇ ਆਦਰ ਕੀਤੇ ਨਾਲ ਆ ਬੈਠੇ ਹਾਂ, ਇਹ ਤੇਰਾ ਸੱਥਰ ਹੀ ਸਾਡੇ ਲਈ ਤੁਲਾਈ ਹੈ, ਹਾਂ ਬਈ ਇਹ ਲੇਫ ਹੈ, ਆ ਹੁਣ ਆ, ਸਾਡੇ ਪਾਸ ਬਹਿ ਜਾ, ਘਰ ਨਾ ਜਾਹ। ਆ ਤੈਨੂੰ ਵਾਹਿਗੁਰੂ ਦੀ ਸਿਫਤ ਤੇ ਧਨ ਨਾਲ ਬੀ ਰਜਾ ਦੇਈਏ, ਆ ਬਹਿ ਜਾ ਹੇ ਸੁਲਤਾਨ! ਸਾਡੇ ਪਾਸ ਤੇ ਸੁਣ।

*****************

# ਕਰਮ ਬੰਧਨ ਤੋਂ ਮੁਕਤੀ
# (Freedom from the Bond of Karma)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਚੌਥਾ

ਕਰਮ ਸਿਧਾਂਤ

ਅਸੀਂ ਸੋਚੇ ਬਿਨਾਂ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦੇ ਇਹ ਕਰਮ ਹੀ, ਇਹ ਸੋਚ ਹੀ ਸਾਨੂੰ ਕਰਮ ਬੰਧਨ ਵਿਚ ਬੰਨ੍ਹ ਲੈਂਦੀ ਹੈ, ਇਹ ਹੀ ਕਾਰਣ ਤੇ ਫਲ, ਕਾਰਣ ਤੇ ਪਰਿਣਾਮ ਬਣ ਜਾਂਦਾ ਹੈ। ਫੇਰ ਵੀ ਕਰਮ ਬੰਧਨ ਤੋਂ ਛੁਟਕਾਰਾ, ਕਾਰਣ ਤੇ ਪਰਿਣਾਮ ਤੋਂ ਮੁਕਤੀ ਦੀ ਸੰਭਾਵਨਾ ਹੈ, ਭਾਵੇਂ ਅਸੀਂ ਕਾਰਜ ਕੀਤੇ ਬਿਨਾਂ ਨਹੀਂ ਰਹਿ ਸਕਦੇ। ਇਸ ਮਾਇਆ ਸਾਗਰ ਤੋਂ ਪਾਰ ਹੋ ਕੇ, ਅਗਿਆਨ ਦੇ ਹਨ੍ਹੇਰੇ ਤੋਂ ਲੰਘ ਕੇ ਗਿਆਨ ਤੱਕ ਜਾਣਾ ਇਹ ਸਭ ਕੁਝ ਕਰਨ ਲਈ ਸਾਨੂੰ ਆਪਣਾ ਕਾਰਜ ਜੁਗਤੀ ਨਾਲ ਕਰਨਾ ਚਾਹੀਦਾ ਹੈ ਤੇ ਨਿਰਸੁਆਰਥ ਹੋ ਕੇ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਲਈ ਸਾਨੂੰ ਕਰਮ ਸਿਧਾਂਤ ਜਾਨਣਾ ਬਹੁਤ ਆਵਸ਼ਕ ਹੈ ਇਹ ਵੀ ਜਾਨਣਾ ਜ਼ਰੂਰੀ ਹੈ ਇਹ ਸਾਡੇ ਜੀਵਨ ਤੇ ਕੀ ਪ੍ਰਭਾਵ ਪਾਉਂਦਾ ਹੈ।

ਕਰਮ ਉਹ ਸਿਧਾਂਤ ਹੈ ਉਸ ਲਈ ਵਰਤਿਆ ਜਾਂਦਾ ਹੈ ਜਿਸ ਤੋਂ ਭਾਵ ਹੈ ਪੂਰਾ ਨਿਆਏ, ਪੂਰਾ ਇਨਸਾਫ, ਅੰਦਰ ਦਾ ਇਨਸਾਫ। ਇਹ ਉਹ ਵਿਧੀ ਦਾ ਵਿਧਾਨ ਹੈ ਜਿਹੜਾ ਮਨੁੱਖ ਵਿਚ ਪ੍ਰਤੀਰੂਪ ਹੁੰਦਾ ਹੈ ਇਸ ਵਿਚ ਕੁਝ ਵੀ ਇਕ ਤਰਫਾ ਨਹੀਂ ਹੈ, ਕੁਝ ਵੀ ਮਨ ਮਾਨਿਆ ਨਹੀਂ ਹੈ, ਕੁਝ ਵੀ ਦੰਡ ਦੇਣ ਵਾਲਾ ਨਹੀਂ ਹੈ, ਇਹ ਤਾਂ ਇਕ ਵਿਸ਼ਵ ਦਾ ਸਿਧਾਂਤ ਹੈ ਕਿ ਹਰ ਇਕ ਕਾਰਜ ਦਾ ਕੀਤੇ ਕੰਮ ਦਾ ਫਲ ਹੈ, ਕੋਈ ਵੀ ਕੀਤਾ ਕਾਰਜ ਵਾਪਸ ਆਉਂਦਾ ਹੀ ਆਉਂਦਾ ਹੈ। ਕਰਮਾਂ ਦਾ ਫਲ ਤਾਂ ਮਿਲਣਾ ਹੀ ਮਿਲਣਾ ਹੈ, ਛੇਤੀ ਮਿਲੇ ਦੇਰ ਨਾਲ ਮਿਲੇ ਉਹ ਗੱਲ ਅਲੱਗ ਹੈ, ਪਰ ਫਲ ਤਾਂ ਮਿਲਣਾ ਹੀ ਮਿਲਣਾ ਹੈ ਇਹੋ ਹੀ ਸਾਰੇ ਗ੍ਰੰਥਾਂ ਵਿਚ ਕਿਹਾ ਗਿਆ ਹੈ, ਬਾਈਬਲ ਕਹਿੰਦੀ ਹੈ, ਗੀਤਾ ਕਹਿੰਦੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ-

***ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ॥***

ਇਹ ਸੋਚਣੀ ਬਿਲਕੁਲ ਗਲਤ ਹੈ ਕਿ ਅਸੀਂ ਕੇਵਲ ਇਕੋ ਵਾਰੀ ਇਸ ਧਰਤੀ ਤੇ ਆਉਂਦੇ ਹਾਂ ਸਾਡੇ ਹਾਲਾਤ ਭਾਵੇਂ ਚੰਗੇ ਹੋਣ ਭਾਵੇਂ ਮਾੜੇ ਅਸੀਂ ਉਨ੍ਹਾਂ ਨਾਲ ਘਿਰੇ ਰਹਿੰਦੇ ਹਾਂ। ਵਾਸਤਵ ਵਿਚ ਹੁੰਦਾ ਇਹ ਹੈ ਕਿ ਸਾਡੀ ਆਤਮਾ ਅਸੀਂ ਬਾਰ-ਬਾਰ ਜਨਮ ਲੈਂਦੇ ਹਾਂ ਕਿੰਨੀਆਂ ਜੀਵਨੀਆਂ ਅਸੀਂ ਜੀਵੀਆਂ ਹਨ ਜੀਉਂਦੇ ਹਾਂ, ਆਪਣੇ ਕਰਮਾਂ ਅਨੁਸਾਰ। ਪੱਛਮ ਵਿਚ ਮੁੜ ਮੁੜ ਕੇ ਜਨਮ ਲੈਣ ਦਾ ਸਿਧਾਂਤ ਬਿਲਕੁਲ ਇਕ ਅਨੋਖਾ ਸਿਧਾਂਤ ਹੈ ਇਹ ਬਾਈਬਲ ਵਿਚ ਵੀ ਨਹੀਂ ਦਿਤਾ ਗਿਆ, ਜਿਵੇਂ ਕਿ ਬਹੁਤ ਸਾਰੇ ਪੂਰਬੀ ਗ੍ਰੰਥਾਂ ਵਿਚ ਦਿਤਾ ਗਿਆ ਹੈ, ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਬਾਈਬਲ ਦੇ ਸਮੇਂ ਵਿਚ ਵੀ ਪੁਨਰ ਜਨਮ ਸੀ ਜਿਹੜਾ ਪੂਰਬ ਤੇ ਮੱਧ ਪੂਰਬ ਵਿਚ ਮੰਨਿਆ ਜਾਂਦਾ ਸੀ ਇਸ ਦਾ ਵਿਸ਼ਲੇਸ਼ਨ ਵੀ ਕੀਤਾ ਹੈ। ਈਸਾ ਜੀ ਇਹ ਪ੍ਰਚਾਰ ਕਰਨ ਵਿਚ ਸੰਕੋਚ ਕੀਤਾ ਕਿ ਪੁਨਰ ਜਨਮ ਹੈ, ਖਾਸ ਕਰਕੇ ਉਨ੍ਹਾਂ ਨੂੰ ਜਿਹੜੇ ਉਨ੍ਹਾਂ ਦੇ ਦੀਕਸ਼ਤ ਸ਼ਿਸ਼ ਨਹੀਂ ਸੀ, ਉਹ ਇਸ ਲਈ ਉਨ੍ਹਾਂ ਨੇ ਕੀਤਾ ਤਾਂ ਜੋ ਪੂਰਨ ਤੌਰ ਤੇ ਭਾਗਵਾਦੀ ਨਾ ਬਣ ਜਾਣ, ਪੁਨਰ ਜਨਮ ਪੱਛਮ ਵਿਚ ਵੀ ਪੁਰਾਤਨ ਸਮੇਂ ਤੋਂ ਦੱਸਿਆ ਜਾ ਰਿਹਾ ਹੈ, ਯੂਨਾਨ ਵਿਚ ਤੇ ਹੋਰ ਉਘੇ ਫਿਲੋਸਫਰ ਜਿਵੇਂ ਅਫਲਾਤੂਨ, (plato) ਹੀਗਲ (Hegal) ਸੋਪਿਨਆਰ (Schopenhauer) ਇਨ੍ਹਾਂ ਸਭ ਨੇ ਪੁਨਰ ਜਨਮ ਨੂੰ ਮੰਨਿਆ ਹੈ। ਅਫਲਾਤੂਨ ਲਈ ਪੁਨਰ ਜਨਮ ਦਾ ਸਿਧਾਂਤ ਇਕ ਮਹੱਤਵਪੂਰਨ ਅਧਿਆਤਮਕ ਸਿਧਾਂਤ ਹੈ ਕਿਉਂਕਿ ਅਫਲਾਤੂਨ ਅਨੁਸਾਰ ਇਸ ਜੀਵਨ ਵਿਚ ਗਿਆਨ ਦੀ ਨੀਂਹ ਪਿਛਲੇ ਜਨਮ ਦੇ ਸਿੱਖੇ, ਮਿਲੇ ਗਿਆਨ ਉਤੇ ਹੀ ਰੱਖੀ ਜਾਂਦੀ ਹੈ।

ਕਰਮ ਦਾ ਸਿਧਾਂਤ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਕੁਝ ਵੀ ਅਕਾਰਣ ਨਹੀਂ ਹੁੰਦਾ ਕੋਈ, ਕਰਮਹੀਣਤਾ ਨਹੀਂ ਹੁੰਦਾ, ਇਹ ਕੋਈ ਭਾਗਵਾਦੀ ਕੋਈ ਦੈਵਵਾਦੀ ਵਿਚਾਰ ਨਹੀਂ ਹੈ, ਜੋ ਵੀ ਕੁਝ ਹੁੰਦਾ ਹੈ ਉਹ ਪਿਛਲੇ ਕਰਮਾਂ ਦਾ ਫਲ ਹੈ, ਇਹ ਜੀਵਨ ਦੇ ਅਨੁਭਵ ਪੂਰੇ ਕਰਨ ਲਈ ਜ਼ਰੂਰੀ ਹੈ। ਜੋ ਕੁਝ ਵੀ ਸਾਡੇ ਨਾਲ ਹੁੰਦਾ ਹੈ ਉਹ ਪਿਛਲੇ ਜਨਮ ਜੋ ਕੁਝ ਵੀ ਕੀਤਾ ਹੰਦਾ ਹੈ, ਜੋ ਕੁਝ ਅੱਗੇ ਹੋਣਾ ਹੈ, ਉਹ ਜੋ ਕੁਝ ਵੀ ਅਸੀਂ ਹੁਣ ਕਰ ਰਹੇ ਹਾਂ। ਪਿਛਲੇ ਕੀਤੇ ਕਰਮ ਬਦਲੇ ਨਹੀਂ ਜਾ ਸਕਦੇ, ਹਾਂ ਅਸੀਂ ਅੱਗੇ ਆਉਣ ਵਾਲੇ ਕਰਮ ਬਦਲ ਸਕਦੇ ਹਾਂ।

ਪੁਨਰ ਜਨਮ ਲੈ ਕੇ ਮਨੁਖਾ ਦੇਹ ਪ੍ਰਾਪਤ ਕਰਨ ਦਾ ਲਾਭ ਇਹ ਹੈ ਕਿ ਤੁਸੀਂ ਅਧਿਆਤਮਕ ਪ੍ਰਾਪਤੀਆਂ ਕਰ

ਸਕਦੇ ਹੋ ਤੇ ਪਿਛਲੇ ਕੀਤੇ ਕਰਮਾਂ ਤੋਂ ਛੁਟਕਾਰਾ ਪਾ ਸਕਦੇ ਹੋ, ਆਪਣੀ ਇੱਛਾ ਸ਼ਕਤੀ ਚੰਗੇ ਪਾਸੇ ਲਾ ਸਕਦੇ ਹੋ। ਇਹ ਇੱਛਾ ਸ਼ਕਤੀ ਮਨੁੱਖਾਂ ਵਿਚ ਕਿਵੇਂ ਕੰਮ ਕਰਦੀ ਹੈ, ਕਿਵੇਂ ਵਿਧੀ ਦੇ ਵਿਧਾਨ ਅਨੁਸਾਰ ਚਲਦੀ ਹੈ ਉਸ ਲਈ ਇਹ ਸਮਝਣਾ ਅਵਸ਼ਕ ਹੈ ਕਿ ਬ੍ਰਹਿਮੰਡ ਵਿਚ ਚਾਰ ਬਾਦਸ਼ਾਹਤ ਹਨ ਪਹਿਲੀ ਮਨੁਖਾਂ ਦੀ ਦੂਸਰੀ ਜਾਨਵਰਾਂ ਦੀ ਤੀਸਰੀ ਸਬਜ਼ੀਆਂ ਫਲਾਂ ਦੀ, ਚੌਥੀ ਮਿੱਟੀ ਦੀ ਤੇ ਪੱਥਰਾਂ ਦੀ ਮਨੁੱਖੀ ਜੀਵਨ ਤੋਂ ਤੁਸੀਂ ਉਨਤ ਹੋ ਸਕਦੇ ਹੋ ਆਪਣੇ ਆਪ ਨੂੰ ਹੋਰ ਚੰਗਾ ਬਣਾ ਸਕਦੇ ਹੋ ਕਿਉਂਕਿ ਅਸੀਂ ਆਪਣਾ ਪ੍ਰਾਲਬਧ ਚੰਗਾ ਬਣਾ ਸਕਦੇ ਹੋ, ਕਿਉਂਕਿ ਅਸੀਂ ਆਪਣਾ ਪ੍ਰਾਲਬਧ ਆਪ ਹੀ ਬਣਾਉਂਦੇ ਹਾਂ। ਜਦੋਂ ਅਸੀਂ ਆਪਣੇ ਕਰਮ ਫਲ ਤੇ ਨਿਰਭਰ ਹੋ ਜਾਂਦੇ ਹਾਂ ਉਦੋਂ ਸਾਡਾ ਪ੍ਰਾਲਬਧ ਹੋਰ ਬਹੁਤ ਸਾਰਿਆਂ ਦੇ ਜੀਵਨ ਨਾਲ ਲੈ ਲੈਂਦਾ ਹੈ, ਪਰ ਜਦੋਂ ਅਸੀਂ ਨਿਰਸੁਆਰਥੀ ਹੋ ਕੇ ਕਰਮ ਕਰਦੇ ਹਾਂ, ਨਿਸ਼ਕਾਮ ਹੋ ਕੇ ਕਰਮ ਕਰਦੇ ਹਾਂ ਅਸੀਂ ਛੁਟਕਾਰਾ ਪਾ ਸਕਦੇ ਹਾਂ। ਮਨੁੱਖਾਂ ਤੋਂ ਉਲਟ ਪਸ਼ੂਆਂ ਦੀ ਮੂਲ ਪ੍ਰਵਿਰਤੀ ਹੈ ਜਿਹੜੀ ਉਨ੍ਹਾਂ ਦੇ ਕਰਮ ਦਾ ਪੱਥ ਪ੍ਰਦਰਸ਼ਕ ਕਰਦੀ ਹੈ, ਸੋ ਉਨ੍ਹਾਂ ਦੇ ਜੀਵਨ ਦੀ ਅਗਵਾਈ ਤਾਂ ਕੁਦਰਤ ਵਲੋਂ ਹੁੰਦੀ ਹੈ। ਸਬਜ਼ੀ ਤਾਂ ਹੋਰ ਵੀ ਵਧੇਰੇ ਗਤੀਹੀਣ ਹੈ ਪਰ ਉਹ ਚੇਤਨ ਹਨ। ਸਬਜ਼ੀਆਂ ਬਹੁਤ ਹੀ ਸੰਵੇਦਨਸ਼ੀਲ ਹਨ ਉਹ ਤਾਂ ਤੁਹਾਡੇ ਨਾਲ ਗੱਲਬਾਤ ਕਰ ਸਕਦੀਆਂ ਹਨ। ਤੁਹਾਡੇ ਸੰਵੇਗ ਸਮਝ ਸਕਦੀਆਂ ਹਨ) ਵਿਧੀ ਦਾ ਵਿਧਾਨ ਬਨਸਪਤੀ ਵਿਚ ਬਹੁਤ ਹੀ ਚੰਗੀ ਤਰ੍ਹਾਂ ਤੇ ਵਿਸਤਾਰ ਨਾਲ ਪ੍ਰਧਾਨ ਹੈ। ਉਹ ਇਸ ਤਰ੍ਹਾਂ ਕਿ ਬਨਸਪਤੀ ਆਪਣੇ ਆਪ ਨੂੰ ਆਪ ਕੰਟਰੋਲ ਨਹੀਂ ਕਰ ਸਕਦੀ, ਜਾਨਵਰ ਉਸ ਤੋਂ ਵੱਧ ਕੰਟਰੋਲ ਕਰ ਸਕਦੇ ਹਨ।

ਜਿਸ ਤੇ ਬਿਲਕੁਲ ਕੋਈ ਕੰਟਰੋਲ ਨਹੀਂ ਹੈ ਉਹ ਹੈ ਮਿੱਟੀ ਪੱਥਰ। ਜੜ੍ਹ ਪਦਾਰਥ ਪੂਰੀ ਤਰ੍ਹਾਂ ਨਾਲ ਸ੍ਰਿਸ਼ਟੀ ਦੇ ਨਿਯਮਾਂ ਦੇ ਅਧੀਨ ਹਨ ਉਨ੍ਹਾਂ ਦਾ ਆਪਣਾ ਕੁਝ ਨਹੀਂ ਉਹ ਆਪ ਕੁਝ ਵੀ ਨਹੀਂ ਕਰ ਸਕਦੇ। ਮਨੁੱਖੀ ਜਾਮਾ ਇਕ ਇਹੋ ਜਿਹੀ ਅਵਸਥਾ ਹੈ ਜਿਸ ਵਿਚ ਪੰਜਾਹ ਪ੍ਰਤੀਸ਼ਤ ਉਹ ਆਪਣੇ ਆਪ ਨੂੰ ਕਾਬੂ ਕਰ ਸਕਦੇ ਹਨ। ਅਸੀਂ ਜੋ ਹਾਂ ਉਸ ਤਰ੍ਹਾਂ ਹਾਂ ਕਿਉਂਕਿ ਅਸੀਂ ਇਸ ਤਰ੍ਹਾਂ ਹੀ ਚਾਹੁੰਦੇ ਹਾਂ। ਦੇਖਿਆ ਜਾਏ ਤਾਂ ਅਸੀਂ ਆਪਣੀ ਅੱਜ ਦੀ ਸਥਿਤੀ ਮੰਗ ਕੇ ਹੀ ਲਈ ਹੈ। ਸੱਚ ਪੁਛੋ ਤਾਂ ਹਰ ਜਨਮ ਨਾਲ ਸਾਨੂੰ ਇਕ ਹੋਰ ਅਵਸਰ ਮਿਲਦਾ ਹੈ ਤਾਂ ਜੋ ਅਸੀਂ ਹੋਰ ਚੰਗੇ ਕਰਮ ਕਰ ਸਕੀਏ ਹੋਰ ਉਚੇ ਉਠ ਸਕੀਏ।

ਮਨੁੱਖਾਂ ਵਿਚ ਪੁਨਰ ਜਨਮ ਬਹੁਤ ਹੀ ਅਵਸ਼ਕ ਹੈ ਤਾਂ ਜੋ ਅਸੀਂ ਵਧੇਰੇ ਅਨੁਭਵ ਲੈ ਸਕੀਏ, ਸਾਡੀ ਚੇਤਨਤਾ ਦਾ ਪਸਾਰਾ ਹੋ ਕੇ ਅਸੀਂ ਪ੍ਰਮਾਤਮਾ ਨਾਲ ਮਿਲ ਸਕੀਏ। ਵਿਸ਼ਵ ਕਰਮ ਨਿਯਮ ਅਨੁਸਾਰ ਮਨੁੱਖ ਦਾ ਜਨਮ ਉਨ੍ਹਾਂ ਹਾਲਾਤਾਂ ਵਿਚ ਹੁੰਦਾ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਚੰਗਾ ਬਣਾ ਸਕੇ ਉਚਾ ਉਠ ਸਕੇ, ਆਪਣੇ ਚੰਗੇ ਕਰਮ ਕਰ ਸਕੇ।

ਕਰਮਾਂ ਦੇ ਨਿਯਮ ਨੂੰ ਤੁਸੀਂ ਤੀਰ ਕਮਾਨ ਤੇ ਤਰਕਸ਼ ਨਾਲ ਤੁਲਨਾ ਕਰ ਸਕਦੇ ਹੋ, ਜਿਹੜਾ ਤੀਰ ਤੁਸੀਂ ਚਲਾ ਚੁੱਕੇ ਹੋ, ਉਹ ਤੁਹਾਡੇ ਪਿਛਲੇ ਕਰਮ ਹਨ, ਉਨ੍ਹਾਂ ਤੇ ਤੁਹਾਡਾ ਕੋਈ ਕੰਟਰੋਲ ਨਹੀਂ। ਇਹ ਤੁਹਾਡੀ ਅੱਜ ਦੀ ਭਾਵੀ ਹੈ ਜਦੋਂ ਤੁਸੀਂ ਚਲਾ ਰਹੇ ਸੀ ਉਦੋਂ ਤੁਹਾਡਾ ਕੰਟਰੋਲ ਸੀ, ਜਿਸ ਨਾਲ ਸਾਡੇ ਭਾਗ ਬਣੇ। ਅੱਜ ਦੇ ਕਰਮ ਸਾਡੇ ਕਾਬੂ ਤੋਂ ਬਾਹਰ ਨਹੀਂ, ਜਿਹੜਾ ਤੀਰ ਤੁਸੀਂ ਤੀਰ ਕਮਾਨ ਤੇ ਚੜ੍ਹਾ ਰਹੇ ਹੋ ਉਹ ਤੁਹਾਡੇ ਕਾਬੂ ਵਿਚ ਹੈ। ਜੇ ਇਸ ਤੀਰ ਨੂੰ ਤੁਸੀਂ ਜੁਗਤੀ ਨਾਲ ਨਿਸ਼ਕਾਮ ਹੋ ਕੇ ਕਮਾਨ ਤੇ ਚੜ੍ਹਾਓਗੇ ਇਹ ਅਵੱਸ਼ ਹੀ ਆਪ ਠੀਕ ਥਾਂ ਪਹੁੰਚੇਗਾ। ਸਾਡਾ ਬਚਪਨ ਸਾਡੇ ਵਸ ਨਹੀਂ ਹੈ, ਪਰ ਅਸੀਂ ਉਸ ਦਾ ਨਤੀਜਾ ਭੋਗ ਰਹੇ ਹਾਂ। ਇਹ ਕਿਹਾ ਗਿਆ ਹੈ ਜਿਸ ਵਰਤਮਾਨ ਵਿਚ ਅਸੀਂ ਰਹਿ ਰਹੇ ਹਾਂ ਉਸਨੂੰ ਕੰਟਰੋਲ ਕਰਨਾ ਹੀ ਭਵਿੱਖ ਤੇ ਕਾਬੂ ਪਾਉਣਾ ਹੈ। ਜੇ ਮੋਹ ਨੂੰ ਗਿਆਨ ਦੀ ਅਗਨੀ ਭੇਟ ਕਰ ਦਿਤਾ ਜਾਵੇ ਆਪਣੇ ਕਰਮ ਨਿਸ਼ਕਾਮ ਹੋ ਕੇ ਪਿਆਰ ਨਾਲ ਕੀਤੇ ਜਾਣ ਇਸ ਤਰ੍ਹਾਂ ਨਾਲ ਭਵਿੱਖ ਚੰਗਾ ਬਣਾਇਆ ਜਾ ਸਕਦਾ ਹੈ। ਏਕਤ ਦੇ ਨਿਯਮ ਤੇ ਪ੍ਰਤੀਫਲ ਦੇ ਨਿਯਮ ਨੂੰ ਚੰਗੀ ਤਰ੍ਹਾਂ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਅਸੀਂ ਕਰਮ ਬੰਧਨ ਨੂੰ ਚੰਗੀ ਤਰ੍ਹਾਂ ਸਮਝ ਸਕੀਏ।

ਜੇ ਅਸੀਂ ਨਿਸ਼ਕਾਮ ਕਰਮ ਨਹੀਂ ਕਰ ਸਕਦੇ, ਕਰਮਾਂ ਫਲ ਤੋਂ ਆਪਣੇ ਆਪ ਨੂੰ ਵੱਖਰਾ ਨਹੀਂ ਕਰ ਸਕਦੇ। ਸਾਨੂੰ ਘੱਟੋ ਘੱਟ ਇਹ ਤਾਂ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਕਰਮਾਂ ਦੇ ਫਲ ਨੂੰ ਮਨੁੱਖਤਾ ਦੀ ਭਲਾਈ ਲਈ ਸਮਰਪਣ ਕਰ ਦੇਈਏ। ਇਕ ਚੰਗਾ ਸੁਚੱਜਾ ਮਾਲੀ ਆਪਣੀ ਮਿਹਨਤ ਦਾ ਫਲ ਆਪਣੇ ਮਾਲਕ ਨੂੰ ਦਿੰਦਾ ਹੈ, ਇਸ ਤਰ੍ਹਾਂ ਕਰਨ ਨਾਲ ਉਹ ਆਪਣੀ ਮਿਹਨਤ ਦਾ ਫਲ ਦੇ ਕਰਮ ਤੋਂ ਛੁਟਕਾਰਾ ਪਾ ਲੈਂਦਾ ਹੈ। ਜਦੋਂ ਕਿ ਇਹ ਚਲਾਕ ਚਾਪਲੂਸੀ ਕਰਨ ਵਾਲਾ ਮਾਲੀ ਕੇਵਲ ਆਪਣੇ ਮਾਲਕ ਦੀ ਚਾਪਲੂਸੀ ਹੀ ਕਰਦਾ ਰਹਿੰਦਾ ਹੈ ਉਸਨੂੰ ਦਿੰਦਾ ਕੁਝ ਵੀ ਨਹੀਂ ਤੇ ਇਸ ਤਰ੍ਹਾਂ ਨਾਲ ਕਰਮ ਬੰਧਨ ਵਿਚ ਫਸਿਆ ਰਹਿੰਦਾ ਹੈ। ਸਾਨੂੰ ਇਕ ਸੁਚੱਜੇ ਮਾਲੀ ਦੀ ਤਰ੍ਹਾਂ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਕਰਮਾਂ ਦਾ ਫਲ ਤਿਆਗ ਕਰ ਦੇਣਾ ਚਾਹੀਦਾ ਹੈ ਤੇ ਚਿੰਤਾ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ, ਜੇ ਅਸੀਂ ਚਿੰਤਾ ਕਰਦੇ ਰਹਾਂਗੇ ਸਾਨੂੰ ਹੋਰ ਜਨਮ ਲੈਣਾ ਪਵੇਗਾ ਤੇ ਮੁੜ ਕੇ ਉਹ ਸਭ ਕੁਝ ਝਲਣਾ ਪਵੇਗਾ।

ਜਦੋਂ ਤਕ ਅਸੀਂ ਕਰਮਾਂ ਦੇ ਪ੍ਰਭਾਵ ਨੂੰ ਦੇਖਦੇ ਰਹਾਂਗੇ ਇਹ ਇਕ ਰਹੱਸ ਹੀ ਬਣਿਆ ਰਹੇਗਾ। ਸਾਨੂੰ ਇਸ ਦੀ ਜੜ੍ਹ ਤਕ ਜਾਣਾ ਚਾਹੀਦਾ ਹੈ, ਇਸ ਨੂੰ ਸਮਝਣ ਲਈ ਸਾਨੂੰ ਸੰਕੇਤ ਇੱਛਾ, ਦੇ ਸੁਭਾਅ ਨੂੰ ਜਾਨਣਾ ਚਾਹੀਦਾ ਹੈ, ਮਰਜ਼ੀ ਕਰਨ ਨੂੰ ਜਾਣ ਲੈਣਾ ਚਾਹੀਦਾ ਹੈ। ਇਸ ਨੂੰ ਜਾਨਣ ਲਈ, ਸਮਝਣ ਲਈ ਸਾਨੂੰ ਇਨ੍ਹਾਂ ਸ਼ਬਦਾਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਪਹਿਲਾ ਇੱਛਾ (wish) ਦੂਸਰਾ ਮੰਗ ਕਮੀ (want) ਤੀਸਰਾ ਇਰਾਦਾ (will) ਲੋਚਾ (desire) ਸੰਸਕਰਣ (impression) ਇੱਛਾ ਵਿਚ ਸਦਾ ਹੀ ਸੰਸਾਰ ਹੁੰਦਾ ਹੈ, ਸਾਨੂੰ ਸ਼ੰਕਾ ਰਹਿੰਦਾ ਹੈ, ਪਤਾ ਨਹੀਂ ਸਾਨੂੰ ਜੋ ਅਸੀਂ ਚਾਹੁੰਦੇ ਹਾਂ ਉਹ ਮਿਲਦਾ ਹੈ ਜਾ ਨਹੀਂ। ਮੰਗ ਕਮੀ (want) ਵਿਚ ਸਦਾ ਹੀ ਇਕ ਪ੍ਰੇਰਨਾ ਹੁੰਦੀ ਹੈ ਇਸ ਦੇ ਪਿਛੇ ਮਜ਼ਬੂਰੀ ਦੀ ਭਾਵਨਾ ਹੁੰਦੀ ਹੈ। ਮੰਗ ਸਦਾ ਹੀ ਤਾਂਘ ਤੋਂ, ਸਿੱਕ ਤੋਂ ਪੈਦਾ ਹੁੰਦੀ ਹੈ ਜਿਸ ਦੀ ਜੜ੍ਹ ਸੂਖਮ ਸੰਸਕਰਣ ਵਿਚ ਹੁੰਦੀ ਹੈ ਜਿਸ ਨੂੰ ਸੰਸਕਾਰ ਕਹਿੰਦੇ ਹਨ, ਜਿਹੜੇ ਅਸੀਂ ਪਿਛੋਂ ਲੈ ਕੇ ਆਉਂਦੇ ਹਾਂ। ਸੰਸਕਾਰ ਸਾਡੇ ਪਿਛਲੇ ਕਰਮਾਂ ਦੇ ਫਲ ਹਨ, ਉਹ ਫਲ ਜਿਹੜੇ ਅਸੀਂ ਲੋਚਦੇ ਸੀ। ਕਿਉਂਕਿ ਅਸੀਂ ਨਿਸ਼ਕਾਮ ਕਰਮ ਨਹੀਂ ਕੀਤੇ। ਵਾਸਤਵ ਵਿਚ ਸਾਡੀਆਂ ਲੋਚਾ ਨਾਲ ਮੋਹ ਹੀ ਤੇ ਫਲ ਦੀ ਆਸ ਹੀ ਸਾਡੇ ਕਰਮ ਬੰਧਨ ਦੀ ਸ਼ਕਤੀ ਹਨ।

ਇਹ ਕਿਹਾ ਜਾਂਦਾ ਹੈ ਕਿ ਸੱਚ ਦਾ ਮੂੰਹ ਲੁਕਿਆ ਹੋਇਆ ਉਹ ਸੋਨੇ ਦੀ ਥਾਲੀ ਨਾਲ ਪਲੇਟ ਨਾਲ ਢਕਿਆ ਹੋਇਆ ਹੈ। ਇਹ ਸੋਨੇ ਦੀ ਥਾਲੀ ਇਕ ਪ੍ਰਕਾਰ ਦੇ ਸਾਰੇ ਲੋਭ ਲਾਲਚ ਦਾ ਹੀ ਪ੍ਰਤੀਕ ਹੈ, ਇਹ ਇਕ ਬਹੁਤ ਸੂਖਮ ਡੋਰੀ, ਭਾਵ ਕਰਮਾਂ ਦੀ ਡੋਰੀ ਦਾ ਪ੍ਰਤੀਕ ਹੈ, ਮਨ ਦੀ ਡੋਰੀ, ਸੋਚਾਂ ਦੀ ਡੋਰੀ ਦਾ ਪ੍ਰਤੀਕ ਹੈ। ਇਹ ਡੋਰੀ ਬਹੁਤ ਹੀ ਸੂਖਮ ਹੈ, ਬਹੁਤ ਹੀ ਕੋਮਲ ਹੈ, ਕਾਰਜ ਦੀ ਡੋਰੀ ਨਾਲੋਂ ਸਾਡੇ ਵਿਹਾਰ ਦੀ ਡੋਰੀ ਨਾਲੋਂ ਕਿਤੇ ਵੱਧ ਕੋਮਲ ਹੈ, ਪੱਕੀ ਤੇ ਮਜ਼ਬੂਤ ਹੈ, ਕਿਉਂਕਿ ਇਸ ਵਿਚ ਸਾਡਾ ਅੰਤਰ ਵਧੇਰੇ ਰਚਿਆ ਹੋਇਆ ਹੈ, ਖਾਸ ਕਰਕੇ ਸਾਡੇ ਮਨੋਵੇਗ ਸਾਡੀਆਂ ਭਾਵਨਾਵਾਂ। ਸੰਵੇਗਾਂ ਪੱਖੋਂ ਅਸੀਂ ਬਿਲਕੁਲ ਉਸ ਤਰ੍ਹਾਂ ਹੀ ਹਾਂ ਜਿਵੇਂ ਮੱਛੀ ਪਾਣੀ ਤੋਂ ਬਾਹਰ ਜਾਂ ਕਹਿ ਲਓ ਅਸ਼ਾਂਤ ਪਾਣੀ ਵਿਚ ਹੋਵੇ। ਸਾਡੇ ਬਹੁਤ ਸਾਰੇ ਅਨੁਕ੍ਰਿਆ ਜਾਂ ਕਹਿ ਲਓ ਬਹੁਤ ਸਾਰੇ ਇਕ ਤਰ੍ਹਾਂ ਨਾਲ ਪ੍ਰਤਿਕ੍ਰਿਆ ਸਾਡੇ ਚੌਗਿਰਦੇ ਹੁੰਦੇ ਹਮ ਆਸ ਪਾਸ ਹੁੰਦਾ ਹੈ। ਜਦੋਂ ਅਸੀਂ ਖੁਸ਼ ਹੁੰਦੇ ਹਾਂ ਕਿਸੇ ਨੂੰ ਦੇਖ ਕੇ ਕਿਸੇ ਸਥਾਨ ਕਿਸੇ ਚੌਗਿਰਦੇ ਵਿਚ ਅਸੀਂ ਆਪਣੇ ਆਪ ਨੂੰ ਖੁਸ਼ ਮਹਿਸੂਸ ਕਰਦੇ ਹਾਂ ਅਸੀਂ ਪਿਆਰ ਵਿਚ ਆ ਜਾਂਦੇ ਹਾਂ, ਅਸੀਂ ਉਸਨੂੰ ਪਿਆਰ ਕਹਿੰਦੇ ਹਾਂ। ਜਦੋਂ ਸਾਨੂੰ ਕੋਈ ਚੀਜ਼ ਕੁਛ ਬੁਰਾ ਲਗਦਾ ਹੈ ਚੰਗਾ ਨਹੀਂ ਲਗਦਾ ਸਾਨੂੰ ਦੁਖ ਹੁੰਦਾ ਹੈ, ਅਸੀਂ ਦੁਖੀ ਹੁੰਦੇ ਹਾਂ, ਸਾਨੂੰ ਨਫਰਤ ਹੁੰਦੀ ਹੈ। ਵਾਸਤਵ ਵਿਚ ਦੇਖਿਆ ਜਾਏ ਅਸੀਂ ਹਰ ਸਮੇਂ ਹੀ ਬਾਹਰੀ ਪ੍ਰਭਾਵ ਥੱਲੇ ਰਹਿੰਦੇ ਹਾਂ ਤੇ ਇਸ ਤਰ੍ਹਾਂ ਦੀ ਪ੍ਰਤਿਕ੍ਰਿਆ ਕਰਦੇ ਹਾਂ ਜਿਵੇਂ ਮੱਛੀ ਕਿਸੇ ਤੁਫਾਨ ਵਾਲੇ ਪਾਣੀ ਵਿਚ ਹੋਵੇ। ਸਾਨੂੰ ਆਪਣੇ ਅੰਦਰ ਦੇ ਸੰਸਾਰ ਵਿਚ ਰਹਿਣਾ ਸਿੱਖਣਾ ਚਾਹੀਦਾ ਹੈ, ਸਾਨੂੰ ਇਹੋ ਜਿਹੀ ਸ਼ਾਂਤੀ ਆਪਣੇ ਅੰਦਰ ਸਥਾਪਤ ਕਰਨੀ ਚਾਹੀਦੀ ਹੈ, ਇਸ ਤਰ੍ਹਾਂ ਨਾਲ ਸਮਾਚਿਤ ਹੋਣਾ ਚਾਹੀਦਾ ਹੈ, ਜਿਹੜਾ ਬਾਹਰ ਦੀ ਕਿਸੇ ਚੀਜ਼ ਨਾਲ ਨਾ ਅਸ਼ਾਂਤ ਹੋ ਸਕੇ ਜਦੋਂ ਅਸੀਂ ਬਾਹਰ ਦੇ ਸੰਸਾਰ ਵਿਚ ਵਧੇਰੇ ਵਿਚਰਦੇ ਹਾਂ ਫੇਰ ਅੰਦਰ ਸ਼ਾਂਤ ਹੋਣਾ ਔਖਾ ਹੋ ਜਾਂਦਾ ਹੈ। ਸਾਡੀ ਸਿਖਿਆ, ਸਾਡਾ ਸਭਿਆਚਾਰ ਸਾਨੂੰ ਬਿਲਕੁਲ ਵੀ ਸਮਾਂ ਨਹੀਂ ਦਿੰਦਾ ਕਿ ਅਸੀਂ ਆਪਣੇ ਅੰਦਰ ਜਾ ਸਕੀਏ, ਅਸ਼ਾਂਤ ਸੰਸਾਰ ਤੋਂ ਪਰ੍ਹੇ ਹੋ ਸਕੀਏ।

ਖਾਣਾ, ਸੌਣਾ, ਸਰੀਰ ਦਾ ਬਚਾਵ ਜਾਂ ਕਹਿ ਲਓ ਡਰ ਤੇ ਕਾਮ ਪ੍ਰਵਿਰਤੀ ਇਹ ਸਾਡੀਆਂ ਮੁੱਢਲੀਆਂ ਜ਼ਰੂਰਤਾਂ ਹਨ ਤੇ ਇਹ ਸਾਡੇ ਵਿਅਕਤੀ ਗਤਿ ਸੰਵੇਗ ਨੂੰ ਪ੍ਰਭਾਵਤ ਕਰਦੇ ਹਨ। ਇਹ ਪੁਰਾਤਨ ਮੁਢਲੀਆਂ ਪ੍ਰਵਿਰਤੀਆਂ ਹੀ ਇਕ ਤਰ੍ਹਾਂ ਜਾਂ ਦੂਸਰੀ ਤਰ੍ਹਾਂ ਕਾਬੂ ਕਰਦੀਆਂ ਹਨ, ਕੰਟਰੋਲ ਕਰਦੀਆਂ ਹਨ। ਕਾਮ ਪ੍ਰਵਿਰਤੀ ਦਾ ਸੁਪਨਾ ਇਕ ਵਾਰੀ ਚੰਗਾ ਲਗੇਗਾ ਭਾਵੇਂ ਤੁਸੀਂ ਉਹ ਦੇਖ ਕੇ ਚੰਗਾ ਵੀ ਮਹਿਸੂਸ ਕਰੋ, ਖਾਣੇ ਵਾਲਾ ਸੁਪਨਾ ਸ਼ਾਇਦ ਤੁਹਾਡੀ ਭੁੱਖ ਨਾ ਮਿਟਾ ਸਕੇ। ਕਾਰਣ ਇਕ ਬਹੁਤ ਹੀ ਸਿੱਧਾ ਹੈ, ਕਾਮ ਤੁਹਾਡੇ ਮਨ ਦੀ ਅਵਸਥਾ ਹੈ ਖਾਣ ਦੀ ਭੁੱਖ ਤੁਹਾਡੇ ਸਰੀਰ ਦੀ ਭੁੱਖ ਹੈ, ਸਰੀਰ ਦੀ ਲੋੜ ਹੈ। ਇਹ ਦੱਸ ਦੇਣਾ ਅਵੱਸ਼ਕ ਹੈ ਇਕ ਜਾਂ ਦੂਸਰੀ ਤਰ੍ਹਾਂ ਇਹ ਸਾਰੇ ਬਾਹਰੀ ਪ੍ਰਭਾਵ ਸਾਡੇ ਮਨ ਨੂੰ ਅਸ਼ਾਂਤ ਕਰਦੇ ਹਨ। ਅਸੀਂ ਬਾਹਰੀ ਸੰਸਾਰ ਵਿਚ ਕੀਤੀਆਂ ਪ੍ਰਤੀਕ੍ਰਿਆ ਲਈ ਵਧੇਰੇ ਚੌਕਸ ਹਾਂ, ਅੰਦਰ ਦੀਆਂ ਪ੍ਰਤੀਕ੍ਰਿਆ ਲਈ ਅਸੀਂ ਐਨੇ ਵੱਧ ਚੌਕਸ ਨਹੀਂ ਹਾਂ। ਬਾਹਰੀ ਸੰਸਾਰ ਸਾਡੇ ਜੀਵਨ ਵਧੇਰੇ ਕੰਟਰੋਲ ਕਰਦਾ ਹੈ ਇਸ ਤਰ੍ਹਾਂ ਨਾਲ ਸਾਡਾ ਵਿਕਾਸ ਨਹੀਂ ਹੋ ਸਕਦਾ ਉਹ ਕਿਵੇਂ? ਅਸੀਂ ਆਪਣੇ ਆਪ ਨੂੰ ਦੂਸਰਿਆਂ ਦੇ ਅੱਗੇ ਪਰਗਟ ਨਹੀਂ ਕਰਨਾ ਚਾਹੁੰਦੇ, ਅਸੀਂ ਆਪਣੀਆਂ ਕਮਜ਼ੋਰੀਆਂ ਵੀ ਨਹੀਂ ਪ੍ਰਗਟ ਕਰਨਾ ਚਾਹੁੰਦੇ, ਜਿਸ ਕਰਕੇ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਕਦੀ ਠੀਕ ਹੀ ਨਹੀਂ ਕਰਦੇ, ਕੋਈ ਅਵਸਰ ਹੀ ਨਹੀਂ ਹੁੰਦਾ ਅਸੀਂ ਕਿਸੇ ਨੂੰ ਮੌਕਾ ਨਹੀਂ ਦਿੰਦੇ ਕਿ ਸਾਡੀਆਂ ਕਮੀਆਂ ਦੱਸੇ ਤਾਂ ਜੋ ਅਸੀਂ ਠੀਕ ਕਰ ਸਕੀਏ। ਦੋ ਤਿਹਾਈ ਸਾਡੀ ਸਖਸ਼ੀਅਤ ਸਾਡੀ ਚੇਤਨਾ ਤੋਂ ਪਰ੍ਹੇ ਹੈ, ਸਾਡੇ ਕਾਬੂ ਤੋਂ ਪਰ੍ਹੇ ਹੈ। ਅਸੀਂ ਦੂਸਰਿਆਂ ਨਾਲ ਰਹਿੰਦੇ ਹਾਂ ਪਰ ਜਾਨਣ ਦੀ ਕੋਸ਼ਿਸ਼ ਨਹੀਂ

ਕਰਦੇ ਅਸੀਂ ਆਪਣੇ ਆਪ ਨੂੰ ਹੀ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ, ਅਸੀਂ ਤਾਂ ਆਪਣੇ ਆਪ ਨੂੰ ਖੁਸ਼ ਕਰਨ ਲਈ ਹੀ ਦੂਸਰਿਆਂ ਨੂੰ ਪਿਆਰ ਕਰਦੇ ਹਾਂ। ਅਸੀਂ ਤਾਂ ਦੂਸਰਿਆਂ ਤੋਂ ਇਹ ਆਸ ਰਖਦੇ ਹਾਂ ਇਹ ਸਾਡੀਆਂ ਸਾਰੀਆਂ ਗੱਲਾਂ ਮੰਨਣ ਜੋ ਅਸੀਂ ਕਹੀਏ ਉਹ ਹੀ ਇਹ ਕਰਨ। ਅਸੀਂ ਹਰ ਤਰ੍ਹਾਂ ਦੀ ਸੰਤੁਸ਼ਟੀ ਬਾਹਰ ਦੇ ਸੰਸਾਰ ਵਿਚੋਂ ਹੀ ਲੱਭਦੇ ਹਾਂ ਕਿਉਂਕਿ ਅਸੀਂ ਆਪਣੇ ਅੰਦਰ ਜਾ ਕੇ ਆਪਾ ਚੀਨਣਾ ਸਿਖਿਆ ਹੀ ਨਹੀਂ ਅਸੀਂ ਆਪਣੀਆਂ ਲੋੜਾਂ ਨੂੰ ਜਾਣਿਆ ਹੀ ਨਹੀਂ, ਆਪਣੇ ਆਪੇ ਨੂੰ ਪਛਾਣਿਆ ਹੀ ਨਹੀਂ। ਅਸੀਂ ਸੋਚਦੇ ਹਾਂ ਸਾਰਾ ਸੰਸਾਰ ਸਾਡਾ ਹੈ ਪਰ ਇਹ ਅਸੀਂ ਮੰਨਣ ਨੂੰ ਤਿਆਰ ਹੀ ਨਹੀਂ ਕਿ ਅਸੀਂ ਵੀ ਕਿਸੇ ਦੇ ਹਾਂ ਅਸੀਂ ਵੀ ਦੂਸਰਿਆਂ ਦੇ ਹਾਂ। ਅਸੀਂ ਦੂਸਰਿਆਂ ਨੂੰ ਆਪਣੇ ਜੀਵਨ ਵਿਚ ਝਾਤੀ ਪਾਉਣ ਹੀ ਨਹੀਂ ਦਿੰਦੇ, ਅਸੀਂ ਆਪਣੇ ਸੰਸਾਰ ਵਿਚ ਵਧੇਰੇ ਸਮਾਂ ਲਗਾਉਣਾ ਚਾਹੁੰਦੇ ਹਾਂ, ਪਰ ਇਹ ਕਰਨ ਤੋਂ ਐਨਾ ਡਰਦੇ ਹਾਂ ਕਿ ਅਸੀਂ ਛੇਤੀ ਹੀ ਆਪਣੇ ਆਪ ਤੋਂ ਦੌੜ ਜਾਂਦੇ ਹਾਂ। ਸਾਨੂੰ ਚਾਹੀਦਾ ਹੈ ਅਸੀਂ ਸੰਸਾਰ ਬਾਰੇ ਆਪਣੇ ਬਾਰੇ ਹੋਰ ਜਾਣੀਏ, ਦੂਸਰਿਆਂ ਲਈ ਸਾਂਝਾ ਕਰੀਏ।

ਜੇ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ ਉਹ ਤੁਹਾਨੂੰ ਕਦੀ ਦੁਖ ਨਹੀਂ ਪਹੁੰਚਾ ਸਕਦਾ, ਫੇਰ ਵੀ ਅਸੀਂ ਆਪਣੇ ਅੰਦਰ ਦੇ ਅਨੁਭਵ ਆਪਣੇ ਪਿਆਰਿਆਂ ਨਾਲ ਸਾਂਝੇ ਨਹੀਂ ਕਰ ਸਕਦੇ। ਅਸੀਂ ਆਪਣੇ ਆਲੇ ਦੁਆਲੇ ਕੰਧ ਉਸਾਰ ਕੇ ਰਖਦੇ ਹਾਂ, ਆਪਣੇ ਪਿਆਰਿਆਂ ਨੂੰ ਆਪਣੇ ਅੰਦਰ ਝਾਤੀ ਨਹੀਂ ਪਾਉਣ ਦਿੰਦੇ, ਫੇਰ ਓਪਰਿਆਂ ਲਈ ਹੋਰ ਨਾਕਾਬੰਦੀ ਲਾਈ ਹੋਈ ਹੈ। ਜਦੋਂ ਲੋਕ ਇਕੱਠੇ ਰਹਿੰਦੇ ਹਨ ਉਸਨੂੰ ਇਕ ਦੂਸਰੇ ਦੇ ਅਨੁਕੂਲ ਹੋਣ ਲਈ ਬਹੁਤ ਦੇਰ ਲਗ ਜਾਂਦੀ ਹੈ ਕਿਉਂਕਿ ਉਨ੍ਹਾਂ ਦੇ ਅੰਦਰ ਦੇ ਜੀਵਨ ਇਕ ਦੂਸਰੇ ਅੱਗੇ ਖੁਲ੍ਹ ਜਾਂਦੇ ਹਨ। ਇਹ ਅਨੁਕੂਲ ਹੋਣ ਦਾ ਸਮੇਂ ਨੂੰ ਚੰਗੀ ਤਰ੍ਹਾਂ ਨਾਲ ਸਮਝਿਆ ਹੀ ਨਹੀਂ ਜਾਂਦਾ ਤੇ ਲੋਕੀ ਇਸੇ ਸਮੇਂ ਵਿਚ ਹੀ ਇਕ ਦੂਸਰੇ ਨੂੰ ਛੱਡ ਕੇ ਪਾਸੇ ਹੋ ਜਾਂਦੇ ਹਨ ਤੇ ਕਿਸੇ ਹੋਰ ਨੂੰ ਲੱਭ ਲੈਂਦੇ ਹਨ ਤੇ ਸੋਚਦੇ ਹਨ ਕਿ ਏਸ ਨਾਲ ਉਹ ਚੰਗੀ ਤਰ੍ਹਾਂ ਅਨੁਕੂਲ ਹੋ ਸਕਣਗੇ। ਜਿਸਨੂੰ ਜਾਣਦੇ ਹੋ ਉਸ ਨਾਲ ਇਕਸਾਰ ਹੋਣਾ ਅਨੁਕੂਲ ਹੋਣਾ ਵਧੇਰੇ ਠੀਕ ਹੈ, ਬਜਾਏ ਇਸ ਦੇ ਕਿ ਤੁਸੀਂ ਕੋਈ ਨਵਾਂ ਲੱਭੋ। ਜਾਨਣ ਵਾਲੇ ਨੂੰ ਸੋਧਣਾ ਜਾਂ ਆਪਣੇ ਆਪ ਨੂੰ ਉਸ ਅਨੁਸਾਰ ਸੋਧਣਾ ਵਧੇਰੇ ਸੌਖਾ ਹੈ, ਕਿਸੇ ਹੋਰ ਨਵੇਂ ਨੂੰ ਲੱਭਣ ਨਾਲੋਂ।

ਅਸੀਂ ਆਪਣੇ ਸੰਵੇਗਾਂ ਦੇ ਅਤਿਆਚਾਰ ਤੋਂ ਕਿਵੇਂ ਬਚ ਸਕਦੇ ਹਾਂ, ਆਪਣੇ ਪੁਰਾਤਨ ਉਤੇਜਨਾ ਤੋਂ ਕਿਵੇਂ ਬਚ ਸਕਦੇ ਹਾਂ, ਸਾਨੂੰ ਸਿਖਣਾ ਚਾਹੀਦਾ ਹੈ ਕਿ ਅਸੀਂ ਦੂਸਰਿਆਂ ਤੋਂ ਕਿਵੇਂ ਪ੍ਰਭਾਵਿਤ ਨਾ ਹੋਈਏ, ਇਹ ਵੀ ਸਮਝਣਾ ਚਾਹੀਦਾ ਹੈ ਕਿ ਸਾਡੇ ਜੀਵਨ ਦੇ ਉਦੇਸ਼ ਕੀ ਹੈ? ਜੋ ਅਸੀਂ ਕਰਦੇ ਹਾਂ ਉਸ ਦਾ ਉਦੇਸ਼ ਕੀ ਹੈ? ਖਾਂਦੇ ਤਾਂ ਸਾਰੇ ਹੀ ਹਨ ਕੁੱਤੇ, ਆਦਮੀ, ਮਹਾਂਪੁਰਖ, ਸੁਆਮੀ ਸਾਰੇ ਪਰ ਕਿਉਂ ਖਾਂਦੇ ਹਾਂ, ਕਿਵੇਂ ਖਾਈਏ? ਕਿਉਂ ਖਾਈਏ? ਇਹ ਇਕ ਕਲਾ ਹੈ। ਇਹ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਇਸਨੂੰ ਕੰਟਰੋਲ ਵੀ ਕਰਨਾ ਚਾਹੀਦਾ ਹੈ। ਅਸੀਂ ਜੀਉਣਾ ਕਿਉਂ ਚਾਹੁੰਦੇ ਹਾਂ? ਇਹ ਠੀਕ ਹੈ ਕਿ ਸਾਨੂੰ ਸਾਰਿਆਂ ਨੂੰ ਲੰਮੀ ਉਮਰ ਦੀ ਚੇਸ਼ਟਾ ਕਰਨੀ ਚਾਹੀਦੀ ਹੈ, ਇਕ ਸੌ ਸਾਲ ਜੀਉਣ ਦੀ ਆਸ ਰੱਖਣੀ ਚਾਹੀਦੀ ਹੈ, ਲੰਮੀ ਉਮਰ ਦੀ ਆਸ ਤਾਂ ਆਤਮ ਸਿੱਧੀ ਲਈ ਕਰਨੀ ਚਾਹੀਦੀ ਹੈ, ਖਾ ਪੀ ਕੇ ਮੌਜ ਕਰਨ ਲਈ ਨਹੀਂ। ਆਪਣੇ ਆਪ ਉਤੇ ਕਾਬੂ ਪਾਉਣ ਤੋਂ ਭਾਵ ਹੈ ਆਪਣੇ ਜੀਵਨ ਨੂੰ ਨਿਯਮਬੱਧ ਕਰਨਾ, ਸਰੀਰਕ ਪੱਖੋਂ ਨਿਯਮ ਬੱਧ ਕਰਨਾ, ਸਾਨੂੰ ਸਿਖਣਾ ਚਾਹੀਦਾ ਹੈ ਇਹ ਕਿਵੇਂ ਕਰੀਏ, ਇਹ ਕਿਵੇਂ ਹੋਏ।

ਬਾਹਰੀ ਪ੍ਰੇਰਨਾ ਤੇ ਨਿਰਭਰ ਹੋ ਕੇ ਮਨ ਸਦਾ ਹੀ ਖੇਰੂੰ ਖੇਰੂੰ ਹੋਇਆ ਰਹਿੰਦਾ ਹੈ, ਉਖੜਿਆ ਮਨ ਕਿਤੇ ਹੋਰ ਹੀ ਹੁੰਦਾ ਹੈ ਬਿਖਰੇ ਮਨ ਤੇ ਕੋਈ ਕਾਬੂ ਨਹੀਂ ਹੁੰਦਾ। ਇਹ ਠੀਕ ਹੈ ਮਨ ਦੇ ਦੋ ਹਿੱਸੇ ਹਨ ਸਵੈ ਚਲਿਤ, ਸਵੈ ਇਛਤ ਤੇ ਦੂਸਰਾ ਅਣ ਇੱਛਤ ਪਰ ਮਨ ਤੁਹਾਡਾ ਆਪਣਾ ਨਹੀਂ ਹੈ ਜਦੋਂ ਤਕ ਕਿ ਤੁਸੀਂ ਉਸ ਨੂੰ ਕਾਬੂ ਵਿਚ ਨਹੀਂ ਕਰੋ, ਮਾਲਕ ਆਪਣੇ ਮਨ ਨੂੰ ਹਰ ਪਾਸਿਓਂ ਕੰਟਰੋਲ ਕਰ ਸਕਦਾ ਹੈ। ਜਦੋਂ ਅਸੀਂ ਬਹੁਤ ਸਾਰੇ ਤਾਂ ਆਪਣੇ ਮਨ ਦੇ ਕਾਬੂ ਵਿਚ ਹੀ ਹਾਂ, ਮਨ ਸਾਡੇ ਕਾਬੂ ਨਹੀਂ ਅਸੀਂ ਮਨ ਦੇ ਕਾਬੂ ਹਾਂ, ਦੂਸਰੀ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ, ਸਾਡਾ ਮਨ ਹੀ ਸਾਨੂੰ ਪ੍ਰੇਰਦਾ ਹੈ ਅਸੀਂ ਇਹ ਕਰ ਲਈਏ ਉਹ ਕਰ ਲਈਏ, ਅਸੀਂ ਕਰਮਾਂ ਦੇ ਫਲ ਤੋਂ ਮੁਕਤ ਨਹੀਂ ਹਾਂ, ਕਰਮਾਂ ਦਾ ਫਲ ਤਾਂ ਨਾਲੋਂ ਨਾਲ ਹੀ ਮਿਲ ਰਿਹਾ ਹੈ।

ਆਪਣੇ ਉਤੇ ਕਾਬੂ ਪਾਉਣ ਲਈ ਇੱਛਾ ਸ਼ਕਤੀ ਹੋਣੀ ਬਹੁਤ ਅਵਸ਼ਕ ਹੈ। ਇੱਛਾ ਸ਼ਕਤੀ ਲਈ, ਮਨ ਤੇ ਸਰੀਰ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ, ਇੱਛਾ ਸ਼ਕਤੀ ਕੋਈ ਵੱਖਰਾ ਸ਼ਕਤੀ ਦਾ ਸਰੋਤ ਨਹੀਂ ਹੈ। ਆਮ ਤੌਰ ਤੇ ਸਾਡੇ ਮਨ ਤਾਂ ਖੇਰੂੰ ਹੋਏ ਹੀ ਰਹਿੰਦੇ ਹਨ, ਜਦੋਂ ਮਨ ਇਕਾਗਰ ਹੋ ਜਾਂਦਾ ਹੈ ਇਕ ਚੀਜ਼ ਤੇ ਇਕੱਤਰ ਹੋ ਜਾਂਦਾ ਹੈ ਸਾਡੀ ਇੱਛਾ ਸ਼ਕਤੀ ਕੰਮ ਕਰਦੀ ਹੈ। ਖੇਰੂੰ ਮਨ, ਅਸ਼ਾਂਤ ਮਨ ਦੀ ਕੋਈ ਇੱਛਾ ਸ਼ਕਤੀ ਨਹੀਂ ਹੁੰਦੀ। ਜਿਸ ਨੇ ਵੀ ਮਨ ਦੇ ਵੱਖ-ਵੱਖ ਕਾਰਜ ਸਮਝ ਲਏ ਉਹ ਆਪਣਾ ਸਵਾਮੀ ਬਣ ਗਿਆ, ਜਿਸ ਨੇ ਮਨ ਨੂੰ ਕਾਬੂ ਕਰ ਲਿਆ ਹੈ ਉਸ ਨੇ ਆਪਣੇ ਉਤੇ ਵਿਜੈ ਪਾ ਲਈ ਹੈ, 'ਮਨ ਜੀਤੈ ਜਗ ਜੀਤ'

ਇਕ ਯੋਗ ਦੇ ਮਾਸਟਰ ਦੇ ਕਰਮਾਂ ਵਿਚ ਕੀ ਵਿਲੱਖਣਤਾ ਹੈ। ਸਾਡੀ ਤਰ੍ਹਾਂ ਉਸ ਦੇ ਜੀਵਨ ਦਾ ਵੀ ਉਦੇਸ਼ ਹੈ ਉਹ ਵੀ ਕਰਮ ਕਰਦਾ ਹੈ। ਇਹੋ ਜਿਹਾ ਸਵਾਮੀ ਪੂਰੀ ਤਰ੍ਹਾਂ ਨਾਲ ਕੁਝ ਵੀ ਕਰਨ ਲਈ ਸੁਤੰਤਰ ਨਹੀਂ ਹੁੰਦਾ ਪਰ ਉਹ ਜੋ ਵੀ ਕਰਦਾ ਹੈ ਉਸਨੂੰ ਜਾਣਦਾ ਹੈ, ਸਮਝਦਾ ਹੈ, ਉਹ ਕਿਉਂ ਕਰ ਰਿਹਾ ਹੈ। ਉਹ ਆਪਣੀ ਡੀਊਟੀ ਕਰ ਰਿਹਾ ਹੈ, ਆਪਣਾ ਫਰਜ਼ ਪੂਰਾ ਕਰ ਰਿਹਾ ਹੈ ਉਹ ਕੋਈ ਆਪਣੇ ਮਨ ਦਾ ਗੁਲਾਮ ਨਹੀਂ ਹੈ, ਕਰਮ ਦਾ ਫਲ ਉਹ ਨਹੀਂ ਲੈਂਦਾ ਉਹ ਤਾਂ ਮਾਨਵਤਾ ਨੂੰ ਅਰਪਣ ਕਰਦਾ ਹੈ ਪ੍ਰਭੂ ਨੂੰ ਅਰਪਣ ਕਰਦਾ ਹੈ। ਉਹ ਤਾਂ ਉਸ ਘੁਮਾਰ ਦੀ ਤਰ੍ਹਾਂ ਹੈ ਜਿਸ ਦਾ ਚੱਕਾ ਭਾਂਡਾ ਬਣ ਜਾਣ ਤੋਂ ਬਾਅਦ ਵੀ ਚੱਕਾ ਘੁੰਮਦਾ ਰਹਿੰਦਾ ਹੈ, ਉਹ ਤਾਂ ਪੂਰੀ ਤਰ੍ਹਾਂ ਨਾਲ ਰੁੱਤਿਆ ਰਹਿੰਦਾ ਹੈ, ਕਰਮ ਕਰਦਿਆਂ, ਸੁਚੱਜੀ ਤਰ੍ਹਾਂ ਕਰਮ ਕਰਦਾ ਹੈ, ਨਿਸ਼ਕਾਮ ਕਰਮ ਕਰਦਾ ਹੈ ਤੇ ਕਰਮ ਫਲ ਸੁਤੰਤਰ ਹੋ ਕੇ ਦਿੰਦਾ ਹੈ। ਉਹ ਤਾਂ ਕੇਵਲ ਇਹ ਹੀ ਦੇਖਦਾ ਹੈ ਭਾਂਡੇ ਸੋਹਣੇ ਤੇ ਪੱਕੇ ਬਣਨ, ਉਹ ਉਨ੍ਹਾਂ ਨੂੰ ਆਪਣੇ ਕਾਬੂ ਵਿਚ ਨਹੀਂ ਰਖਦਾ, ਹਰ ਕੋਈ ਕਰਮ ਕਰਦਾ ਹੈ ਪਰ ਰਹੱਸ ਇਹ ਹੈ ਕਿ ਕਰਮ ਨਿਸ਼ਕਾਮ ਹੋ ਕੇ ਕਰਨੇ ਚਾਹੀਦੇ ਹਨ, ਕਿਸੇ ਫਲ ਦੀ ਇੱਛਾ ਨਹੀਂ ਰੱਖੋ।

ਕਰਮਾਂ ਦੀ ਰੱਸੀ ਵਿਚ ਮਨ ਦੀ ਡੋਰੀ ਬੜੀ ਸੂਖਮ ਤੇ ਪੱਕੀ ਹੈ, ਕਾਰਜ ਕਰਨ ਨਾਲੋਂ ਕੰਮ ਕਰਨ ਨਾਲੋਂ ਕਿਤੇ ਪੱਕੀ ਹੈ। ਪੱਛਮ ਵਿਚ ਮਨੋਵਿਗਿਆਨ ਅਸੀਂ ਕਈ ਪੱਖਾਂ ਬਾਰੇ ਚੰਗੀ ਤਰ੍ਹਾਂ ਦੇਖਦੇ ਹਾਂ, ਜਾਣਦੇ ਹਾਂ। ਮਨ, ਸੰਵੇਗ, ਅਨੁਭਵ ਤੇ ਮਨੋਪ੍ਰਵਿਰਤੀਆਂ ਤੇ ਹੋਰ ਬਹੁਤ ਕੁਝ। ਪੂਰਬ ਵਿਚ ਮਨ ਨੂੰ ਹੋਰ ਤਰ੍ਹਾਂ ਨਾਲ ਦੇਖਿਆ ਜਾਂਦਾ ਹੈ, ਜਿਵੇਂ ਪੰਤਾਜਲ ਨੇ ਜਾਂਚਿਆ ਹੈ ਵੇਦਾਂਤ ਫਿਲੋਸਫੀ ਨੇ ਜਾਂਚਿਆ ਹੈ। ਯੋਗੀ ਮਨ ਨੂੰ ਅਨੁਭਵ ਨਾਲ ਦੇਖਦੇ ਹਨ ਉਨ੍ਹਾਂ ਨੇ ਆਪਾ ਚੀਨ ਕੇ ਮਨ ਦੇਖਿਆ ਹੈ। ਉਨ੍ਹਾਂ ਨੇ ਮਨ ਦੀਆਂ ਅਵਸਥਾ ਮੈਡੀਟੇਸ਼ਨ ਕਰਕੇ ਦੇਖੀਆਂ ਹਨ ਉਨ੍ਹਾਂ ਨੇ ਮਨ ਦੀ ਚੌਥੀ ਅਵਸਥਾ ਦੇ ਪ੍ਰਮਾਣ ਦਿੱਤੇ ਹਨ, ਜਿਸਨੂੰ ਅਸੀਂ ਨੀਂਦ ਤੋਂ ਬਿਨਾਂ ਸੌਣਾ ਕਹਿੰਦੇ ਹਾਂ ਜਿੱਥੇ ਸਮਾਚਿਤ ਹੈ ਜਿਥੇ ਸਭ ਕੁਝ ਇਕਸਾਰ ਹੈ ਜਿਸਨੂੰ ਸਮਾਧੀ ਕਹਿੰਦੇ ਹਨ। ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਨੂੰ ਆਪਣੇ ਉਤੇ ਪੂਰਾ ਕਾਬੂ ਆ ਜਾਂਦਾ ਹੈ ਆਪਣੀ ਪੂਰੀ ਸਮਝ ਆ ਜਾਂਦੀ ਹੈ। ਮਿਸਾਲ ਵਜੋਂ ਤੁਸੀਂ ਦੇਖੋ ਈਸਾ ਜੀ ਨੇ ਪਾਣੀ ਦੀ ਮਧਰਾ ਕਿਵੇਂ ਬਣਾਈ? ਉਹ ਇਸ ਪ੍ਰਕਾਰ ਕਿਉਂ ਕਰ ਸਕੇ ਕਿਉਂਕਿ ਉਹ ਚੌਥੀ ਅਵਸਥਾ ਵਿਚ ਜਾ ਸਕਦੇ ਸੀ ਤੇ ਉਹ ਗਏ ਜਿਥੇ ਉਨ੍ਹਾਂ ਨੂੰ ਆਪਣੇ ਆਪ ਤੇ ਪੂਰਾ ਪੂਰਾ ਕੰਟਰੋਲ ਸੀ, ਸਥਿਤੀ ਤੇ ਪੂਰਾ ਕਾਬੂ ਸੀ। ਇਸ ਚੌਥੀ ਅਵਸਥਾ ਵਿਚ ਪਹੁੰਚ ਕੇ ਈਸਾ ਜੀ ਨੇ ਆਪਣਾ ਪਿਆਰ ਲੋਕਾਂ ਲਈ ਪ੍ਰਗਟਾਇਆ ਤੇ ਸਭ ਨੂੰ ਨਿਹਾਲ ਕੀਤਾ, ਕੁਦਰਤ ਨੂੰ ਵੀ ਨਿਹਾਲ ਕੀਤਾ ਤੇ ਇਸ ਤਰ੍ਹਾਂ ਨਾਲ ਪਾਣੀ ਦੀ ਮਦਰਾ ਬਣ ਗਈ।

ਮੈਡੀਟੇਸ਼ਨ ਕਰਕੇ ਇਹ ਸਾਰੀਆਂ ਚੀਜ਼ਾਂ ਆ ਸਕਦੀਆਂ ਹਨ ਜੇ ਮੈਡੀਟੇਸ਼ਨ ਕਰਕੇ ਲੋਕੀ ਛੋਟੀਆਂ ਚੀਜ਼ਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਫੇਰ ਇਹ ਤਾਂ ਉਨ੍ਹਾਂ ਦੀ ਇੱਛਾ ਹੈ। ਭਾਵੇਂ ਹੁਣ ਭਾਵੇਂ ਦੇਰ ਨਾਲ ਮੈਡੀਟੇਸ਼ਨ ਉਚੀ ਅਵਸਥਾ ਤੇ ਲੈ ਹੀ ਜਾਏਗੀ। ਮੈਡੀਟੇਸ਼ਨ ਦਾ ਮਹੱਤਵ ਵਾਸਤਵ ਵਿਚ ਆਤਮ ਸਿੱਧੀ ਹੀ ਹੈ ਤੇ ਜੁਗਤ ਨਾਲ ਨਿਸ਼ਕਾਮ ਕਰਮ ਕਰਨੇ। ਅੰਤ ਵਿਚ ਆਤਮ ਸਿੱਧੀ ਦੀ ਇੱਛਾ ਤੁਹਾਡੀ ਹਉਮੈ ਨੂੰ ਖਤਮ ਕਰ ਦੇਵੇਗੀ, ਆਤਮ ਸਿੱਧੀ ਜੀਵਨ ਦਾ ਇਕ ਮਾਤਰ ਉਦੇਸ਼ ਰਹਿ ਜਾਂਦਾ ਹੈ।

*************

(ਪੰਨਾ 43 ਦਾ ਬਾਕੀ)

ਦਿਤਾ। ਬਾਅਦ ਵਿਚ ਵੀ ਬਹੁਤ ਮੁਸਕਿਲਾਂ ਆਈਆਂ, ਪਰ ਆਪ ਜੀ ਦੀ ਮਿਹਰ ਨਾਲ ਸਭ ਝੱਖੜ ਲੰਘ ਗਏ। ਬਹੁਤ ਬਿਖੜੇ ਦਾਉ 'ਚੋਂ ਪ੍ਰੇਮੀ ਗੁਜਰੇ, ਪਰ ਇਕੋ ਦੀ ਉਟ ਨੇ ਸਭ ਕੁਝ ਠੀਕ ਕਰ ਦਿਤਾ। ਆਪ ਜੀ ਦੇ ਸਰੀਰ ਦੀ ਅਣਹੋਂਦ ਸਭ ਨੂੰ ਚੁਭਦੀ ਹੈ। ਬਹੁਤ ਔਖਾ ਵੀ ਹੁੰਦਾ। ਪਰ ਆਪ ਜੀ ਦੀ ਮੌਜੂਦਗੀ ਦਾ ਅਹਿਸਾਸ ਹਰ ਰੂਹ ਨੂੰ ਛੁਹ ਜਾਂਦਾ ਹੈ। ਰਤਵਾੜਾ ਸਾਹਿਬ ਦੇ ਚੌਗਿਰਦੇ ਵਿਚ ਇਕ ਅਜੀਬ ਚੁੰਬਕੀਯ ਸ਼ਕਤੀ ਹੈ। ਹਰ ਚੀਜ਼ ਨਵੀਂ ਹੀ ਪ੍ਰਤੀਤ ਹੁੰਦੀ ਹੈ। ਆਪ ਜੀ ਦੀ ਮਹਿਮਾ ਤਾਂ ਕਹੀ ਹੀ ਨਹੀਂ ਜਾ ਸਕਦੀ। ਤਦੇ ਤਾਂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਐਸੇ ਪਿਆਰੇ, ਐਸੇ ਬੀਤਰਾਗ ਅਵਸਥਾ ਦੇ ਮਹਾਂਪੁਰਖ ਸਾਰੀਆਂ ਬਰਕਤਾਂ ਦੇ ਭੰਡਾਰ ਹੁੰਦੇ ਹਨ। ਉਨ੍ਹਾਂ ਦੀ ਸ਼ਰਨ 'ਚ ਜਾਇਆਂ ਦੁਖ ਦਰਦ, ਤਕਲੀਫਾਂ ਦਾ ਨਾਸ ਹੁੰਦਾ ਹੈ। ਸੁੱਖ ਮਿਲਦਾ ਹੈ। ਉਨ੍ਹਾਂ ਦੇ ਦਰਸ਼ਨ ਕਰਦੀ ਸਾਰ ਪਾਪ ਨਾਸ ਹੋਣੇ ਸ਼ੁਰੂ ਹੋ ਜਾਂਦੇ ਹਨ। ਸਾਰੇ ਪਾਪ ਨਾਸ ਹੁੰਦੇ ਹਨ ਅਰ ਗੁਰਬਾਣੀ ਤਾਕੀਦ ਕਰ ਰਹੀ ਹੈ ਕਿ ਸਭ ਸਿਆਣਪਾਂ ਛੱਡ ਕੇ ਐਸੇ ਮਹਾਂਪੁਰਸ਼ਾਂ ਦੀ, ਗੁਰਮੁਖਾਂ ਦੀ ਕਾਰ ਕਮਾਉਣੀ ਚਾਹੀਦੀ ਹੈ। ਫਿਰ ਹੋਏਗਾ ਕੀ? ਆਉਣ ਜਾਣ ਦਾ ਚੱਕਰ ਮੁੱਕ ਜਾਏਗਾ, ਸਾਨੂੰ ਵੀ ਐਸੀ ਪਿਆਰੀ ਰੂਹ ਦਾ ਮੇਲ ਹੋਵੇ। ਉਨ੍ਹਾਂ ਦਾ ਪਿਆਰ ਹਰ ਪ੍ਰੇਮੀ ਨੇ ਰੱਜ ਕੇ ਮਾਣਿਆ ਹੈ। ਗੁਰੂ ਕ੍ਰਿਪਾ ਕਰਨ, ਉਨ੍ਹਾਂ ਮਹਾਨ ਯੁਗਪੁਰਸ਼ਾਂ ਦੀ ਯਾਦ 'ਚ ਉਨ੍ਹਾਂ ਦੇ ਪਿਆਰ ਵਿਚ ਹੀ ਇਹ ਜੀਵਨ ਲਗ ਜਾਵੇ।

*********

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ ਪੰਜਵਾਂ

## ਇਕਾਗਰ ਹੋਣ ਦੀਆਂ ਕੁਝ ਝਲਕਾਂ

ਇਕ ਆਮ ਬੰਦੇ ਦਾ ਮਨ ਤਾਂ ਖਿੰਡਿਆ ਹੋਇਆ ਮਨ ਹੈ ਉਹ ਤਾਂ ਇਕ ਵਿਚਾਰ ਜਿਹੜਾ ਮਨ ਵਿਚ ਆਉਂਦਾ ਹੈ ਉਸ ਨੂੰ ਤੋੜ ਤੱਕ ਨਹੀਂ ਲੈ ਕੇ ਜਾ ਸਕਦਾ, ਨਹੀਂ ਪਹੁੰਚਾ ਸਕਦਾ। ਵਿਚਾਰਾਂ ਵਿਚ ਕੋਈ ਨਿਰੰਤਰਤਾ ਨਹੀਂ ਕੋਈ ਲੜੀ ਨਹੀਂ ਕਿਉਂਕਿ ਉਸ ਦੇ ਮਨ ਤੇ ਤਾਂ ਸਰੀਰ ਦਾ ਕੰਟਰੋਲ ਹੈ ਜਾਂ ਜੋ ਕੁਝ ਵੀ ਬਾਹਰ ਵਾਪਰਦਾ ਹੈ ਉਹ ਹੀ ਉਸ ਨੂੰ ਪ੍ਰੇਰਦਾ ਹੈ। ਵਾਸਤਵ ਵਿਚ ਸਰੀਰ ਮਨ ਦਾ ਹੀ ਇਕ ਪਰਛਾਵਾਂ ਹੈ। ਸਰੀਰ ਤਾਂ ਮਨ ਦਾ ਹੀ ਬਣਾਇਆ ਹੋਇਆ ਇਕ ਢਾਂਚਾ ਹੈ ਮਨ ਦੇ ਪ੍ਰਗਟਾਵੇ ਲਈ ਹੀ ਬਣਿਆ ਹੈ। ਇਹ ਇਕ ਬਹੁਤ ਹੀ ਬੇਤੁਕੀ ਗੱਲ ਹੈ ਕਿ ਸਰੀਰ ਮਨ ਨੂੰ ਕੰਟਰੋਲ ਕਰੇ, ਹੁੰਦਾ ਤਾਂ ਇਹ ਹੈ ਕਿ ਮਾਲਕ ਨੌਕਰ ਨੂੰ ਕੰਟਰੋਲ ਕਰਦਾ ਹੈ, ਨਾ ਕਿ ਨੌਕਰ ਮਾਲਕ ਨੂੰ।

ਇਕਾਗਰ ਹੋਣ ਤੋਂ ਭਾਵ ਹੈ ਕਿ ਖੇਰੂੰ ਹੋਏ ਮਨ ਨੂੰ ਇਕੱਠਾ ਕਰਨਾ ਕਿਉਂਕਿ ਇਕਾਗਰ ਹੋ ਕੇ ਹੀ ਮਨ ਸੰਯੁਕਤ ਕਿਰਿਆ ਕਰ ਸਕਦਾ ਹੈ। ਇਕਾਗਰ ਹੋ ਕੇ ਹੀ ਮਨ ਦੀਆਂ ਸਾਰੀਆਂ ਸ਼ਕਤੀਆਂ ਇਕ ਵਿਚਾਰ ਇਕ ਵਿਸ਼ੇ ਤੇ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ। ਸ਼ੁਰੂ ਸ਼ੁਰੂ ਤੇ ਜਦੋਂ ਕੋਈ ਵੀ ਆਰੰਭਕ ਇਕਾਗਰ ਹੋਣ ਦੀ ਕੋਸ਼ਿਸ਼ ਕਰਦਾ ਹੈ, ਮਨ ਕਾਫੀ ਬਗਾਵਤ ਕਰਦਾ ਹੈ ਕਿਉਂਕਿ ਜਿਹੜਾ ਮਨ ਸਾਧਿਆ ਨਹੀਂ ਹੋਇਆ ਉਸ ਲਈ ਇਕਾਗਰ ਹੋਣਾ ਔਖਾ ਹੋ ਜਾਂਦਾ ਹੈ, ਸੁਚੇਤ ਹੋ ਕੇ ਇਕਾਗਰ ਹੋਣਾ ਮੁਸ਼ਕਿਲ ਲਗਦਾ ਹੈ, ਕਿਸੇ ਵਿਸ਼ੇ ਤੇ ਕਿਸੇ ਵਿਚਾਰ ਤੇ ਦੇਰ ਤਕ ਮਨ ਨੂੰ ਇਕਾਗਰ ਰੱਖਣਾ ਬਹੁਤ ਹੀ ਔਖਾ ਕੰਮ ਹੈ। ਜਦੋਂ ਜਗਿਆਸੂ ਆਪਣੀ ਸੋਚ ਨੂੰ ਹੌਲੀ ਕਰਦਾ ਹੈ ਉਸ ਦੀ ਗਤੀ ਘਟਾਉਂਦਾ ਹੈ ਜਿਵੇਂ ਕਿ ਵਿਚਾਰ ਕਾਬੂ ਵਿਚ ਨਹੀਂ ਆਉਂਦੇ ਵਿਚਾਰ ਬਹੁਤ ਹੀ ਛੇਤੀ ਬਹੁਤ ਹੀ ਤੇਜ਼ ਗਤੀ ਨਾਲ ਮਨ ਵਿਚੋਂ ਨਿਕਲਦੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਮਨ ਕਦੀ ਵੀ ਵਿਚਾਰਾਂ ਤੋਂ ਖਾਲੀ ਨਹੀਂ ਰਹਿੰਦਾ। ਜਦੋਂ ਇਕ ਚਿੰਤਾ ਖਤਮ ਹੋ ਜਾਂਦੀ ਹੈ ਝੱਟਪਟ ਦੂਸਰੀ ਆ ਕੇ ਉਸ ਦਾ ਥਾਂ ਮੱਲ ਲੈਂਦੀ ਹੈ ਇਸੇ ਹੀ ਤਰ੍ਹਾਂ ਮਨ ਏਧਰ ਓਧਰ ਭਟਕਦਾ ਹੀ ਰਹਿੰਦਾ ਹੈ। ਜਾਂ ਫੇਰ ਕਲਪਨਾ ਰਾਹੀਂ ਜਾਂ ਕਿਸੇ ਅਨੋਖੇ ਵਿਚਾਰ ਰਾਹੀਂ ਮਨ ਉਖੜਿਆ ਹੀ ਰਹਿੰਦਾ ਹੈ, ਇਹ ਗੱਲਾਂ ਮਨ ਨੂੰ ਇਕਾਗਰ ਨਹੀਂ ਹੋਣ ਦਿੰਦੀਆਂ, ਨਾ ਕਿਸੇ ਵਿਸ਼ੇ ਤੇ ਨਾ ਕਿਸੇ ਵਿਚਾਰ ਤੇ।

ਵਾਸਤਵ ਵਿਚ ਮਨ ਦੀਆਂ ਸੰਭਾਵਨਾਵਾਂ ਤਾਂ ਲੁਕੀਆਂ ਪਈਆਂ ਹਨ। ਕਈ ਪੜਦਿਆਂ ਪਿੱਛੇ ਜਾਂ ਕਹਿ ਲਓ ਕਈ ਤਹਿਆਂ ਥੱਲੇ ਦਬੀਆਂ ਪਈਆਂ ਹਨ। ਉਹ ਤਹਿਆਂ ਹਨ 1. ਪ੍ਰਵਿਰਤੀਆਂ 2. ਮਨੋਵੇਗ 3. ਸੰਵੇਗ 4. ਮਨੋਦਸ਼ਾ, ਭਾਵਕ ਦਸ਼ਾ 5. ਭਾਵ ਭਰੀ ਚਿੰਤਾ 6. ਮਨ ਦੀ ਲਹਿਰ ਤਰੰਗ 7. ਅਨੁਮਾਨ ਇਹ ਸਭ ਮਨ ਉਤੇ ਪਈਆਂ ਪਰਤਾਂ ਹਨ, ਸਾਨੂੰ ਚਾਹੀਦਾ ਹੈ ਅਸੀਂ ਇਕ ਇਕ ਚੰਗੀ ਤਰ੍ਹਾਂ ਸਮਝੀਏ ਜਾਣੀਏ। ਮਿਸਾਲ ਵਜੋਂ ਪ੍ਰਵਿਰਤੀ ਸਾਨੂੰ ਇਕ ਦਮ ਕਰਮ ਕਰਨ ਲਈ ਉਤੇਜਿਤ ਕਰਦੀ ਹੈ। ਸੰਸਾਰ ਦੀ ਸਾਰੀ ਰਚਨਾ ਸਾਰੇ ਪ੍ਰਾਣੀਮਾਤਰ ਦੀਆਂ ਦੋ ਬਹੁਤ ਹੀ ਸ਼ਕਤੀਸ਼ਾਲ ਪ੍ਰਵਿਰਤੀਆਂ ਹਨ ਆਪਾ ਸੰਭਾਲ ਦੀ ਦੂਸਰੀ ਪੁਨਰ ਪੇਸ਼ ਕਰਨ। ਭੁੱਖ ਆਤਮ ਸੰਭਾਲ ਦਾ ਪ੍ਰਗਟਾਵਾ ਹੈ ਲੋਭ ਪੁਨਰ ਪੇਸ਼ ਕਰਨ ਪ੍ਰਵਿਰਤੀ ਦਾ ਪ੍ਰਗਟਾਵਾ ਹੈ। ਫੇਰ ਸਾਡੀਆਂ ਤਿੰਨ ਪ੍ਰਕਾਰ ਦੇ ਮਨੋਵੇਗ ਹਨ 1. ਵਿਚਾਰ ਮਨੋਵੇਗ 2. ਬੋਲਣ ਦਾ ਬਚਨਾਂ ਦਾ 3. ਕਰਮ ਕਰਨ ਦਾ, ਇਨ੍ਹਾਂ ਦਾ ਬਹੁਤ ਗਹਿਰਾ ਸਬੰਧ ਕਲਪਨਾ ਨਾਲ ਹੈ, ਜਿਸ ਨੂੰ ਤਰਕ ਤੇ ਇੱਛਾ ਸ਼ਕਤੀ ਨਾਲ ਕਾਬੂ ਕੀਤਾ ਜਾ ਸਕਦਾ ਹੈ।

ਸੰਵੇਗ, ਮਨੋਦਸ਼ਾ, ਭਾਵ ਭਰੀ ਚਿੰਤਾ ਇਹ ਸਭ ਇਕ ਦੂਸਰੇ ਨਾਲ ਜੁੜੇ ਹੋਏ ਹਨ ਪਰ ਹਰ ਇਕ ਦਾ ਮਾਨਸਿਕ ਸੰਸਾਰ ਵਿਚ ਇਨ੍ਹਾਂ ਦੀ ਆਪਣੀ ਭੂਮਿਕਾ ਹੈ। ਸੰਵੇਗ, ਸੋਚ ਤੇ ਇੱਛਾ ਦਾ ਮਿਸ਼ਰਨ ਹੈ, ਸੰਵੇਗ ਡੂੰਘੀ ਇੱਛਾ ਹੈ ਜਾਂ ਸੋਚ ਨਾਲ ਮਿਲੀ ਹੋਈ ਹੈ ਮੁਢਲੇ ਦੋ ਹੀ ਸੰਵੇਗ ਹਨ ਪਿਆਰ ਤੇ ਨਫਰਤ ਬਹੁਤ ਸਾਰੇ ਹੋਰ ਸੰਵੇਗ ਤਾਂ ਇਨ੍ਹਾਂ ਵਿਚੋਂ ਹੀ ਨਿਕਲਦੇ ਹਨ। ਮਿਸਾਲ ਵਜੋਂ ਸਤਿਕਾਰ, ਮਾਣ, ਸ਼ਰਧਾ ਤੇ ਪਿਆਰ ਦਾ ਮਿਸ਼ਰਨ ਹੈ। ਬਹੁਤ ਸਾਰੇ ਭਾਵਾਂ ਵੇਸ਼ ਹਨ ਪਰ ਉਨ੍ਹਾਂ ਵਿਚੋਂ ਤਿੰਨ ਸਭ ਤੋਂ ਵੱਧ ਮਹੱਤਵ ਪੂਰਣ ਹਨ ਉਹ ਹਨ 1. ਮਜ਼ਹਬ ਦਾ ਭਾਵਾ ਵੇਸ਼ 2. ਸਦਾਚਾਰੀ ਦਾ ਜਾਂ ਕਹਿ ਲਓ ਨੇਕ ਚਲਣ ਦਾ ਭਾਵਾ ਵੇਸ਼ 3. ਸੁਹਜਵਾਦ ਦਾ ਭਾਵਾ ਵੇਸ਼। ਪਰ ਇਥੋਂ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਭਾਵਨਾਵਾਂ ਤੇ ਭਾਵ ਭਰੀ ਚਿੰਤਾ ਇਹ ਇਕ ਤਰ੍ਹਾਂ ਦੇ ਛਲਰੂਪ ਹਨ, ਮਾਇਆ ਹਨ, ਮਨ ਵਿਚ ਧੋਖਾ ਪੈਦਾ ਕਰਦੇ ਹਨ, ਛਲ ਪੈਦਾ ਕਰਦੇ ਹਨ। ਮਨੋਦਸ਼ਾ ਮਨ ਨੂੰ ਆਪਣਾ ਗੁਲਾਮ ਬਣਾਉਂਦੀ ਹੈ, ਦਾਸ ਬਣਾਉਂਦੀ ਹੈ। ਸੰਸਕ੍ਰਿਤ ਵਿਚ ਮਨ ਨੂੰ 'ਭਾਵ' ਕਿਹਾ

ਗਿਆ ਹੈ ਸਭ ਤੋਂ ਉਤਮ ਦੋ ਭਾਵ ਹਨ ਪ੍ਰਸੰਨਤਾ ਜਾਂ ਕਹਿ ਲਵੋ ਖੇੜਾ ਅਨੰਦ ਦੂਸਰਾ ਹੈ ਦੁਖ ਅਫਸੋਸ ਜਾਂ ਕਹਿ ਲਓ ਉਦਾਸੀ ਖਿੰਨਤਾ। ਸਾਧਾਰਨ ਤੌਰ ਤੇ ਮਨ ਇਕ ਤੋਂ ਦੂਸਰੇ ਭਾਵ ਵਿਚ ਡੋਲ੍ਹਦਾ ਰਹਿੰਦਾ ਹੈ, ਕਦੀ ਇਕ ਕਦੀ ਦੂਸਰਾ, ਨਤੀਜੇ ਵਜੋਂ ਮਨ ਕਦੀ ਵੀ ਇਨ੍ਹਾਂ ਭਾਵਾਂ ਵਿਚੋਂ ਨਿਕਲ ਕੇ ਉਚੀ ਸੋਚ ਤੱਕ ਜਾਂ ਉਚੇ ਅਨੁਭਵ ਤਕ ਨਹੀਂ ਪਹੁੰਚਣ ਦਿੰਦਾ। ਕੇਵਲ ਇਕੋ ਲਾਭਕਾਰੀ ਮਨੋਦਸ਼ਾ ਹੈ, ਉਹ ਹੈ ਮੈਡੀਟੇਸ਼ਨ ਦੀ, ਮੈਡੀਟੇਸ਼ਨ ਨਾਲ ਇਕ ਦਮ ਇਕਾਗਰਤਾ ਆਉਂਦੀ ਹੈ, ਬਿਨਾਂ ਕੋਈ ਜ਼ੋਰ ਪਾਇਆ ਕੋਸ਼ਿਸ਼ ਕੀਤਿਆਂ। ਮਨਮੌਜ ਅਨੁਮਾਨ ਸਭ ਵਿਚ ਹਨ ਜਦੋਂ ਕਿਸੇ ਵਿਚ ਇਨ੍ਹਾਂ ਦੀ ਮਾਤਰਾ ਵੱਧ ਜਾਂਦੀ ਹੈ ਉਹ ਵਿਕੇਂਦਰੀ ਚੱਕਰ, ਅਕੇਂਦਰੀ ਚੱਕਰ ਜਾਂ ਕਹਿ ਲਓ ਖਬਤੀ ਹੋ ਜਾਂਦਾ ਹੈ। ਮਨਮੌਜ ਦੇ ਪ੍ਰਭਾਵ ਥੱਲੇ ਮਨ ਲਤਾੜਿਆ ਜਾਂਦਾ ਹੈ ਤੇ ਸੰਤਾਪ ਵਿਚ ਆ ਜਾਂਦਾ ਹੈ। ਅਨੁਮਾਨ ਇਕ ਤਰ੍ਹਾਂ ਦਾ ਖਿਆਲ ਹੈ ਬੌਧਿਕ ਯੋਗਤਾ ਦਾ ਖਿਆਲ ਤੇ ਕਲਪਨਾ ਤੋਂ ਥੱਲੇ ਹੈ। ਇਹ ਇਕ ਕਵਿ ਦਾ ਸਹਾਇਕ ਹੋ ਸਕਦਾ ਹੈ ਕਿਸੇ ਕਲਾਕਾਰ ਦਾ ਸਹਾਈ ਹੋ ਸਕਦਾ ਹੈ ਪਰ ਯੋਗੀ ਦਾ ਨਹੀਂ ਜਦੋਂ ਉਹ ਇਕਾਗਰ ਹੋਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਅੱਜ ਦਾ ਵਿਗਿਆਨ ਮਨ ਦੀ ਸੁਧਾਈ ਪੂਰਨ ਰੂਪ ਵਿਚ ਲੈਂਦਾ ਹੈ ਜਿਸ ਵਿਚ ਸੰਵੇਗ, ਭਾਵਾ ਵੇਸ਼, ਸਰੀਰ ਵਿਚ ਗ੍ਰੰਥੀਆਂ ਦਾ ਰਸ ਜਿਵੇਂ ਕਿ Thyroid, pineal, thymus ਤੇ ਹੋਰ ਇਨ੍ਹਾਂ ਦੀ ਕੀ ਭੂਮਿਕਾ ਹੈ, ਜਦੋਂ ਇਹ ਰਸ ਸਰੀਰ ਵਿਚ ਜਾਂਦਾ ਹੈ, ਸਰੀਰ ਵਿਚ ਕਈ ਤਰ੍ਹਾਂ ਦੇ ਬਦਲਾਵ ਆਉਂਦੇ ਹਨ ਜਿਸ ਨਾਲ ਮਨੁੱਖ ਦਾ ਤਾਪਮਾਨ ਤੇ ਹੋਰ ਕਿੰਨਾ ਕੁਝ ਪ੍ਰਭਾਵਿਤ ਹੁੰਦਾ ਹੈ।

ਯੋਗ ਵਿਗਿਆਨ ਵਧੇਰੇ ਸੂਖਮ ਵਿਆਖਿਆ ਦਿੰਦਾ ਹੈ ਕਿ ਮਨ ਕਿਉਂ ਬੇਚੈਨ ਹੈ, ਯੋਗ ਦਾ ਕਹਿਣਾ ਹੈ ਕਿ ਮਨੁੱਖ ਸੰਵੇਗਾਂ ਤੇ ਕਾਬੂ ਪਾ ਸਕਦਾ ਹੈ, ਮਨ ਤੇ ਕਾਬੂ ਪਾਉਣ ਤੋਂ ਬਾਅਦ। ਯੋਗ ਵਿਗਿਆਨ ਦਾ ਕੇਂਦਰ ਬਿੰਦੂ ਸਾਡੇ ਜਾਨਣ ਤੇ ਹੈ, ਵਿਸ਼ਲੇਸ਼ਨ ਕਰਨ ਤੇ ਮਨ ਦੀ ਸਿਖਿਆ ਤੇ ਹੈ ਉਸਨੂੰ ਕੰਟਰੋਲ ਕਰਨ ਤੇ ਹੈ, ਚੇਤਨ ਮਨ ਤੇ ਕਾਬੂ ਤੇ ਨਾਲ ਹੀ ਅਚੇਤਨ ਤੇ ਕਾਬੂ ਪਾਉਣਾ ਹੈ। ਹਜ਼ਾਰਾਂ ਸਾਲਾਂ ਤੋਂ ਯੋਗੀਆਂ ਨੇ ਇਹ ਜਾਣ ਲਿਆ ਹੈ ਕਿ ਚੇਤਨ ਮਨ ਭਾਵੇਂ ਕਿੰਨਾਂ ਹੀ ਮਹੱਤਵਪੂਰਣ ਕਿਉਂ ਨਾ ਹੋਵੇ ਪਰ ਉਹ ਤਾਂ ਕੇਵਲ ਬਾਹਰੀ ਸੰਸਾਰ ਦੇ ਕੁਝ ਕੰਮ ਕਰਦਾ ਹੈ, ਕੁਝ ਡੀਊਟੀਆਂ ਕਰਦਾ ਹੈ ਜੋ ਕਿ ਸਭ ਕੁਝ ਬਾਹਰੀ ਹੈ, ਓਪਰਾ ਹੈ। ਅਚੇਤ ਮਨ ਕਿਤੇ ਵੱਧ ਮਹੱਤਵਪੂਰਣ ਹੈ, ਅਚੇਤ ਮਨ ਵਿਚ ਪ੍ਰੇਰਨਾ ਹੈ, ਜੋ ਕੁਝ ਵੀ ਮਨੁੱਖ ਕਰਦਾ ਹੈ ਉਸ ਦੀ ਪ੍ਰੇਰਨਾ ਅਚੇਤ ਮਨ ਵਿਚੋਂ ਆਉਂਦੀ ਹੈ। ਪ੍ਰੇਰਨਾ ਅਚੇਤ ਮਨ ਵਿਚੋਂ ਆਉਂਦੀ ਹੈ ਇਹ ਗੱਲ ਮਨੋਵਿਗਿਆਨ ਨੇ ਹੁਣ ਜਾਣੀ ਹੈ ਤੇ ਅਚੇਤ ਮਨ ਤੇ ਅਜੇ ਕੋਈ ਹੋਰ ਪੱਖਾਂ ਤੇ ਖੋਜ ਚਲ ਰਹੀ ਹੈ ਪਰ ਅਜੇ ਵੀ ਬਹੁਤ ਕੁਝ ਉਹ ਹੈ ਜਿਹੜਾ ਸਮਝਿਆ ਨਹੀਂ ਗਿਆ।

ਯੋਗ ਵਿਗਿਆਨ ਵਿਚ ਇਕ ਮਿਸਾਲ ਦਿਤੀ ਜਾਂਦੀ ਹੈ ਕਿ ਮਨ ਕਿਵੇਂ ਹੈ ਉਸ ਨੂੰ ਸਮਝਣ ਲਈ। ਮਨ ਇਕ ਝੀਲ ਦੀ ਤਰ੍ਹਾਂ ਹੈ ਜਿਸ ਵਿਚ ਵਿਚਾਰਾਂ ਦੀਆਂ ਵ੍ਰਿਤੀਆਂ ਦੀਆਂ ਲਹਿਰਾਂ ਉਠਦੀਆਂ ਹਨ, ਇਕਾਗਰ ਹੋਣ ਦਾ ਅਭਿਆਸ ਕਰਨ ਨਾਲ ਇਹ ਲਹਿਰਾਂ ਸ਼ਾਂਤ ਹੁੰਦੀਆਂ ਹਨ ਜਦੋਂ ਵਿਚਾਰ ਸ਼ਾਂਤ ਹੋ ਜਾਂਦੇ ਹਨ ਜਗਿਆਸੂ ਆਪਣਾ ਪਰਛਾਵਾਂ ਝੀਲ ਦੇ ਪਾਣੀ ਵਿਚ ਦੇਖ ਸਕਦਾ ਹੈ, ਆਪਣਾ ਵਾਸਤਵਿਕ ਸੁਭਾਅ ਜਾਣ ਸਕਦਾ ਹੈ, ਇਸ ਕਰਕੇ ਯੋਗ ਵਿਗਿਆਨ ਅਨੁਸਾਰ ਮਨੁੱਖ ਦੇ ਮਨ ਦੀਆਂ ਕੇਵਲ ਤਿੰਨ ਪੌੜੀਆਂ ਹੀ ਨਹੀਂ ਭਾਵ ਜਾਗਤ, ਸੁਪਨਾ ਤੇ ਸੌਣਾ। ਇਕ ਚੌਥੀ ਅਵਸਥਾ ਵੀ ਹੈ ਜਿਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ ਜਿਹੜੀ ਉਪਚੇਤਨ ਅਵਸਥਾ ਹੈ ਉਪ ਚੇਤਨ ਅਵਸਥਾ ਪ੍ਰਾਪਤ ਕਰਨ ਲਈ ਮਨ ਇਕਾਗਰ ਕਰਨਾ ਪੈਂਦਾ ਹੈ, ਇਕਾਗਰ ਹੋਣ ਤੋਂ ਬਾਅਦ ਉਹ ਉਪ ਚੇਤਨ ਅਵਸਥਾ ਵਿਚ ਚਲਾ ਜਾਂਦਾ ਹੈ। ਇਕਾਗਰ ਹੋਣ ਤੋਂ ਭਆਵ ਹੈ ਕਿ ਸਾਰੀਆਂ ਬੁਰਾਈਆਂ, ਸਾਰੀ ਗੰਦਗੀ ਕੱਢ ਦੇਣੀ ਤੇ ਮਨ ਦੀਆਂ ਸਾਰੀਆਂ ਸ਼ਕਤੀਆਂ ਇਕੱਠੀਆਂ ਕਰਕੇ ਮਨ ਨੂੰ ਇਕਾਗਰ ਕਰ ਲੈਣਾ ਤੇ ਉਸਨੂੰ ਉਪਚੇਤਨਾ ਤੇ ਲੈ ਜਾਣਾ।

ਰੋਜ਼ ਦੇ ਜੀਵਨ ਵਿਚ ਅਸੀਂ ਬਹੁਤ ਸਾਰੀਆਂ ਚੀਜ਼ਾਂ ਤੇ ਮਨ ਇਕਾਗਰ ਕਰਦੇ ਹਾਂ, ਬਹੁਤ ਤਰੀਕਿਆਂ ਨਾਲ ਕਰਦੇ ਹਾਂ, ਜਦੋਂ ਅਸੀਂ ਸੂਈ ਵਿਚ ਧਾਗਾ ਪਾਉਂਦੇ ਹਾਂ ਅਸੀਂ ਇਕਾਗਰ ਹੁੰਦੇ ਹਾਂ, ਜਦੋਂ ਅਸੀਂ ਭੀੜ ਵਾਲੀ ਸੜਕ ਤੇ ਕਾਰ ਚਲਾਉਂਦੇ ਹਾਂ ਅਸੀਂ ਇਕਾਗਰ ਹੋ ਕੇ ਚਲਾਉਂਦੇ ਹਾਂ। ਇਸ ਤਰ੍ਹਾਂ ਨਾਲ ਇਕਾਗਰ ਹੋਣਾ ਇਕ ਤਰ੍ਹਾਂ ਬਾਹਰੀ ਰੂਪ ਹੈ, ਜਿਸ ਵਿਚ ਜੁੜ ਕੇ ਅਸੀਂ ਆਪਣਾ ਪਿਆਰ ਇਕਾਗਰ ਕਰਦੇ ਹਾਂ, ਇਕਾਗਰ ਹੋਣਾ 'ਧਾਰਨਾ' ਜਿਵੇਂ ਪੰਤਾਜਲ ਨੇ ਕਿਹਾ ਹੈ ਇਹ ਇਕ ਅੰਦਰ ਦਾ ਕਾਰਜ ਹੈ ਮਨ ਦਾ ਕਾਰਜ ਹੈ ਇਕ ਕੋਈ ਪੱਠਿਆਂ ਦਾ ਕੰਮ ਨਹੀਂ ਹੈ, ਪੱਠਿਆਂ ਦਾ ਅਭਿਆਸ ਨਹੀਂ ਹੈ। ਇਹ ਸਭ ਕੁਝ ਤਾਂ ਚੇਤਨ ਅਵਸਥਾ ਵਿਚ ਹੀ ਹੁੰਦਾ ਹੈ ਤੇ ਸਾਡੀ ਇੱਛਾ ਸ਼ਕਤੀ ਤੋਂ ਇਸ ਨੂੰ ਆਦੇਸ਼ ਮਿਲਦਾ ਹੈ। ਦੂਸਰੇ ਸ਼ਬਦਾਂ ਵਿਚ ਤੁਸੀਂ ਕਹਿ ਸਕਦੇ ਹੋ ਕਿ ਅੰਦਰੋਂ ਇਕੱਠੇ ਹੋ ਕੇ ਤੁਸੀਂ ਕਿਸੇ ਚੀਜ਼ ਤੇ ਇਕਾਗਰ ਕਰ ਸਕਦੇ ਹੋ ਤੇ ਇੱਛਾ ਸ਼ਕਤੀ ਦੀ ਵਰਤੋਂ ਕਰ ਸਕਦੇ ਹੋ। ਜਦੋਂ ਤੁਸੀਂ ਕਿਸੇ ਚੀਜ਼ ਨੂੰ ਲਗਾਤਾਰ ਧਿਆਨ ਦਿੰਦੇ ਹੋ, ਉਹ ਧਿਆਨ ਇਕਾਗਰਤਾ ਬਣ ਜਾਂਦਾ ਹੈ।

ਇਕਾਗਰ ਹੋਣ ਲਈ ਧਿਆਨ ਦੀ ਲੋੜ ਹੈ। ਧਿਆਨ ਦੋ ਪ੍ਰਕਾਰ ਦਾ ਹੈ, ਇਕ ਸਵੈਇੱਛਤ ਦੂਸਰਾ, ਆਪਣੇ ਆਪ ਧਿਆਨ ਚਲਾ ਜਾਣਾ, ਦੂਸਰਾ ਹੈ ਤੁਸੀਂ ਆਪਣੇ ਆਪ ਨੂੰ ਧਿਆਨ ਦੇਣ ਲਈ ਜ਼ੋਰ ਪਾਉਂਦੇ ਹੋ, ਤੁਸੀਂ ਸੁਚੇਤ ਹੋ ਕੇ ਧਿਆਨ ਦਿੰਦੇ ਹੋ। ਇਕ ਧਿਆਨ ਉਹ ਹੈ ਜਿਹੜਾ ਤੁਸੀਂ ਆਪਣੇ ਆਪ ਨੂੰ ਸੁਚੇਤ ਕਰਕੇ ਆਪਣੇ ਆਪ ਨੂੰ ਕਾਬੂ ਕਰਕੇ ਧਿਆਨ ਦਿੰਦੇ ਹੋ, ਇਸ ਨੂੰ ਸਵੈਇਛਤ ਕਹਿੰਦੇ ਹਨ। ਇਸ ਲਈ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ, ਦ੍ਰਿੜ੍ਹਤਾ ਦੀ ਲੋੜ ਹੈ ਤੇ ਮਾਨਸਿਕ ਸਾਧਨਾ ਦੀ ਲੋੜ ਹੈ। ਦੂਸਰੀ ਕਿਸਮ ਦਾ ਧਿਆਨ ਹੈ ਜਿਹੜਾ ਆਪਣੇ ਆਪ ਹੀ ਖਿਚਿਆ ਜਾਂਦਾ ਹੈ ਇਕ ਦਮ ਤੁਸੀਂ ਕਿਸੇ ਚੀਜ਼ ਵਲ ਆਕਰਸ਼ਿਤ ਹੁੰਦੇ ਹੋ ਤੇ ਤੁਹਾਡਾ ਧਿਆਨ ਉਸ ਵਲ ਚਲਾ ਜਾਂਦਾ ਹੈ ਤੇ ਕੀਲਿਆ ਜਾਂਦਾ ਹੈ। ਇਸ ਲਈ ਕਿਸੇ ਅਭਿਆਸ ਦੀ ਲੋੜ ਨਹੀਂ ਕਿਸੇ ਇੱਛਾ ਸ਼ਕਤੀ ਦੀ ਲੋੜ ਨਹੀਂ, ਇਸ ਕਿਸਮ ਦਾ ਧਿਆਨ ਬੱਚਿਆਂ ਵਿਚ ਹੁੰਦਾ ਹੈ। ਇਕਾਗਰ ਹੋਣ ਲਈ ਤੁਹਾਨੂੰ ਸਵੈ ਇੱਛਤ ਧਿਆਨ ਦੀ ਲੋੜ ਹੈ।

ਅੱਜ ਦੇ ਕੁਝ ਅਧਿਆਪਕ ਆਪਣੀ ਧਾਰਨਾਵਾਂ ਬਣਾ ਕੇ ਅੱਗੇ ਕਰਦੇ ਹਨ ਆਪਣੇ ਪੜ੍ਹਾਉਣ ਤੇ ਤਰੀਕਿਆਂ ਨੂੰ ਹੀ ਠੀਕ ਦਸਦੇ ਹਨ ਇਥੋਂ ਤਕ ਕਹਿੰਦੇ ਹਨ ਕਿ ਬਿਨਾਂ ਇਕਾਗਰ ਹੋਇਆਂ ਵੀ ਮੈਡੀਟੇਸ਼ਨ ਕੀਤੀ ਜਾ ਸਕਦੀ ਹੈ। ਇਹ ਤਾਂ ਇਕ ਝੂਠਾ ਦਾਅਵਾ ਹੈ ਕਿਉਂਕਿ ਇਕਾਗਰਤਾ ਜਦੋਂ ਬਹੁਤ ਡੂੰਘੀ ਹੋ ਜਾਂਦੀ ਹੈ ਇਹ ਆਪਣੇ ਆਪ ਵਿਚ ਹੀ ਮੈਡੀਟੇਸ਼ਨ ਬਣ ਜਾਂਦੀ ਹੈ। ਜੇ ਖੇਰੂੰ ਹੋਏ ਮਨ ਨੂੰ ਨਾ ਇਕੱਠਾ ਕੀਤਾ ਜਾਵੇ ਫੇਰ ਤਾਂ ਸਾਰੇ ਮੈਡੀਟੇਸ਼ਨ ਦੇ ਤਰੀਕੇ ਬਿਲਕੁਲ ਹੀ ਨਖਿੱਧ ਰਹਿ ਜਾਣਗੇ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਇਹ ਗੱਲ ਜਾਣ ਜਾਏ ਸਮਝ ਜਾਏ ਕਿ ਇਕਾਗਰਤਾ ਬਹੁਤ ਜ਼ਰੂਰੀ ਹੈ, ਆਵਸ਼ਕ ਹੈ, ਉਸ ਨੂੰ ਇਹੋ ਜਿਹੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੀਦਾ ਹੈ ਕਿ ਇਕਾਗਰਤਾ ਨਾਲ ਅਸ਼ਾਂਤੀ ਹੁੰਦੀ ਹੈ ਜਾਂ ਇਹੋ ਜਿਹਾ ਕੁਝ ਹੋਰ।

ਵੱਖ-ਵੱਖ ਤਰੀਕੇ ਹਨ, ਵੱਖ ਵੱਖ ਤਕਨੀਕਾਂ ਹਨ ਇਹ ਦੱਸਣ ਲਈ ਕਿ ਮਨ ਨੂੰ ਕਿਵੇਂ ਇਕਾਗਰ ਕੀਤਾ ਜਾਵੇ। ਮਿਸਾਲ ਵਜੋਂ ਵਿਦਿਆਰਥੀ ਨੂੰ ਇਕ ਸਮਾਂ ਰੱਖਣਾ ਚਾਹੀਦਾ ਹੈ ਜਿਸ ਸਮੇਂ ਉਹ ਇਕੋ ਥਾਂ ਤੇ ਬੈਠ ਕੇ ਮੈਡੀਟੇਸ਼ਨ ਕਰੇ ਆਪਣਾ ਧਿਆਨ ਜੋੜੇ, ਧਿਆਨ ਕਿਸੇ ਠੀਕ ਥਾਂ ਤੇ ਬੈਠ ਕੇ ਲਗਾਉਣਾ ਚਾਹੀਦਾ ਹੈ, ਤੁਸੀਂ ਇੱਕਲੇ ਬੈਠੋ, ਦ੍ਰਿੜ੍ਹ ਨਿਸ਼ਚਾ ਹੋਵੇ ਕਿ ਤੁਸੀਂ ਕਿਸੇ ਵੀ ਚੀਜ਼ ਨਾਲ ਅਸ਼ਾਂਤ ਨਹੀਂ ਹੋਵੋਗੇ ਤੇ ਤੁਸੀਂ ਐਨੇ ਸਮੇਂ ਲਈ ਬੈਠੋਗੇ। ਕਮਰਾ ਬਿਲਕੁਲ ਸ਼ਾਂਤ ਹੋਣਾ ਚਾਹੀਦਾ ਹੈ, ਸਾਫ ਹੋਣਾ ਚਾਹੀਦਾ ਹੈ, ਕੰਧਾਂ ਉਤੇ ਕੋਈ ਫੋਟੋ ਕੋਈ ਤਸਵੀਰਾਂ ਨਹੀਂ ਹੋਣੀਆਂ ਚਾਹੀਦੀਆਂ। ਕਮਰੇ ਵਿਚ ਜ਼ੋਰ ਦੀ ਹਵਾ ਦਾ ਝੌਂਕਾ ਵੀ ਨਹੀਂ ਆਉਣਾ ਚਾਹੀਦਾ, ਰੌਸ਼ਨੀ ਵੀ ਬਹੁਤ ਤੇਜ਼ ਨਹੀਂ ਹੋਣੀ ਚਾਹੀਦੀ। ਤਾਪਮਾਨ ਵੀ ਠੀਕ ਹੀ ਹੋਣਾ ਚਾਹੀਦਾ ਹੈ, ਪੇਟ ਭਰ ਕੇ ਇਕ ਦਮ ਧਿਆਨ ਲਈ ਨਹੀਂ ਬੈਠਣਾ ਚਾਹੀਦਾ। ਇਸ ਨਾਲ ਤੁਸੀਂ ਔਖੇ ਹੁੰਦੇ ਹੋ ਤੇ ਨੀਂਦ ਆਉਂਦੀ ਹੈ। ਜੇ ਤੁਸੀਂ ਮਾਨਸਿਕ ਪੱਖੋਂ ਜਾਂ ਸਰੀਰ ਵਲੋਂ ਥੱਕੇ ਹੋਏ ਹੋ ਤਾਂ ਕਦੀ ਵੀ ਧਿਆਨ ਵਿਚ ਨਹੀਂ ਬੈਠੋ ਫੇਰ ਤੁਸੀਂ ਸਿਰਫ ਇਕ ਮੁੱਢਲਾ ਵਿਹਾਰ ਜਾਂ ਕਹਿ ਲਓ ਇਕ ਪ੍ਰਾਰੰਭਕ ਤੌਰ ਤੇ ਥੋੜ੍ਹਾ ਜਿਹਾ ਕਰ ਲਓ।

ਜੇ ਤੁਸੀਂ ਠੀਕ ਤਰੀਕੇ ਨਾਲ ਸਿੱਧੇ ਬੈਠੋ ਇਕਾਗਰ ਹੋਣਾ ਸੌਖਾ ਹੋ ਜਾਂਦਾ ਹੈ ਮਨ ਤੇ ਸਰੀਰ ਨਿਸਲ ਹੋ ਜਾਂਦੇ ਹਨ। ਜਦੋਂ ਤੁਸੀਂ ਪ੍ਰਾਣਾਯਾਮ ਨਾਲ ਨਾੜੀਆਂ ਨੂੰ ਸਾਫ ਕਰ ਲੈਂਦੇ ਹੋ। ਏਸ ਕਰਕੇ ਇਹ ਅਵੱਸ਼ਕ ਹੈ ਕਿ ਤੁਸੀਂ ਕੁਝ ਕੁ ਯੋਗਾ ਅਭਿਆਸ ਧਿਆਨ ਲਗਾਉਣ ਤੋਂ ਪਹਿਲਾਂ ਜ਼ਰੂਰ ਕਰੋ ਕੁਝ ਨਿਸਲ ਹੋਣ ਦਾ ਅਭਿਆਸ ਵੀ ਜ਼ਰੂਰ ਕਰੋ। ਡੂੰਘੇ ਸੁਆਸ ਲੈਣੇ, ਸੁਆਸਾਂ ਨੂੰ ਇਕ ਸਾਰ ਕਰਨ ਵਿਚ ਬਹੁਤ ਸਹਾਈ ਹੁੰਦੀ ਹੈ, ਮਨ ਨੂੰ ਸ਼ਾਂਤ ਕਰਦੀ ਹੈ। ਧਿਆਨ ਵਿਚ ਕਿਸ ਤਰ੍ਹਾਂ ਕਿਸ ਤਰੀਕੇ ਨਾਲ ਬੈਠਣਾ ਹੈ, ਅਸੀਂ ਪਹਿਲੇ ਅਧਿਆਵਾਂ ਵਿਚ ਦੱਸ ਆਏ ਹਾਂ।

ਜਿਹੜਾ ਤੁਹਾਨੂੰ ਆਰਾਮਦੇਹ ਲੱਗੇ ਤੁਸੀਂ ਉਹ ਵਰਤ ਸਕਦੇ ਹੋ। ਤੁਸੀਂ ਲੱਕੜੀ ਦੀ ਕੁਰਸੀ ਤੇ ਵੀ ਬੈਠ ਸਕਦੇ ਹੋ ਤੁਹਾਡਾ ਸਿਰ ਗਰਦਨ ਤੇ ਪਿੱਠ ਸਿੱਧੀ ਹੋਣੀ ਚਾਹੀਦੀ ਹੈ, ਇਕੋ ਲਾਈਨ ਵਿਚ ਹੋਣੀ ਚਾਹੀਦੀ ਹੈ, ਲੱਤਾਂ ਪੂਰੀ ਤਰ੍ਹਾਂ ਨਾਲ ਪੱਕੀ ਤਰ੍ਹਾਂ ਨਾਲ ਧਰਤੀ ਤੇ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਹੱਥ ਪੱਟਾਂ ਉਤੇ ਰੱਖੇ ਹੋਣੇ ਚਾਹੀਦੇ ਹਨ। ਕਦੀ ਵੀ ਸ਼ਵ ਆਸਨ ਵਿਚ ਹੋ ਕੇ ਇਕਾਗਰ ਨਾ ਹੋਵੋ ਇਹ ਤੁਹਾਨੂੰ ਇਕ ਤਰ੍ਹਾਂ ਨਾਲ ਸਥਿਲਤਾ ਵਿਚ ਲਿਆ ਕੇ ਨੀਂਦ ਵਿਚ ਲੈ ਜਾਏਗੀ।

ਮਨ ਸ਼ਾਂਤ ਹੋਣਾ ਚਾਹੀਦਾ ਹੈ ਤੇ ਬਿਲਕੁਲ ਵਿਚਾਰ ਰਹਿਤ। ਮਨ ਵਿਚ ਕਿਸੇ ਪ੍ਰਕਾਰ ਦੀਆਂ ਸੰਸਾਰਕ ਚਿੰਤਾਵਾਂ ਜਾਂ ਹੋਰ ਕੋਈ ਸੰਵੇਗਕ ਸਮੱਸਿਆਵਾਂ ਨਹੀਂ ਹੋਣੀਆਂ ਚਾਹੀਦੀਆਂ। ਯੋਗ ਵਿਗਿਆਨ ਵਿਚ ਮਨ ਤੇ ਕਾਬੂ ਪਾਉਣ ਦੇ ਬਹੁਤ ਸਾਰੇ ਤਰੀਕੇ ਹਨ। ਸਭ ਤੋਂ ਪਹਿਲਾ ਹੈ ਕਿ ਹਰ ਇਕ ਚੀਜ਼ ਤੋਂ ਨਿਸ਼ਕਾਮ ਹੋ ਜਾਓ, ਆਪਣੀ ਰੁਚੀ ਬਦਲ ਲਓ। ਆਪਣੀਆਂ ਅੱਖਾਂ ਬੰਦ ਕਰ ਲਓ, ਗਿਆਨ ਇੰਦਰੀਆਂ ਬਾਹਰੋਂ ਸਮੇਟ ਲਓ ਤੇ ਆਪਣੇ ਆਪ ਨੂੰ ਕਹੋ, 'ਮੈਂ ਕੌਣ ਹਾਂ?' ਮੈਂ ਕੋਈ ਸਰੀਰ ਨਹੀਂ ਹਾਂ, ਮੈਂ ਗਿਆਨ ਇੰਦਰੀਆਂ ਨਹੀਂ ਹਾਂ, ਮੈਂ ਮਨ ਨਹੀਂ ਮੈਂ ਸੰਵੇਗ ਨਹੀਂ, ਮੈਂ ਮਨੋਵੇਗ ਨਹੀਂ। ਮੈਂ ਤਾਂ ਸਰਬ ਵਿਆਪਕ ਇਕ ਆਤਮਾ ਹਾਂ, ਇਕ ਰੂਹ ਹਾਂ ਮੈਨੂੰ ਇਹ ਸਾਰੇ ਮਨੋਵੇਗ

ਸੰਵੇਗ ਕਿਵੇਂ ਅਸ਼ਾਂਤ ਕਰ ਸਕਦੇ ਹਨ ਮੈਂ ਤਾਂ ਪੂਰੀ ਤਰ੍ਹਾਂ ਨਾਲ ਨਿਸ਼ਕਾਮ ਹਾਂ, ਨਿਸੁਆਰਥ ਹਾਂ, ਜਦੋਂ ਇਕ ਵਾਰੀ ਇਹ ਵਿਚਾਰ ਆ ਜਾਂਦੇ ਹਨ ਇਹ ਸਕਾਰਆਤਮਕ ਵਿਚਾਰ ਆ ਜਾਂਦੇ ਹਨ ਮਨ ਦੇ ਸਾਰੇ ਸੰਵੇਗ, ਸਾਰੇ ਮਨੋਵੇਗ ਹੌਲੀ-ਹੌਲੀ ਖਤਮ ਹੋ ਜਾਂਦੇ ਹਨ।

ਮਨ ਨੂੰ ਸ਼ਾਂਤ ਕਰਨ ਦਾ ਦੂਸਰਾ ਤਰੀਕਾ ਹੈ ਤੁਸੀਂ ਬਿਲਕੁਲ ਇਕ ਸਾਕਸ਼ੀ ਹੋ ਜਾਓ, ਇਕ ਦਰਸ਼ਕ ਹੋ ਜਾਓ, ਆਪਣੀਆਂ ਮਾਨਸਿਕ ਗਤੀਵਿਧੀਆਂ ਦੇ ਦਰਸ਼ਕ ਹੋ ਜਾਓ, ਚੁੱਪ ਚਾਪ ਆਪਣੇ ਅੰਦਰ ਦੇ ਉਤਾਰ ਚੜ੍ਹਾਅ ਨੂੰ ਦੇਖੋ। ਆਪਣੇ ਆਪ ਨੂੰ ਇਨ੍ਹਾਂ ਵਿਚਾਰਾਂ ਨਾਲ ਨਾ ਜੋੜੋ, ਉਨ੍ਹਾਂ ਨੂੰ ਕੇਵਲ ਦੇਖੋ ਨਿਕਲਦਿਆਂ ਦੇਖੋ, ਕੋਈ ਐਸੀ ਕੋਸ਼ਿਸ਼ ਨਾ ਕਰੋ ਜਾਂ ਆਪਣੀ ਯੋਗਤਾ ਨਾ ਵਰਤੋ ਕੀ ਠੀਕ ਹੈ, ਕੀ ਨਹੀਂ ਕੋਈ ਵਿਵੇਕਸ਼ੀਲ ਨਾ ਹੋਵੋ। ਕੋਈ ਇੱਛਾ ਨਹੀਂ ਵਰਤੋਂ, ਕਿਸੇ ਤਰ੍ਹਾਂ ਦਾ ਕੋਈ ਕੰਟਰੋਲ ਕਰਨ ਦੀ ਕੋਸ਼ਿਸ਼ ਨਹੀਂ ਕਰੋ ਹਾਂ ਪਰ ਇਕ ਗੱਲ ਕਰੋ, ਇਹ ਜ਼ਰੂਰ ਦੇਖੋ ਕਿ ਦਵੰਦ ਕਿੰਨਾ ਵੱਧ ਹੈ, ਕਿਥੋਂ ਤਕ ਹੈ, ਕਿੰਨੀ ਦੇਰ ਰਹਿੰਦਾ ਹੈ, ਤੁਸੀਂ ਕਿੰਨੀ ਦੇਰ ਉਸਨੂੰ ਧਿਆਨ ਦਿੰਦੇ ਹੋ। ਬਾਰ-ਬਾਰ ਇਹ ਕੋਸ਼ਿਸ਼ ਕਰਨ ਨਾਲ ਜ਼ਰੂਰ ਫਰਕ ਪਵੇਗਾ, ਪਹਿਲਾਂ ਪਹਿਲ ਹੋ ਸਕਦਾ ਹੈ ਤੁਸੀਂ ਦੁਖੀ ਹੋ ਜਾਓ, ਨਿਰਾਸ ਨਾ ਹੋਵੋ। ਸ਼ਾਂਤੀ ਰੱਖਣ ਨਾਲ, ਧੀਰਜ ਰੱਖਣ ਨਾਲ, ਅਣਥੱਕ ਪ੍ਰਯਤਨ ਰੱਖਣ ਨਾਲ ਹੀ ਸਫਲਤਾ ਪ੍ਰਾਪਤ ਹੋਵੇਗੀ। ਜੇਕਰ ਸਮਸਿਆਵਾਂ ਬਹੁਤ ਹੀ ਜਟਿਲ ਹਨ ਫੇਰ ਅਭਿਆਸ ਰੋਕ ਲੈਣਾ ਚਾਹੀਦਾ ਹੈ ਤੇ ਉਦੋਂ ਕਰਨਾ ਚਾਹੀਦਾ ਹੈ ਜਦੋਂ ਸਮਾਂ ਵਧੇਰੇ ਠੀਕ ਹੋਵੇ, ਧਿਆਨ ਲਗਾਉਣ ਲਈ ਕੋਈ ਕੋਸ਼ਿਸ਼, ਕੋਈ ਜਤਨ, ਕੋਈ ਜ਼ੋਰ ਨਹੀਂ ਪੈਣਾ ਚਾਹੀਦਾ, ਜ਼ੋਰ ਪਾਉਣ ਨਾਲ ਤਨਾਓ ਪੈਦਾ ਹੁੰਦਾ ਹੈ ਤਣਾਓ ਨਾਲ ਨਾੜੀਆਂ ਤੇ ਜ਼ੋਰ ਪੈਂਦਾ ਹੈ, ਉਸ ਨਾਲ ਬਹੁਤ ਖਤਰਨਾਕ ਬੇਚੈਨੀ ਹੁੰਦੀ ਹੈ।

ਕਈ ਕਿਸਮ ਦੇ ਧਿਆਨ ਹਨ, ਸਥੂਲ, ਸੂਖਮ, ਬਾਹਰੀ, ਅੰਤਰੀਵ, ਵਿਸ਼ਾਨਿਸ਼ਠ, ਅੰਤਰੀਵ, ਆਤਮਪਰਕ ਤੇ ਅਸੀਮ, ਇਹ ਸਭ ਵਸਤੂ ਤੇ ਹੀ ਨਿਰਭਰ ਕਰਦਾ ਹੈ, ਧਿਆਨ ਦਾ ਵਿਸ਼ਾ ਕੀ ਹੈ, ਕਿਸ ਤੇ ਲਗਾਇਆ ਜਾ ਰਿਹਾ ਹੈ, ਵਸਤੂ ਵਿਸ਼ੇ ਦੀ ਚੋਣ ਬਹੁਤ ਮਹੱਤਵਪੂਰਣ ਹੈ ਜੇ ਵਸਤੂ ਵਿਸ਼ੇ ਸੋਹਣਾ ਹੋਵੇ ਅਨੰਦਮਈ ਹੋਵੇ, ਧਿਆਨ ਸੌਖਾ ਹੋ ਜਾਂਦਾ ਹੈ।

ਪਹਿਲੇ ਪਹਿਲ ਜਗਿਆਸੂ ਨੂੰ ਬਾਹਰੀ ਕਿਸੇ ਮੂਰਤ ਜਾਂ ਕਿਸੇ ਫੋਟੋ ਕਿਸੇ ਨੂੰ ਰੱਖ ਕੇ ਧਿਆਨ ਲਗਾਉਣਾ ਚਾਹੀਦਾ ਹੈ ਭਾਵੇਂ ਕੋਈ ਮੋਮਬੱਤੀ ਹੋਏ ਜਾਂ ਜਿਵੇਂ ਉਪਰ ਕਿਹਾ ਹੈ ਈਸਾ ਜੀ ਦੀ ਤਸਵੀਰ, ਬੁੱਧ ਦੀ, ਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਵੀ ਜਾਂ ਆਪਣੇ ਗੁਰੂ ਦੀ। ਤੁਸੀਂ ਕੋਈ ਫੁੱਲ ਵੀ ਚੁਣ ਸਕਦੇ ਹੋ, ਕੋਈ ਪੀਲਾ, ਨੀਲਾ ਜਾਂ ਸ਼ੀਸ਼ਾ ਰੱਖ ਕੇ ਭਰਵੱਟਿਆਂ ਦੇ ਵਿਚ ਦੀ ਜਗ੍ਹਾ ਤੇ ਧਿਆਨ ਲਗਾ ਸਕਦੇ ਹੋ। ਤੁਹਾਡਾ ਦੇਖਣਾ ਸਥਿਰ ਹੋਣਾ ਚਾਹੀਦਾ ਹੈ, ਅੱਖਾਂ ਤੇ ਕੋਈ ਕਿਸੇ ਕਿਸਮ ਦਾ ਜ਼ੋਰ ਨਹੀਂ ਪੈਣਾ ਚਾਹੀਦਾ। ਇਕ ਸਮੇਂ ਤੁਸੀਂ ਇਕ ਜਾਂ ਦੋ ਮਿੰਟ ਲਈ ਧਿਆਨ ਲਗਾਓ ਫੇਰ ਵਿਚ ਆਰਾਮ ਕਰਕੇ ਫੇਰ ਇਕ ਦੋ ਮਿੰਟ ਇਸ ਤਰ੍ਹਾਂ ਤੁਸੀਂ ਦੋ ਤਿੰਨ ਵਾਰੀ ਕਰ ਸਕਦੇ ਹੋ।

ਨੱਕ ਤੇ ਧਿਆਨ ਇਕਾਗਰ ਕਰਨਾ, ਭਰਵੱਟਿਆਂ ਦੇ ਵਿਚ ਧਿਆਨ ਇਕਾਗਰ ਕਰਨਾ ਇਹ ਦੋਨੋਂ ਤਰੀਕੇ ਵੀ ਬਹੁਤ ਹੀ ਲਾਭਕਾਰੀ ਹਨ। ਨੱਕ ਕੇ ਧਿਆਨ ਇਕਾਗਰ ਕਰਨ ਨਾਲ ਨੱਕ ਦੀ ਟਿੱਪ ਤੇ ਇਕਾਗਰ ਕੀਤਾ ਜਾਂਦਾ ਹੈ। ਸਾਮ੍ਹਣੇ ਇਕਾਗਰ ਕਰਨ ਲਈ ਮੱਥੇ ਤੇ ਦੋਵੇਂ ਭਰਵੱਟਿਆਂ ਦੇ ਵਿਚ ਇਕਾਗਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਧਿਆਨ ਇਕਾਗਰ ਕਰਨ ਲਈ, ਅਭਿਆਸ ਕਰਨ ਲਈ ਨਾ ਤਾਂ ਜ਼ੋਰ ਪਾਉਣਾ ਚਾਹੀਦਾ ਹੈ, ਨਾ ਹੀ ਬਹੁਤ ਦੇਰ ਤਕ ਕਰਨਾ ਚਾਹੀਦਾ ਹੈ, ਹੌਲੀ-ਹੌਲੀ ਸਮਾਂ ਵਧਾਉਣਾ ਚਾਹੀਦਾ ਹੈ, ਅੱਧੇ ਮਿੰਟ ਤੋਂ ਇਕ ਮਿੰਟ ਇਸ ਤਰ੍ਹਾਂ ਹੌਲੀ ਹੌਲੀ ਅੱਧੇ ਘੰਟੇ ਤਕ ਜਾਓ। ਕਿਸ ਤਰੀਕੇ ਨਾਲ ਤੁਸੀਂ ਇਕਾਗਰ ਹੋਣਾ ਹੈ, ਇਹ ਤੁਹਾਡੇ ਸੁਭਾਅ ਤੇ ਨਿਰਭਰ ਹੈ, ਪਰ ਜਦੋਂ ਤੁਸੀਂ ਇਕ ਵਾਰੀ ਇਕ ਤਰੀਕਾ ਪਕੜ ਲੈਂਦੇ ਹੋ, ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਲਗਨ ਨਾਲ ਦ੍ਰਿੜ੍ਹਤਾ ਨਾਲ ਉਸ ਤਰੀਕੇ ਤੇ ਅਭਿਆਸ ਕਰਕੇ, ਘੱਟੋ ਘੱਟ ਤਿੰਨ ਮਹੀਨੇ ਤਕ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਤਿੰਨ ਮਹੀਨੇ ਬਾਅਦ ਹੀ ਤੁਸੀਂ ਕਿਸੇ ਨਤੀਜੇ ਤੇ ਪਹੁੰਚ ਸਕਦੇ ਹੋ।

ਹੁਣ ਤਕ ਇਕਾਗਰ ਹੋਣ ਦੀਆਂ ਜਿਹੜੀਆਂ ਵਿਧੀਆਂ ਦੱਸੀਆਂ ਗਈਆਂ ਹਨ ਉਨ੍ਹਾਂ ਵਿਚ ਅੱਖਾਂ ਖੁਲ੍ਹੀਆਂ ਰੱਖਣੀਆਂ ਹਨ ਤੇ ਬਾਹਰ ਧਿਆਨ ਲਗਾਉਣਾ ਹੈ ਇਸ ਤਰ੍ਹਾਂ ਕਰਨ ਨੂੰ ਤ੍ਰਾਟਕ ਕਿਹਾ ਜਾਂਦਾ ਹੈ। ਹੁਣ ਅਸੀਂ ਇਕਾਗਰ ਹੋਣ ਦੇ ਉਹ ਤਰੀਕੇ ਦੱਸਦੇ ਹਾਂ ਜਿਨ੍ਹਾਂ ਵਿਚ ਅੱਖਾਂ ਬੰਦ ਕੀਤੀਆਂ ਜਾਂਦੀਆਂ ਹਨ ਇਥੇ ਤਿੰਨ ਤਰੀਕੇ ਦੱਸੇ ਗਏ ਹਨ। ਕਿਸੇ ਸ਼ਬਦ ਤੇ ਧੁਨ ਤੇ ਇਕਾਗਰ ਹੋਣਾ ਆਪਣਾ ਧਿਆਨ ਲਗਾਉਣਾ। ਸ੍ਵਾਸਾਂ ਤੇ ਇਕਾਗਰ ਹੋ ਕੇ ਧਿਆਨ ਲਗਾਉਣਾ, ਤੀਸਰਾ ਮਨ ਵਿਚ ਮੂਰਤ ਬਣਾ ਕੇ ਉਸ ਤੇ ਇਕਾਗਰ ਕਰਨਾ।

1. ਸ਼ਬਦ ਤੇ ਜਾਂ ਧੁਨ ਤੇ ਧਿਆਨ ਲਗਾਉਣਾ

ਜਿਵੇਂਕਿ ਅਨੰਤ ਦੀ ਆਵਾਜ਼ ਹੈ ਜਾਂ ਅਮਰ ਆਵਾਜ਼ ਓਮ ਹੈ ਇਸ ਨਾਲ ਇਕ ਤਰ੍ਹਾਂ ਦੀ ਥਰਥਰਾਹਟ ਪੈਦਾ ਹੁੰਦੀ ਹੈ ਉਸ ਨਾਲ ਇਕ ਮਾਨਸਿਕ ਮੂਰਤ ਬਣਦੀ ਹੈ। ਜਦੋਂ ਮਨ ਵਿਚ ਇਕ ਸੂਖਮ ਚਿੱਤਰ ਜਾਂ ਇਕ ਸੂਖਮ ਆਕਾਰ ਬਣ ਜਾਂਦੀ ਹੈ ਫੇਰ ਮਨ ਟਿਕ ਜਾਂਦਾ ਹੈ, ਸਥਿਰ ਹੋ ਜਾਂਦਾ ਹੈ।

2. ਸੁਆਸਾਂ ਦੇ ਅੰਦਰ ਆਉਣ ਨਾਲ ਬਾਹਰ ਕੱਢਣ ਤੇ ਧਿਆਨ ਇਕਾਗਰ ਕਰਨਾ ਤੇ ਨਾਲ ਹੀ ਗੁਰ ਮੰਤਰ ਦਾ ਉਚਾਰਣ ਕਰਨਾ ਜਾਂ ਓਮ ਦਾ ਉਚਾਰਣ ਕਰਨਾ ਇਸ ਤਰ੍ਹਾਂ ਕਰਨ ਨਾਲ ਭਟਕਦਾ ਮਨ ਇਕਾਗਰ ਹੁੰਦਾ ਹੈ, ਖਿੰਡੇ ਵਿਚਾਰ ਸ਼ਾਂਤ ਹੁੰਦੇ ਹਨ।

3. ਮਨ ਦੇ ਆਕਾਰ ਤੇ ਇਕਾਗਰ ਹੋ ਕੇ ਧਿਆਨ ਲਗਾਉਣਾ ਇਸ ਤਰ੍ਹਾਂ ਕਰਨ ਨਾਲ ਵੀ ਮਨ ਸਥਿਰ ਹੁੰਦਾ ਹੈ। ਸ਼ੁਰੂ ਵਿਚ ਮਾਨਸਿਕ ਆਕਾਰ ਜਿਹੜਾ ਤੁਸੀਂ ਚੁਣੋਂ ਉਹ ਸਾਧਾਰਣ ਹੋਣਾ ਚਾਹੀਦਾ ਹੈ ਮਿਸਾਲ ਵਜੋਂ ਕੋਈ ਛੋਟਾ ਜਿਹਾ ਚਮਕਦਾ ਗੋਲ ਚੱਕਰ ਜਾਂ ਕੋਈ ਮੱਧਮ ਜਿਹੀ ਰੌਸ਼ਨੀ, ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਜਿੰਨਾ ਵੱਧ ਤੋਂ ਵੱਧ ਹੋ ਸਕੇ ਉਸ ਆਕਾਰ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ। ਕੋਈ ਸੂਖਮ ਜਾਂ ਕੋਈ ਗੁੰਝਲਦਾਰ ਆਕਾਰ ਨਾ ਰੱਖੋ, ਵਿਸ਼ੇਸ਼ ਤੌਰ ਤੇ ਸ਼ੁਰੂ-ਸ਼ੁਰੂ ਵਿਚ ਦੂਸਰੇ ਢੁਕਦੇ ਆਕਾਰ ਜਿਹੜੇ ਹੋ ਸਕਦੇ ਹਨ ਉਹ ਹਨ ਲਿਖਿਆ ਹੋਇਆ 'ਓਮ', ਈਸਾ ਜੀ ਦੀ ਤਸਵੀਰ, ਕ੍ਰਿਸ਼ਨ ਜੀ ਦੀ ਤਸਵੀਰ ਜਾਂ ਬੁੱਧ ਦੀ ਜਾਂ ਆਪਣੇ ਗੁਰੂ ਨਾਨਕ ਦੀ।

ਜਦੋਂ ਗੁਰੂ ਕੋਈ ਆਕਾਰ ਤੁਹਾਡੇ ਲਈ ਚੁਣ ਕੇ ਦਿੰਦਾ ਹੈ ਫੇਰ ਜਗਿਆਸੂ ਨੂੰ ਕੋਈ ਮਾਨਸਿਕ ਅਨੁਭਵ ਵੀ ਹੁੰਦੇ ਹਨ ਜਿਵੇਂ ਕਿ ਕੋਈ ਬ੍ਰਹਮ ਲੋਕ ਦੀ ਆਵਾਜ਼ ਕੋਈ ਅਨੋਖੀ ਖੁਸ਼ਬੂ ਜਾਂ ਭਵਿੱਖ ਦੇ ਕੋਈ ਦ੍ਰਿਸ਼ ਦਿਸਣੇ, ਇਹ ਸਭ ਕੁਝ ਉਦੋਂ ਹੁੰਦਾ ਹੈ ਜਦੋਂ ਤੁਸੀਂ ਇਨ੍ਹਾਂ ਵਿਧੀਆਂ ਦੀ ਵਰਤੋਂ ਕਰਦੇ ਹੋ। ਇਹ ਸਾਰੀਆਂ ਗੱਲਾਂ ਜਾਂ ਕਹਿ ਲਓ ਇਹ ਸਭ ਕੁਝ ਹੋਣਾ ਕਿਸੇ ਵੀ ਜਗਿਆਸੂ ਲਈ ਬਹੁਤ ਹੀ ਮਹੱਤਵਪੂਰਣ ਘਟਨਾਵਾਂ ਹਨ, ਆਤਮ ਮਾਰਗ ਤੇ ਚੱਲਣ ਲਈ ਇਹ ਜ਼ਰੂਰੀ ਘਟਨਾਵਾਂ ਹਨ। ਆਤਮ ਮਾਰਗ ਤੇ ਚੱਲਣ ਲਈ ਇਹ ਜ਼ਰੂਰੀ ਘਟਨਾਵਾਂ। ਇਹ ਸਭ ਜਗਿਆਸੂ ਲਈ ਅਗਾਂਹ ਵਧਣ ਲਈ ਪ੍ਰੇਰਨਾ ਦਿੰਦੇ ਹਨ, ਪਰ ਇਹ ਦੱਸਣਾ ਇਥੇ ਅਵੱਸ਼ਕ ਹੈ ਕਿ ਜਗਿਆਸੂ ਨੂੰ ਇਨ੍ਹਾਂ ਵਿਚ ਹੀ ਨਹੀਂ ਰੁਝ ਜਾਣਾ ਚਾਹੀਦਾ ਜਗਿਆਸੂ ਨੂੰ ਇਹ ਵੀ ਨਹੀਂ ਸਮਝਣਾ ਚਾਹੀਦਾ ਕਿ ਇਹ ਹੀ ਉਸ ਦਾ ਗੋਲ ਹੈ, ਇਹ ਸਾਰੀਆਂ ਹਾਲਤਾਂ ਇਕਾਗਰ ਹੋਣ ਧਿਆਨ ਲਗਾਉਣ ਦੇ ਨਾਲ ਆ ਜਾਂਦੀਆਂ ਹਨ। ਵਾਸਤਵ ਵਿਚ ਗੋਲ ਤਾਂ ਅੰਤਮ ਸੱਚ ਤੇ ਪਹੁੰਚਣਾ ਹੈ, ਆਤਮ ਸਿੱਧੀ ਹੈ।

ਇਕਾਗਰ ਹੋਣ ਦੇ ਹੋਰ ਵੀ ਕਈ ਉਨਤ ਤਰੀਕੇ ਹਨ, ਇਹੋ ਜਿਹੇ ਇਕ ਤਰੀਕੇ ਵਿਚ 'ਅਜਨ ਚੱਕਰ' ਜੋ ਕਿ ਦੋ ਭਰਵੱਟਿਆਂ ਦੇ ਵਿਚ ਹੈ ਉਸ ਉਤੇ ਧਿਆਨ ਲਗਾਇਆ ਜਾਂਦਾ ਹੈ। ਇਹ ਮਨ ਦੀ ਚੇਤਨ ਅਵਸਥਾ ਦੀ ਥਾਂ ਮੰਨੀ ਜਾਂਦੀ ਹੈ, ਇਹ ਬਹੁਤ ਮਹੱਤਵਪੂਰਣ ਥਾਂ ਹੈ ਤੇ ਬਹੁਤ ਹੀ ਸੁਚੇਤ ਅਨੁਭੂਤੀਸ਼ੀਲ ਥਾਂ ਮੰਨੀ ਜਾਂਦੀ ਹੈ, ਇਕਾਗਰ ਹੋ ਕੇ ਇਥੇ ਰੋਸ਼ਨੀ ਦੇਖੀ ਜਾ ਸਕਦੀ ਹੈ। ਇਸ ਥਾਂ ਤੇ ਇਕਾਗਰ ਹੋ ਕੇ ਮਨ ਨੂੰ ਅੰਤਰਮੁਖੀ ਕੀਤਾ ਜਾ ਸਕਦਾ ਹੈ, ਇਕਾਗਰ ਕੀਤਾ ਜਾ ਸਕਦਾ ਹੈ, ਇਕੋ ਹੀ ਚੀਜ਼ ਤੇ ਟਿਕਾਇਆ ਜਾ ਸਕਦਾ ਹੈ। ਬਹੁਤ ਸਾਰੀਆਂ ਸ਼ਕਤੀਆਂ ਜਿਵੇਂ ਕਿ ਅਗੰਮ ਨਿਗਮ ਦੀ ਸੋਝੀ, ਪਰਤਵੀਂ ਨਜ਼ਰ ਜਾਂ ਕਹਿ ਲਓ ਪ੍ਰਤੀਗਰਾਮੀ ਦ੍ਰਿਸ਼ਟੀ ਵੀ ਹੋ ਜਾਂਦੀ ਹੈ ਇਨ੍ਹਾਂ ਨੂੰ ਸੰਸਕ੍ਰਿਤ ਵਿਚ ਦਿਵਿਆ ਚਕਸ਼ੂ ਵੀ ਕਹਿੰਦੇ ਹਨ।

ਅਨਹਦ ਚੱਕਰ ਹਿਰਦੇ ਤੇ ਇਕਾਗਰ ਹੋਣਾ ਇਹ ਦੂਸਰਾ ਤਰੀਕਾ ਹੈ ਇਸ ਤੇ ਇਕਾਗਰ ਹੋ ਕੇ ਅਨੰਦ ਪ੍ਰਾਪਤੀ ਹੁੰਦੀ ਹੈ, ਖੁਸ਼ੀ ਮਿਲਦੀ ਹੈ ਕਿਉਂਕਿ ਅਨਾਹਦ ਚੱਕਰ ਵਿਚ ਸਾਰ ਸੰਵੇਗਾਂ ਦਾ ਵਾਸਾ ਹੈ, ਸਾਰੀਆਂ ਭਾਵਨਾਵਾਂ ਦਾ ਇਹ ਸਥਾਨ ਹੈ ਇਸ ਨੂੰ ਯੋਗੀਆਂ ਦਾ ਹਿਰਦੇ ਵੀ ਕਹਿੰਦੇ ਹਨ ਇਹ ਛਾਤੀ ਦੇ ਵਿਚ ਹੈ, ਇਹ ਕੋਈ ਮਾਸ ਦਾ ਹਿਰਦਾ ਨਹੀਂ ਇਹ ਯੋਗੀਆਂ ਲਈ ਹੈ, ਯੋਗੀ ਹੇਠਲੇ ਚੱਕਰਾਂ ਤੇ ਧਿਆਨ ਨਹੀਂ ਲਗਾਉਂਦੇ।

ਇਹ ਕਿਹਾ ਜਾਂਦਾ ਹੈ ਕਿ ਅਜਨ ਚੱਕਰ ਤੇ ਧਿਆਨ ਲਗਾਉਣ ਨਾਲ ਬਾਕੀ ਦੇ ਸਾਰੇ ਚੱਕਰ ਕਾਬੂ ਆ ਜਾਂਦੇ ਹਨ, ਪਰ ਜਿਹੜੇ ਲੋਕ ਵਧੇਰੇ ਸੰਵੇਗਕ ਹਨ, ਭਾਵਕ ਹਨ ਉਨ੍ਹਾਂ ਲਈ ਅਨਾਹਦ ਚੱਕਰ ਤੇ ਹੀ ਧਿਆਨ ਲਗਾਉਣ ਲਈ ਕਿਹਾ ਜਾਂਦਾ ਹੈ। ਜਿਹੜੇ ਬੋਧੀ ਜੀਵਨ ਹਨ ਉਨ੍ਹਾਂ ਨੂੰ 'ਅਜਨਾ ਚੱਕਰ' ਤੇ ਇਕਾਗਰ ਹੋਣ ਲਈ ਕਿਹਾ ਜਾਂਦਾ ਹੈ। ਕਿਸੇ ਵੀ ਚੱਕਰ ਤੇ ਧਿਆਨ ਲਗਾਉਣ ਨਾਲ ਮਨ ਸ਼ਾਂਤ ਹੁੰਦਾ ਹੈ, ਦੇਰ ਤਕ ਇਕਾਗਰ ਹੋ ਕੇ ਧਿਆਨ ਲਗਾਉਣ ਨਾਲ ਮੈਡੀਟੇਸ਼ਨ ਹੁੰਦੀ ਹੈ ਤੇ ਅੰਤ ਵਿਚ ਕੁੰਡਲਨੀ ਜਾਗਰਣ ਹੋ ਕੇ ਉਸ ਦਾ ਰਾਹ ਸੁਸ਼ਮਨਾ ਵਿਚੋਂ ਬਣਦਾ ਹੈ। ਇਸ ਤਰ੍ਹਾਂ ਹੋਣ ਨਾਲ ਬੇਅੰਤ ਅਨੁਭਵ ਹੁੰਦੇ ਹਨ ਤੇ ਜਗਿਆਸੂ ਅਨੰਦ ਵਿਚ ਆ ਜਾਂਦਾ ਹੈ ਅੰਤ ਵਿਚ ਆਤਮ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ। ਇਥੇ ਇਹ ਦੱਸ ਦੇਣਾ ਅਵੱਸ਼ਕ ਹੈ ਕਿ ਕੁੰਡਲਨੀ ਜਾਗਰਣ ਤਾਂ ਹੀ ਹੁੰਦਾ

ਹੈ ਜਦੋਂ ਤੁਸੀਂ ਕਿਸੇ ਸਮਰੱਥ ਗੁਰੂ ਦੇ ਸਮਰਪਣ ਹੁੰਦੇ ਹੋ।

ਇਕਾਗਰ ਹੋਣ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ ਜਿਹੜੇ ਉਪਨਿਸ਼ਦਾਂ ਵਿਚ ਦਿਤੇ ਗਏ ਹਨ ਯੋਗੀਆਂ ਦੀਆਂ ਪੁਸਤਕਾਂ ਵਿਚ ਦਿਤੇ ਗਏ ਪਰ ਉਨ੍ਹਾਂ ਦੀ ਵਿਆਖਿਆ ਨਹੀਂ ਕੀਤੀ ਗਈ ਇਹ ਤਰੀਕੇ ਕੇਵਲ ਇਕ ਸਮਰੱਥ ਗੁਰੂ ਹੀ ਇਕ ਦੀਕਸ਼ਤ ਜਗਿਆਸੂ ਨੂੰ ਦੱਸਦਾ ਹੈ ਇਨ੍ਹਾਂ ਤਰੀਕਿਆਂ ਵਿਚੋਂ ਕੁਝ ਹਨ - ਬਿੰਦੂ ਬੇਦਨਾ, ਮਧੂ ਵਿਦਿਆ ਤੇ ਸ਼ਕਤੀਚਲਾਨਾ। ਬਿੰਦੂ ਦਾ ਅਰਥ ਹੈ ਇਕ ਨਿਸ਼ਾਨ, ਬਿੰਦੂ ਬੇਦਨਾ ਤੋਂ ਭਾਵ ਹੈ ਕਿ ਦੋਨੋਂ ਭਰਵੱਟਿਆਂ ਦੇ ਵਿਚਕਾਰ ਭਾਵ ਅਜਨਾ ਚੱਕਰ ਤੇ ਇਕ ਬਿੰਦੂ ਦੇਖਿਆ ਜਾਂਦਾ ਹੈ ਜਿਵੇਂ ਕਿ ਇਗ ਮੋਤੀ ਹੋਵੇ ਇਹ ਉਦੋਂ ਤੱਕ ਦੇਖਿਆ ਜਾਂਦਾ ਹੈ ਜਦੋਂ ਤੱਕ ਦੇਖਣਾ ਬਿਲਕੁਲ ਸਾਫ ਹੋ ਜਾਵੇ। ਉਸ ਪਿਛੋਂ ਉਹ ਮੋਤੀ ਵਰਗਾ ਨਿਸ਼ਾਨ ਸਹੰਸਰ ਚੱਕਰ ਤੇ ਚਲਾ ਜਾਂਦਾ ਹੈ। ਇਸ ਅਭਿਆਸ ਵਿਚ ਬਿੰਦੂ ਮਨ ਦਾ ਪ੍ਰਤੀਕ ਦੇਖਿਆ ਜਾਂਦਾ ਹੈ ਤੇ ਮਨ ਦੀ ਸਮਰਿਧੀ ਹੁੰਦੀ ਹੈ ਜਿਸ ਨਾਲ ਜਗਿਆਸੂ ਉਪਚੇਤਨਤਾ ਦੀ ਅਵਸਥਾ ਤੇ ਪਹੁੰਚਦਾ ਹੈ।

ਦੂਸਰਾ ਬਹੁਤ ਉਨਤ ਤਰੀਕਾ ਜਿਹੜਾ ਦੱਸਿਆ ਗਿਆ ਹੈ ਉਹ ਹੈ ਨੱਕ ਦੀ ਸੱਜੀ ਨਾਸਿਕਾ ਜਿਹੜੀ ਵਿਚਾਰਾਂ ਨਾਲ ਜੋੜੀ ਜਾਂਦੀ ਹੈ ਤੇ ਜਿਸਨੂੰ ਸੂਰਜ ਸ਼ਕਤੀ ਮੰਨਿਆ ਜਾਂਦਾ ਹੈ ਉਸ ਤੇ ਇਕਾਗਰ ਕਰਨ ਲਈ ਕਿਹਾ ਜਾਂਦਾ ਹੈ। ਖੱਬੀ ਨਾਸਕਾ ਨੂੰ ਚੰਦਰਮਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਤੇ ਭਾਵਨਾ ਨਾਲ ਜੋੜਿਆ ਜਾਂਦਾ ਹੈ ਗਿਆਨ ਉਤਪੰਨ ਕਰਨ ਲਈ ਵਿਚਾਰ ਤੇ ਭਾਵਨਾ ਦਾ ਮੇਲ ਹੋਣਾ ਅਵੱਸ਼ਕ ਹੈ, ਇਸੇ ਮੇਲ ਨੂੰ ਸੁਸ਼ਮਨਾ ਕਿਹਾ ਜਾਂਦਾ ਹੈ ਜਾਂ ਕਹਿ ਲਓ ਅਨੰਦਿਤ ਹੋਣਾ।

ਯੋਗਿਕ ਤਰੀਕਿਆਂ ਨਾਲ ਇਕਾਗਰ ਹੋਣਾ ਯੋਗਾ ਦੇ ਤਰੀਕੇ ਬਿਲਕੁਲ ਵਿਗਿਆਨਕ ਤਰੀਕੇ ਹਨ ਇਨ੍ਹਾਂ ਨੂੰ ਸਿੱਖ ਕੇ ਇਨ੍ਹਾਂ ਦੀ ਵਰਤੋਂ ਕਰਕੇ ਇਕਾਗਰ ਹੋਣ ਨਾਲ ਤੁਸੀਂ ਪੂਰਾ-ਪੂਰਾ ਧਿਆਨ ਲਗਾ ਸਕਦੇ ਹੋ ਤੇ ਜਦੋਂ ਚਾਹੋ ਇਸ ਧਿਆਨ ਨੂੰ ਸੰਕੋਚ ਵੀ ਸਕਦੇ ਹੋ ਤੇ ਚੇਤਨਤਾ ਦੇ ਕਾਬੂ ਕਰ ਸਕਦੇ ਹੋ। ਇਕਾਗਰ ਹੋਣ ਦੀ ਦੂਸਰੀ ਪੌੜੀ ਵਿਚ ਮਨ ਦੀਆਂ ਸਵੈਇੱਛਤ ਕਾਬੂ ਤੇ ਭਾਵ ਤੁਸੀਂ ਆਪਣੀ ਮਰਜ਼ੀ ਨਾਲ ਕਾਬੂ ਪਾ ਸਕਦੇ ਹੋ ਤੇ ਨਾਲ ਹੀ ਅਣਇੱਛਤ ਤੇ ਕਾਬੂ ਪਾ ਸਕਦੇ ਹੋ। ਭਾਵ ਜੋ ਤੁਹਾਡੇ ਕਾਬੂ ਵਿਚ ਨਹੀਂ ਹੈ ਉਸ ਤੇ ਵੀ ਕਾਬੂ ਪਾ ਸਕਦੇ ਹੋ ਇਸ ਤਰ੍ਹਾਂ ਨਾਲ ਦੋਨੋਂ ਕਿਸਮ ਦੇ ਮਨ ਸਵੈਇੱਛਤ ਅਣਇੱਛਤ ਤੇ ਕਾਬੂ ਪਾ ਸਕਦੇ ਹੋ। ਇਸ ਤਰ੍ਹਾਂ ਦੀ ਇਕਾਗਰਤਾ ਬਿਲਕੁਲ ਵੱਖਰੀ ਤਰ੍ਹਾਂ ਦੀ ਹੁੰਦੀ ਹੈ, ਅਲੱਗ ਹੁੰਦੀ ਹੈ ਇਹ ਇਕਾਗਰਤਾ ਉਹ ਨਹੀਂ ਜਿਹੜੀ ਸਾਡੇ ਮਾਤਾ ਪਿਤਾ ਨੂੰ ਸਾਨੂੰ ਸਿਖਾਈ ਹੈ। ਸਕੂਲਾਂ ਵਿਚ ਜਿਹੜਾ ਤਰੀਕਾ ਸਿਖਾਇਆ ਜਾਂਦਾ ਹੈ ਉਹ ਬਿਲਕੁਲ ਇਕ ਪਾਸਾ ਹੈ ਉਹ ਤਾਂ ਕੇਵਲ ਚੇਤਨ ਮਨ ਨੂੰ ਹੀ ਕਾਬੂ ਕਰਨ ਬਾਰੇ ਦੱਸਦੇ ਹਨ। ਬੱਚੇ ਨੂੰ ਸਿਖਾਇਆ ਜਾਂਦਾ ਹੈ ਮਨ ਨੂੰ ਕਿਵੇਂ ਪਰ੍ਹੇ ਕੀਤਾ ਜਾ ਸਕਦਾ ਹੈ ਪਰ ਕੋਈ ਵੀ ਇਹ ਨਹੀਂ ਸਿਖਾਉਂਦਾ ਕਿਵੇਂ ਮਨ ਨੂੰ ਰੋਕਿਆ ਜਾਵੇ। ਸੋਚਣ ਦਾ ਸਾਰਾ ਤਰੀਕਾ ਜਦੋਂ ਤਕ ਇਕ ਤਰਫਾ ਨਹੀਂ ਕੀਤਾ ਜਾਂਦਾ ਇਹ ਨਹੀਂ ਸਿਖਿਆ ਜਾਂ ਸਿਖਾਇਆ ਜਾਂਦਾ ਕਿ ਕਿਵੇਂ ਸੋਚਣਾ ਹੈ ਸੋਚਣ ਦੀ ਇਕ ਦਿਸ਼ਾ ਹੋਣੀ ਚਾਹੀਦੀ ਹੈ, ਜੇ ਉਹ ਨਾ ਹੋਵੇ ਤਾਂ ਤੁਹਾਡੀ ਸਾਰੀ ਸ਼ਕਤੀ ਖੇਰੂੰ ਖੇਰੂੰ ਹੋ ਜਾਂਦੀ ਹੈ ਮਨ ਖੇਰੂੰ-ਖੇਰੂੰ ਹੋ ਜਾਂਦਾ ਹੈ, ਸੋਚਣ ਵਾਲੇ ਨੂੰ ਇਹ ਨਹੀਂ ਸਮਝ ਆਉਂਦੀ ਕਿ ਉਹ ਵਾਪਸ ਕਿਵੇਂ ਆਏ, ਕਿਵੇਂ ਉਥੇ ਆਏ, ਜਿਥੋਂ ਉਸ ਨੇ ਸ਼ੁਰੂ ਕੀਤਾ ਸੀ, ਇਹੋ ਜਿਹੀ ਇਕ ਪਾਸੀ ਸਿਖਿਆ ਬੜੀ ਹਾਨੀਕਾਰਕ ਹੋ ਸਕਦੀ ਹੈ।

ਇਸ ਕਰਕੇ ਇਕਾਗਰਤਾ ਜਗਿਆਸੂ ਦੀ ਸਭ ਤੋਂ ਪਹਿਲਾਂ ਤੇ ਮਹੱਤਵਪੂਰਕ ਡੀਊਟੀ ਹੈ। ਆਦਿ ਸ਼ੰਕਰਾਚਾਰੀਆ ਜੋ ਕਿ ਅਦ੍ਵੈਤ ਫਿਲੋਸਫੀ ਦੇ ਮੁਖੀ ਸਨ ਉਨ੍ਹਾਂ ਅਨੁਸਾਰ ਜਗਿਆਸੂ ਦੀਆਂ ਦੋ ਪ੍ਰਮੁੱਖ ਡੀਊਟੀਆਂ ਹਨ ਪਹਿਲੀ ਇੰਦਰੀਆਂ ਤੇ ਕਾਬੂ ਪਾਉਣਾ ਤੇ ਇਕਾਗਰ ਹੋਣਾ। ਜਦੋਂ ਤਕ ਜਗਿਆਸੂ ਦੇ ਵਿਚਾਰ ਪੂਰੀ ਤਰ੍ਹਾਂ ਨਾਲ ਕਾਬੂ ਨਹੀਂ ਹੋਣਗੇ, ਉਦੋਂ ਤਕ ਉਸਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ, ਯਤਨਸ਼ੀਲ ਰਹਿਣਾ ਚਾਹੀਦਾ ਹੈ, ਵਾਸਤਵ ਵਿਚ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਸਤਿ ਤੇ ਆਪਣੇ ਮਨ ਨੂੰ ਇਕਾਗਰ ਕਰੇ ਇਕ ਸਤਿ ਹੀ ਕੇਵਲ ਅਟੱਲ ਹੈ।

ਇਕਾਗਰਤਾ ਇੰਦਰੀਆਂ ਦੇ ਕਾਬੂ ਤੋਂ ਬਿਲਕੁਲ ਵਿਪਰੀਤ ਹੈ, ਇੱਛਾਵਾਂ ਦੇ ਵਿਪਰੀਤ ਹੈ। ਜਦੋਂ ਮਨ ਬਿਲਕੁਲ ਸੁਤੰਤਰ ਹੋ ਜਾਂਦਾ ਹੈ, ਇੱਛਾ ਰਹਿਤ ਹੋ ਜਾਂਦਾ ਹੈ, ਇੰਦਰੀਆਂ ਤੋਂ ਉਪਰ ਉਠ ਜਾਂਦਾ ਹੈ, ਭੋਗਾਂ ਤੋਂ ਉਪਰ ਉਠ ਜਾਂਦਾ ਹੈ ਉਸ ਸਮੇਂ ਧਿਆਨ ਦੀ ਅਵਸਥਾ ਆ ਜਾਂਦੀ ਹੈ। ਮੈਡੀਟੇਸ਼ਨ ਦੀ ਸਥਿਤੀ ਆ ਜਾਂਦੀ ਹੈ, ਇਸ ਅਵਸਥਾ ਨੂੰ ਨਿਧਿਆਸਨ ਕਹਿੰਦੇ ਹਨ, ਵੇਦਾਤਾਂ ਨੇ ਇਸ ਨੂੰ ਨਿਧਿਆਸਨ ਦਾ ਨਾਮ ਦਿਤਾ ਹੈ। ਇਕਾਗਰਤਾ ਵਾਸਤਵ ਵਿਚ ਇਕ ਵਿਸ਼ੇਸ਼ ਸਾਧਨ ਹੈ ਜਿਸ ਨਾਲ ਮੈਡੀਟੇਸ਼ਨ ਦੇ ਕਪਾਟ ਖੁਲ੍ਹ ਜਾਂਦੇ ਹਨ, ਦੇਰ ਤਕ ਇਕਾਗਰ ਹੋਣਾ ਹੀ ਮੈਡੀਟੇਸ਼ਨ ਹੈ। ਦੇਖਿਆ ਜਾਵੇ ਤਾਂ ਇਕਾਗਰਤਾ

ਤੇ ਮੈਡੀਟੇਸ਼ਨ ਨੂੰ ਵੱਖ ਕਰਨਾ ਜਾਂ ਕਹਿ ਲਵੋ ਲਾਇਨ ਵਾਹ ਕੇ ਕਹਿਣਾ ਇਹ ਇਕਾਗਰਤਾ ਹੈ ਤੇ ਇਹ ਹੁਣ ਇਥੋਂ ਮੈਡੀਟੇਸ਼ਨ ਸ਼ੁਰੂ ਹੁੰਦੀ ਹੈ, ਇਹ ਬਹੁਤ ਔਖਾ ਹੈ।

ਇਕਾਗਰਤਾ ਤੋਂ ਬਿਨਾਂ ਮਨ ਦੀ ਸ਼ਕਤੀ ਖੇਰੂੰ-ਖੇਰੂੰ ਹੋਈ ਰਹਿੰਦੀ ਹੈ, ਇਧਰ ਉਧਰ ਦੇ ਵਿਚਾਰਾਂ ਵਿਚ ਖਿੰਡੀ ਰਹਿੰਦੀ ਹੈ, ਚਿੰਤਾਵਾਂ ਵਿਚ ਜਾਂ ਫੇਰ ਅਨੋਖੀ ਕਲਪਨਾ ਵਿਚ ਲੱਗੀ ਰਹਿੰਦੀ ਹੈ। ਇਕ ਅਨੁਸ਼ਾਸਕ ਮਨੁੱਖ ਇਕਾਗਰ ਹੋ ਕੇ ਆਪਣੇ ਆਪ ਨੂੰ ਵਧੇਰੇ ਚੰਗੀ ਤਰ੍ਹਾਂ ਦਰਸਾ ਸਕਦਾ ਹੈ। ਇਕ ਸਾਧਾਰਣ ਬੁੱਧੀ ਵਾਲਾ ਮਨੁੱਖ ਜੇ ਉਸ ਦੀ ਇਕਾਗਰ ਸ਼ਕਤੀ ਪੂਰੀ ਵਿਕਸਿਤ ਹੋਵੇ ਉਹ ਵਧੇਰੇ ਸਿਰਜਨਾਤਮਕ ਹੁੰਦਾ ਹੈ, ਬਜਾਏ ਜਾਂ ਉਸ ਦੇ ਮੁਕਾਬਲੇ ਜਿਹੜਾ ਵਧੇਰੇ ਬੁੱਧੀਮਾਨ ਹੋਵੇ ਪਰ ਉਸ ਦੀ ਇਕਾਗਰਤਾ ਹੋਵੇ ਹੀ ਨਾ। ਇਕਾਗਰ ਹੋ ਕੇ ਤੁਸੀਂ ਬ੍ਰਹਿਮੰਡ ਨਾਲ ਜੁੜਦੇ ਹੋ ਇਸ ਤਰ੍ਹਾਂ ਕਰਨ ਨਾਲ ਤੁਸੀਂ ਕਈ ਚੀਜ਼ਾਂ ਇਕੋ ਸਮੇਂ ਕਰ ਸਕਦੇ ਹੋ। ਇਕਾਗਰਤਾ ਕੋਈ ਕੰਮ ਕਰਨ ਦਾ ਕਰਮ ਕਰਨ ਦਾ ਪ੍ਰਤੀਸਥਾਪਕ ਨਹੀਂ ਹੈ ਭਾਵ ਜੇ ਤੁਸੀਂ ਇਕਾਗਰ ਹੋ ਤਾਂ ਤੁਹਾਨੂੰ ਕਰਮ ਕਰਨ ਦੀ ਲੋੜ ਨਹੀਂ ਇਸ ਤਰ੍ਹਾਂ ਨਹੀਂ ਹੈ ਪਰ ਇਕ ਗੱਲ ਅਵਸ਼ਕ ਹੈ ਕਿ ਜੇ ਤੁਸੀਂ ਇਕਾਗਰ ਹੁੰਦੇ ਹੋ ਤੁਹਾਨੂੰ ਅਨੋਖੇ ਅਨੁਭਵ ਹੁੰਦੇ ਹਨ ਤੁਹਾਨੂੰ ਲੁਕਿਆ ਹੋਇਆ ਸਤਿ ਪਤਾ ਲਗਦਾ ਹੈ, ਤੁਹਾਡੇ ਮਨ ਦੀਆਂ ਪਰਤਾਂ, ਤਹਿਾਂ ਖੁਲ੍ਹਦੀਆਂ ਜਾਂਦੀਆਂ ਹਨ ਤੇ ਤੁਸੀਂ ਆਤਮਾ ਤਕ ਪਹੁੰਚ ਜਾਂਦੇ ਹੋ।

ਪੰਤਾਜਲ ਨੇ ਇਕਾਗਰ ਹੋਣ ਦੇ ਵਿਗਿਆਨ ਨੂੰ ਬਹੁਤ ਵਿਸਤਾਰ ਨਾਲ ਵਿਆਖਿਆਨ ਕੀਤਾ ਹੈ, ਪੰਤਾਜਲ ਨੇ ਇਹ ਜਾਣ ਲਿਆ ਸੀ ਕਿ ਇਕਾਗਰ ਹੋਣ ਲਈ ਮਨ ਨੂੰ ਸ਼ਾਂਤ ਕਰਨਾ ਅਤਿ ਅਵਸ਼ਕ ਹੈ, ਮਨ ਨੂੰ ਸ਼ਾਂਤ ਕੀਤੇ ਬਿਨਾਂ ਇਕਾਗਰ ਨਹੀਂ ਹੋਇਆ ਜਾ ਸਕਦਾ। ਅੱਜ ਦੇ ਵਿਗਿਆਨਕ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਨਾਲ ਸਹਿਮਤ ਹਨ, ਉਹ ਇਸ ਗੱਲ ਦਾ ਪੂਰਾ ਸਮਰਥਨ ਕਰਦੇ ਹਨ ਕਿ ਇਕਾਗਰ ਹੋ ਕੇ ਖੇਰੂੰ ਹੋਏ ਸੰਵੇਗ ਤੇ ਖੇਰੂੰ ਹੋਈਆਂ ਸ਼ਕਤੀਆਂ ਦਾ ਸਮਾਧਾਨ ਹੋ ਸਕਦਾ ਹੈ ਤੇ ਦਵੰਦ ਹਟਾਇਆ ਜਾ ਸਕਦਾ ਹੈ। ਸਥਿਰ ਹੋ ਕੇ ਅਭਿਆਸ ਕਰਨ ਨਾਲ ਨਾੜੀ ਤੰਤਰ, ਮਨ ਪੂਰੀ ਤਰ੍ਹਾਂ ਨਾਲ ਨਿਸਲ ਹੋ ਜਾਂਦੇ ਹਨ, ਮਨ ਸਥਿਰ ਹੋ ਜਾਂਦਾ ਹੈ, ਇਕਾਗਰ ਹੋ ਜਾਂਦਾ ਹੈ, ਇਛਾਵਾਂ ਤੋਂ ਰਹਿਤ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਜਗਿਆਸੂ ਇਕਾਗਰ ਹੋ ਕੇ ਉਪਚੇਤਨਤਾ ਦੀ ਅਵਸਥਾ ਤੇ ਪਹੁੰਚ ਜਾਂਦਾ ਹੈ ਜਿਥੇ ਕੇਵਲ ਅਨੰਦ ਤੋਂ ਬਿਨਾਂ ਹੋਰ ਕੁਛ ਹੈ ਹੀ ਨਹੀਂ।


□□□□□□□

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਆਤਮ ਮਾਰਗ**

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..................................................

ਪਤਾ/Address ..................................................

..................................................

..................................................

..................................Pin Code....................................

Phone........................ Email :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 4, 11,18 ਅਤੇ 25 ਫਰਵਰੀ 2007

**ਪੂਰਨਮਾਸ਼ੀ** - 2 ਫਰਵਰੀ, ਦਿਨ ਬੁੱਧਵਾਰ।

**ਸੰਗਰਾਂਦ** - 12 ਫਰਵਰੀ, ਦਿਨ ਐਤਵਾਰ।

(ਸਮਾਂ ਦੁਪਹਿਰ 1.00 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 1.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 24 ਫਰਵਰੀ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਉਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |